ਰਾਜੀਵ ਗਾਂਧੀ ਦੇ ਨਾਂ ਖੁਲ੍ਹੀ ਚਿੱਠੀ

ਦੂਜਾ ਜ਼ਫ਼ਰਨਾਮਾ

(ਮਨਸੂਰ ਦਾ ਕਸੂਰ)

ਅਮਰੀਕ ਸਿੰਘ ਦੋਦਲ

ਕੀਮਤ : 7 ਰੁਪਏ (ਪੇਪਰ ਬੈਕ)
15 ਰੁਪਏ (ਸਜਿਲਦ)

ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਸਰਹਿੰਦ
ਮੁੱਖ ਵਿਕਰੇਤਾ : ਅਸ਼ੋਕ ਬੁਕ ਸ਼ਾਪ, ਸਰਹਿੰਦ ।
ਕੰਪੋਜ਼ਿੰਗ : ਲਿਟਲ ਕੰਪੋਜ਼ਿੰਗ ਹਾਊਸ, ਜਲੰਧਰ
ਪ੍ਰਿੰਟਰਜ਼ : ਬੀ.ਡੀ. ਪ੍ਰਿੰਟਰਜ਼, ਜਲੰਧਰ

Dooja Zafarnama (Sarbat Da Bhala)
By
Jaswant Singh Kanwal.

ਜ਼ਫ਼ਰਨਾਮਾ

ਜ਼ਫ਼ਰ ਅਰਬੀ ਲਫ਼ਜ਼ ਹੈ, ਜਿਸ ਦੇ ਮਾਅਨੇ ਜਿੱਤ ਦੇ ਹਨ। ਇਹ ਜਿੱਤਨਾਮਾ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਨੂੰ ਦੀਨੇ ਸਾਹਿਬ ਤੋਂ ਲਿਖਿਆ ਸੀ। 'ਸਰਬਤ ਦੇ ਭਲੇ' ਦਾ ਵਿਸ਼ਾ ਵੀ ਓਹੀ ਹੈ। ਸਮਝੋ ਜ਼ਾਲਮ ਦਿੱਲੀ ਨੂੰ ਇਹ ਦੂਜਾ ਜ਼ਫਰਨਾਮਾ ਹੈ।

ਦਿੱਲੀ ਤੇ ਹਿੰਦੋਸਤਾਨ ਦੇ ਹੋਰ ਸ਼ਹਿਰਾਂ ਵਿਚ ਸਿਖਾਂ ਦੀ ਕਤਲਾਮ ਦੀ ਮੇਰੇ ਦਿਲ ਤੜਪ ਸੀ ਤੇ ਮੈਂ ਰਾਜੀਵ ਗਾਂਧੀ ਨੂੰ ਖੁਲ੍ਹੀ ਚਿੱਠੀ ਲਿਖਣੀ ਚਾਹੁੰਦਾ ਸੀ। ਇਸ ਲਈ ਗੁਰੂ ਗੋਬਿੰਦ ਸਿੰਘ ਦਾ ਜ਼ਫ਼ਰਨਾਮਾ ਮੈਨੂੰ ਦੋਬਾਰਾ ਧਿਆਨ ਨਾਲ ਪੜ੍ਹਨਾ ਪਿਆ। ਗੁਰੂ ਗੋਬਿੰਦ ਸਿੰਘ ਨੇ ਬਾਰਾਂ ਹਦਾਇਤਾਂ ਦੇ ਕੇ ਔਰੰਗਜ਼ੇਬ ਨੂੰ ਅਹਿਸਾਸ ਕਰਵਾਉਣ ਦੀ ਕੋਸ਼ਸ਼ ਕੀਤੀ ਸੀ: "ਤੇਰਾ ਰਾਜ ਜ਼ੁਲਮ ਦਾ ਰਾਜ ਹੈ। ਤੂੰ ਸੰਤਾਂ, ਫਕੀਰਾਂ ਤੇ ਗੁਰੂਆਂ ਨੂੰ ਕਤਲ ਕਰਵਾਇਆ ਹੈ। ਮਾਸੂਮ ਬੱਚਿਆਂ ਤੱਕ ਨੂੰ ਮਰਵਾ ਛੱਡਿਆ। ਤੇਰਾ ਧਰਮ ਦਾ ਲਿਬਾਸ ਪਖੰਡ ਹੈ। ਤੂੰ ਰਾਜ ਦੀ ਖਾਤਰ ਭਰਾਵਾਂ ਨੂੰ ਕਤਲ ਕੀਤਾ ਤੇ ਬਾਪ ਤੱਕ ਨੂੰ ਕੈਦ ਰੱਖਿਆ।"

ਤਿੰਨ ਸੌ ਸਾਲ ਗੁਜ਼ਰ ਜਾਣ ਪਿਛੋਂ ਵੀ ਰਾਜ ਕਰਨ ਤੇ ਕਾਇਮ ਰਖਣ ਦੀਆ ਮੂਲ-ਤੱਤ ਵਿਧੀਆ ਅਜ ਵੀ ਉਹੀ ਹਨ। ਪਰ ਲੋਕਾਂ ਨੂੰ ਰਾਜ਼ੀ ਰਖਣ ਲਈ ਚਾਲਾਂ ਜ਼ਰੂਰ ਬਦਲ ਗਈਆਂ ਹਨ। ਮਸਲਨ ਲੋਕਰਾਜ ਵੀ ਇਕ ਚਾਲ ਹੈ। ਇਸ ਤਰਾਂ ਕਰਨੀ ਸਰਕਾਰ ਨੇ ਆਪਣੀ ਮਰਜ਼ੀ ਹੁੰਦੀ ਹੈ; ਪਰ ਹੁੰਗਾਰਾ ਤੇ ਰਜ਼ਾਮੰਦੀ ਲੋਕਾਂ ਦੀ ਵੀ ਸਮਝੀ ਜਾਂਦੀ ਹੈ। ਸਰਕਾਰਾਂ ਦੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨ ਲਈ, ਪ੍ਰੈਸ ਅਗੇ ਆ ਗਿਆ ਹੈ। ਇੰਦਰਾ ਗਾਂਧੀ ਨੇ ਆਪੇ ਨੂੰ ਤਾਕਤ ਵਿਚ ਰਖਣ ਲਈ ਫਿਰਕੂ ਭਾਵਨਾਵਾਂ ਨੂੰ ਸਭ ਤੋਂ ਵਧ ਹਵਾ ਦਿੱਤੀ। ਉਹਦੇ ਅਹਿਦ ਵਿਚ ਵਧ ਤੋਂ ਵਧ ਫਿਰਕੇਦਾਰਾਨਾ ਫਸਾਦ ਹੋਏ। ਫਿਰਕੂ ਜ਼ਿਹਰ ਦੇ ਨਤੀਜੇ ਕੌਮ ਨੇ ਭੁਗਤੇ ਤੇ ਭੁਗਤ ਰਹੀ ਹੈ। ਉਹਦੇ ਬੀਜੇ ਕੰਡੇ ਪਤਾ ਨਹੀਂ ਕਦੋਂ

ਚੁਗੇ ਜਾਣ। ਉਸ ਅਕਾਲ ਤਖਤ ਢਾਹਿਆ ਤੇ ਬੇਗੁਨਾਹ ਯਾਤਰੂਆਂ ਦੀ ਕਤਲਾਮ ਕਰਵਾਈ। ਬਤਾਲੀ ਗੁਰਧਾਮਾਂ ਤੇ ਫੌਜ ਚਾੜ੍ਹੀ। ਇਹ ਸਿੱਖ ਧਰਮ ਤੇ ਸਿੱਧਾ ਹਮਲਾ ਸੀ ਤੇ ਫਿਰਕੂ ਭਾਵਨਾਵਾਂ ਦੇ ਭੂਤ ਦਾ ਨੰਗਾ ਨਾਚ ਵੀ। ਪੰਜਾਬ ਨਾਲ ਵਿਤਕਰਿਆਂ ਦੀ ਦਾਸਤਾਨ ਲੰਮੀ ਹੈ। ਪਰ ਇੰਦਰਾ ਗਾਂਧੀ ਦੇ ਸਮੇਂ ਇਹ ਲਹੂ ਵਗਦੀ ਵੀ ਹੋ ਗਈ। ਫਿਰ ਆਪਣੀਆਂ ਗਲਤੀਆਂ, ਝੂਠਾਂ ਤੇ ਪਾਪਾਂ ਨੂੰ ਲੁਕਾਣ ਲਈ ਵਾਈਟ ਪੇਪਰ ਛਾਪਿਆ। ਜਿਸ ਵਿਚ ਆਪੇ ਨੂੰ ਦੁੱਧ-ਧੋਤੀ ਅਤੇ ਅਕਾਲੀਆਂ ਨੂੰ ਹਰ ਥਾਂ ਗਲਤ ਤੇ ਝੂਠੇ ਆਖਿਆ। ਮੈਂ ਸ਼੍ਰੋ. ਗੁ. ਪ੍ਰ. ਕਮੇਟੀ ਦੇ ਦਫਤਰ ਦੋ ਵਾਰ ਜਾ, ਜ਼ੋਰ ਦੇ ਕੇ ਆਖਿਆ : ਤੁਸੀਂ ਮਾਰੇ ਕੁੱਟੇ ਗਏ ਹੋ, ਮਾਸੂਮਾਂ ਤੱਕ ਦੀ ਕਤਲਾਮ ਹੋਈ ਹੈ ; ਤੁਸੀਂ ਆਪਣਾ ਪੱਖ ਲੋਕਾਂ ਵਿਚ ਰੱਖੋ। ਪਤਾ ਨਹੀਂ ਉਹਨਾਂ ਨੂੰ ਔੜੀ ਨਹੀਂ ਜਾਂ ਡਰਦਿਆਂ ਜੇਰਾ ਨਹੀਂ ਕੀਤਾ। ਇੰਦਰਾ ਦਾ ਵਾਈਟ ਪੇਪਰ ਹਿੰਦੋਸਤਾਨ ਵਿਚ ਹੀ ਨਹੀਂ, ਬਾਹਰਲੀ ਦੁਨੀਆਂ ਵਿਚ ਵੀ ਵੰਡਿਆ ਗਿਆ। ਇੰਦਰਾ ਗਾਂਧੀ ਦੇ ਸੱਚ ਦੀ ਮਿਸਾਲ ਐਨੀ ਕੁ ਜ਼ਰੂਰ ਦਿੱਤੀ ਜਾ ਸਕਦੀ ਹੈ ; ਅਕਾਲੀਆਂ ਨਾਲ ਤਿੰਨ ਵਾਰ ਸਮਝੌਤਾ ਕਰਕੇ ਆਪੂੰ ਮੁਕਰਨ ਦਾ ਜ਼ਿਕਰ ਵਾਈਟ ਪੇਪਰ ਵਿਚ ਕਿਤੇ ਦਰਜ ਨਹੀਂ ; ਜਿਸ ਦੇ ਗਵਾਹ ਵਚੋਲੇ ਹਾਲੇ ਜਿਉਂਦੇ ਹਨ। ਮੈਂ ਕਹਿ ਰਿਹਾ ਸਾਂ, ਰਾਜ ਨੂੰ ਕਾਇਮ ਰਖਣ ਦੀਆਂ ਵਿਧੀਆਂ ਓਹੀ ਜ਼ੁਲਮ ਤਸ਼ੱਦਦ ਵਾਲੀਆਂ ਪੁਰਾਣੀਆਂ ਹਨ। ਖਿਡਾਰੀ ਬਦਲ ਜਾਂਦੇ ਹਨ।

ਹੁਣ ਆਏ ਹਨ ਰਾਜੀਵ ਗਾਂਧੀ ਜੀ। ਇਹਨਾਂ ਦੇ ਗੱਦੀ ਸੰਭਾਲਣ ਸਾਰ ਜੋ ਫਿਰਕੂ ਕਹਿਰ ਸਿੱਖਾਂ ਉਤੇ ਵਾਪਰਿਆ, ਉਹ ਤੀਜਾ ਘਲੂਘਾਰਾ ਬਣ ਗਿਆ। ਤਾਰੀਖ਼ ਦੇ ਲਹੂ ਭਿੱਜੇ ਵਰਕੇ ਹਮੇਸ਼ਾ ਚੋਂਦੇ ਰਹਿਣਗੇ। ਹਕੂਮਤ, ਇਹਦਾ ਕੌਮੀ ਜ਼ਮਾਂਹ ਫਿਰਕੂ ਪ੍ਰੈਸ ਅਤੇ ਕਾਂਗਰਸ ਪਾਰਟੀ ਆਪ ਹੀ ਕੌਮੀ ਏਕਤਾ ਨੂੰ ਖੇਰੂੰ ਖੇਰੂੰ ਕਰਨ ਵਾਲੀਆਂ ਪਾਲਿਸੀਆਂ ਤੇ ਕਰਤੱਵਾਂ ਉਤੇ ਅਮਲ ਕਰਦੀ ਹੈ। ਮੁੜ ਮਗਰਮੱਛ ਦੇ ਹੰਝੂਆਂ ਨਾਲ ਏਕੇ ਦੀਆਂ ਅਪੀਲਾਂ ਦੇ ਗਜ਼ ਗਜ਼ ਲੰਮੇ ਇਸ਼ਤਹਾਰ ਛਾਪਦੀ ਹੈ। ਇਹਨਾਂ ਦੇ ਏਕੇ ਤੇ ਅਮਨ ਅਪੀਲਾਂ ਵਿਚ ਨੇਕਨੀਅਤੀ ਤੇ ਸੱਚ ਰੰਚਕ ਮਾਤਰ ਨਹੀਂ। ਪੰਜਾਬ ਦੀ ਵਿਗੜੀ ਸਮੱਸਿਆ ਸੁਲਝਾਣ ਲਈ ਕਿੰਨੇ ਕਮਿਸ਼ਨ ਬਣਾਏ ਗਏ ; ਜਿਹਨਾਂ ਤਾਣੀ ਹੋਰ ਉਲਝਾ ਕੇ ਰੱਖ ਦਿੱਤੀ।

ਮੈਂ ਹਦਾਇਤਾਂ ਨਹੀਂ, ਰਾਜੀਵ ਅਗੇ ਦਲੀਲਾਂ ਦਾ ਸੱਚ ਰਖਿਆ ਹੈ। ਉਹਨਾਂ ਦੇ ਗਲਤ ਤੇ ਫ਼ਿਰਕੂ ਰਵਈਏ ਦੀ ਦਾਸਤਾਨ ਦਾ ਕੱਠਾ ਚਿੱਠਾ ਲੋਕਾਂ ਸਾਹਮਣੇ

ਲਿਆਂਦਾ ਹੈ। ਸੱਚ ਲੋਕਾਂ ਤੋਂ ਲੁਕਿਆ ਨਹੀਂ ਰਹਿ ਸਕਦਾ। ਮੈਂ ਤਾਂ ਹੋਏ ਧੱਕਿਆਂ, ਵਿਤਕਰਿਆਂ, ਲੁੱਟਾਂ ਜ਼ੁਲਮਾਂ ਤੇ ਸ਼ਹੀਦਾਂ ਦੇ ਦਰਦ ਨੂੰ ਕੇਵਲ ਸ਼ਬਦ ਦਿੱਤੇ ਹਨ। ਲੋਕਾਂ ਦੇ ਦਿਲ ਦਾ ਸੱਚ ਲੋਕਾਂ ਨੂੰ ਸੌਂਪ ਰਿਹਾ ਹਾਂ। ਬਤੌਰ ਇਕ ਲੇਖਕ ਦੇ, ਇਕ ਸਿੱਖ ਦੇ, ਮੈਨੂੰ ਇਹ ਕਰਨਾ ਹੀ ਚਾਹੀਦਾ ਸੀ। ਮੈਂ ਦਿਲ ਉਤੇ ਕਿਸੇ ਤਰ੍ਹਾਂ ਦਾ ਵੀ ਬੋਝ ਲੈ ਕੇ ਮਰਨਾ ਨਹੀਂ ਚਾਹੁੰਦਾ।

ਰਾਜੀਵ ਜੀ ਨੂੰ ਮੈਂ 'ਸਰਬਤ ਦੇ ਭਲੇ' ਭਾਵ ਕੌਮੀ ਏਕਤਾ, ਅਮਨ ਤੇ ਖੁਸ਼ਹਾਲੀ ਦੇ ਮੋੜ ਉਤੇ ਲਿਆ ਛਡਿਆ ਹੈ। ਇਸ ਵਿਚ ਸਿੱਖਾਂ ਦਾ ਹੀ ਨਹੀਂ ਸਾਰੇ ਦੇਸ਼ ਦਾ ਭਲਾ ਹੈ। ਉਸ ਮੋੜ ਨੂੰ ਆਪਣਾਉਣਾ ਨਾ ਆਪਣਾਉਣਾ ਰਾਜੀਵ ਦੇ ਹੌਂਸਲੇ ਉਤੇ ਨਿਰਭਰ ਕਰਦਾ ਹੈ। ਮੈਂ ਉਸ ਨੂੰ ਫਿਰਕੂ ਮਾਹੌਲ ਵਿਚੋਂ ਨਿਕਲਣ ਲਈ ਵੰਗਾਰਿਆ ਹੈ। ਜੇ ਉਸ ਮਾਂ ਵਾਲਾ ਗਲਤ ਰਵਈਆ ਨਾ ਤਿਆਗਿਆ, ਪੰਦਰਾਂ ਲੱਖ ਫੌਜ ਦੇ ਹੁੰਦਿਆਂ ਵੀ ਹਿੰਦੋਸਤਾਨ ਨੂੰ ਟੁਕੜੇ ਟੁਕੜੇ ਹੋਣੋ ਕੋਈ ਨਹੀਂ ਬਚਾ ਸਕੇਗਾ। ਇਹ ਸਭ ਲਈ ਮੰਦ ਭਾਗੀ ਗਲ ਤੇ ਤਾਰੀਖੀ ਲਾਹਨਤ ਹੋਵੇਗੀ। ਇਸ ਵਿਚ ਘਟ ਗਿਣਤੀਆਂ ਦਾ ਸਭ ਤੋਂ ਵਧ, ਹਰ ਪੱਖੋਂ ਨੁਕਸਾਣ ਹੋਵੇਗਾ। ਮੇਰੀ ਖੁਲ੍ਹੀ ਚਿੱਠੀ ਰਾਜੀਵ ਰਾਹੀਂ ਸਰਕਾਰ, ਸਭ ਰਾਜਸੀ ਪਾਰਟੀਆਂ, ਸਾਰੀ ਪ੍ਰੈਸ ਅਤੇ ਹਿੰਦੋਸਤਾਨ ਦੇ ਲੋਕਾਂ ਨੂੰ ਅਗਾਊਂ ਚਿਤਾਵਨੀ ਹੈ: "ਆਰਥਿਕ ਪੱਖੋਂ ਪੰਜਾਬ ਮਰੇਗਾ ਤਾਂ ਦੇਸ਼ ਦੀ ਰੀੜ ਟੁੱਟੇਗੀ। ਸਿੱਖਾਂ ਨੂੰ ਕਮਜ਼ੋਰ ਕਰੋਗੇ; ਮੁੜ ਗੁਲਾਮੀ ਨੂੰ ਸੱਦਾ ਦੇਵੋਗੇ। ਸਿੱਖ ਦੇਸ਼ ਦੀਆਂ ਮਜ਼ਬੂਤ ਬਾਹਾਂ ਹਨ। ਇਹਨਾਂ ਨੂੰ ਤੋੜੋਗੇ, ਆਪਣੀ ਮੌਤ ਆਪ ਮਰੋਗੇ। ਇਹ ਮਰਨਾ ਹੀ ਨਹੀਂ ਜਾਣਦੇ, ਦੁਸ਼ਮਨ ਦੇ ਹੱਲਿਆਂ ਨੂੰ ਠੱਲ੍ਹ ਵੀ ਪਾ ਸਕਦੇ ਹਨ। ਸ਼ਾਇਦ ਇਹਨਾਂ ਬਿਨਾਂ ਅੱਧਾ ਹਿੰਦੋਸਤਾਨ ਭੁੱਖਾ ਹੀ ਮਰ ਜਾਵੇ।" ਦੁਨੀਆਂ ਭਰ ਦੇ ਇਤਿਹਾਸ ਤੇ ਨਜ਼ਰ ਮਾਰਿਆਂ ਮੈਨੂੰ ਅਜਿਹੀ ਕੌਮ ਨਹੀਂ ਦਿਸਦੀ; ਜਿਹੜੀ ਐਨਾ ਜ਼ੁਲਮ ਸਹਿ ਕੇ ਵੀ ਸਰਬਤ ਦਾ ਭਲਾ ਮੰਗਦੀ ਹੋਵੇ। ਪੰਜਾਬ ਅਤੇ ਸਿੱਖਾਂ ਦਾ ਮੁਕੱਦਮਾ ਮੈਂ ਲੋਕ ਅਦਾਲਤ ਦੇ ਪੇਸ਼ ਕਰ ਦਿੱਤਾ ਹੈ।

ਪੰਥ ਤੇ ਪੰਜਾਬ ਦੇ ਹਿਤ ਵਿਚ ਮੇਰੇ ਬਾਕੀ ਲੇਖ ਤੇ ਚਿੱਠੀਆਂ ਬਾਰੇ ਮੈਂ ਐਨਾ ਹੀ ਸੰਖੇਪ ਕਹਿਣਾ ਚਾਹੁੰਦਾ ਆਂ; ਸਿੱਖਾਂ ਦੇ ਕਤਲਾਮ, ਪੰਥ ਦੀ ਬੇਰੋਹਬੀ ਅਤੇ ਪੰਜਾਬ ਦੀ ਧੌਣ ਭਨਾਉਣ ਵਿਚ ਅਕਾਲੀ ਲੀਡਰ ਬਰਾਬਰ ਦੇ ਜੁੰਮੇਵਾਰ ਹਨ ਕਾਤਲ ਤੇ ਗ਼ਦਾਰ ਹਨ। ਸਿੱਖੀ ਸਿਦਕ ਇਹਨਾਂ ਵੇਚ ਖਾਧਾ। ਪੰਥ ਨਾਲੋਂ ਇਹਨਾਂ

ਨੂੰ ਲਿੱਜ ਤੇ ਹਉਮਾ ਪਿਆਰੀ ਹੈ। ਇਸ ਤੋਂ ਵੱਡੀ ਲਾਹਨਤ ਇਹਨਾਂ ਨੂੰ ਕੀ ਦਿੱਤੀ ਜਾ ਸਕਦੀ ਹੈ।

ਸਿੱਖਾਂ ਅਤੇ ਪੰਜਾਬ ਦੇ ਕਿਰਤੀਆਂ ਅਤੇ ਕਿਸਾਨਾਂ ਨੂੰ ਮੇਰਾ ਆਖਰੀ ਸੁਨੇਹਾ ਹੈ। ਜੇ ਸੱਚ ਸ਼ਕਤੀ ਹੁੰਦੀ ਐ ਤਾਂ ਉਹ ਤੁਹਾਡੇ ਨਾਲ ਐ। ਮਨੋਬਲ ਚੜ੍ਹਦੀ ਕਲਾ ਵਿਚ ਰਹੇ ; ਤੁਹਾਨੂੰ ਕੋਈ ਜਬਰ ਨਹੀਂ ਹਰਾ ਸਕਦਾ। ਏਸੇ ਵਿਸ਼ਵਾਸ਼ ਵਿਚੋਂ ਗੁਰੂ ਗੋਬਿੰਦ ਸਿੰਘ ਨੇ ਝੂਠ ਤੇ ਫਰੇਬ ਵਿਰੁਧ ਫਤਹਿਨਾਮਾ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ ਸੀ। ਉਹ ਸਿੰਘਉ ਸਪ੍ਰਿਟ ਜਿੰਨਾ ਚਿਰ ਤੁਹਾਡੇ ਵਿਚ ਜਿਉਂਦੀ ਐ ; ਤੁਹਾਨੂੰ ਕੋਈ ਨਹੀਂ ਮਾਰ ਸਕਦਾ। ਹੱਕ ਸੱਚ ਤੇ ਡਟੇ ਰਹੋ ਅਤੇ ਪ੍ਰਾਪਤੀ ਤੱਕ ਜਦੋਜਿਹਦ ਜਾਰੀ ਰਖੋ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

20-8-86 ਗੁਰੂ ਪੰਥ ਦਾ ਦਾਸ
ਢੁਡੀਕੇ, ਫਰੀਦਕੋਟ ਜਸਵੰਤ ਸਿੰਘ ਕੰਵਲ

ਰਾਜੀਵ ਗਾਂਧੀ ਦੇ ਨਾਂ ਖੁੱਲ੍ਹੀ ਚਿੱਠੀ

ਦੂਜਾ ਜ਼ਫਰਨਾਮਾ

ਸਰਬਤ ਦਾ ਭਲਾ

ਇਹ ਹਦਾਇਤਾਂ ਨਹੀਂ ਹਨ ਦਲੀਲਾਂ ਦਾ ਸੱਚ ਹੈ। ਗਲਤ ਤੇ ਫਿਰਕੂ ਰਵੱਈਏ ਦੀ ਦਾਸਤਾਨ ਦਾ ਕੱਚਾ ਚਿੱਠਾ ਲੋਕਾਂ ਦੇ ਸਾਹਮਣੇ ਲਿਆਂਦਾ ਹੈ। ਸੱਚ ਲੋਕਾਂ ਤੋਂ ਲੁਕਿਆ ਨਹੀਂ ਰਹਿ ਸਕਦਾ। ਹੋਏ ਧੱਕਿਆਂ ਵਿਤਕਰਿਆਂ, ਲੁੱਟਾਂ, ਜ਼ੁਲਮਾਂ ਤੇ ਸ਼ਹੀਦਾਂ ਦੇ ਦਰਦ ਨੂੰ ਸ਼ਬਦ ਦੇਣਾ ਮੇਰਾ ਕਰਤੱਵ ਹੈ। ਲੋਕਾਂ ਦੇ ਦਿਲ ਦਾ ਸੱਚ ਲੋਕਾਂ ਨੂੰ ਸੌਂਪ ਰਿਹਾ ਹਾਂ। ਬਤੌਰ ਇਕ ਲੇਖਕ ਦੇ ਇੱਕ ਸਿੱਖ ਦੇ, ਮੇਰੇ ਲਈ ਇਹ ਕਰਨਾ ਜ਼ਰੂਰੀ ਸੀ। ਮੇਰੇ ਦਿਲ ਉਤੇ ਕਿਸੇ ਤਰ੍ਹਾਂ ਦਾ ਬੋਝ ਲੈ ਕੇ ਮਰਨਾ ਨਹੀਂ ਚਾਹੁੰਦਾ.....................

Giani Baljit Singh

ਰਾਜੀਵ ਗਾਂਧੀ ਦੇ ਨਾਂ ਖੁਲ੍ਹੀ ਚਿੱਠੀ

ਦੂਜਾ ਜ਼ਫ਼ਰਨਾਮਾ

(ਮਨਸੂਰ ਦਾ ਕਲ੍ਹਾ)



ਅਮਰਿਤ ਸਿੰਘ ਵਦਿਲ

ਢੁੱਡੀਕੇ
20-8-86

ਪਿਆਰੇ ਪ੍ਰਧਾਨ ਮੰਤਰੀ, ਰਾਜੀਵ ਗਾਂਧੀ ਜੀਓ,

ਸਤਿ ਸ੍ਰੀ ਅਕਾਲ ਤੇ ਜੈ ਹਿੰਦ ! ਧਾਰਮਕ ਮਾਹੌਲ ਵਿਚ ਪਲਿਆ ਹਾਂ । ਕਿਸੇ ਨੂੰ ਮਿਲਦਿਆਂ, ਈਸ਼ਵਰ ਦਾ ਨਾਂ ਲੈਣਾ ਸਾਡੇ ਪੁਰਖਿਆਂ ਦੀ ਰੀਤ ਹੈ । ਇਸ ਲਈ ਸਤਿ ਸ੍ਰੀ ਅਕਾਲ ਬੁਲਾਉਣਾ ਆਪਣਾ ਰੂਹਾਨੀ ਫਰਜ਼ ਸਮਝਦਾ ਹਾਂ—ਭਾਵ ਕਾਲ ਰਹਿਤ ਸ੍ਰੇਸ਼ਟ ਸੱਚ ਕੇਵਲ ਪ੍ਰਮਾਤਮਾ ਹੀ ਹੈ । ਸਾਡੇ ਪੁਰਖੇ ਆਰੀਯੇ, ਸਾਢੇ ਚਾਰ ਹਜ਼ਾਰ ਵਰੇ, ਪਹਿਲਾਂ ਧਰਮ ਨੂੰ ਸਿਰ ਤੇ ਚੁਕ ਕੇ ਦਰਾਵੜਾਂ, ਭੀਲਾਂ, ਕੋਲਾਂ ਤੇ ਸੰਥਾਲਾਂ ਦੇ ਦੇਸ਼ ਆਏ ਸਨ । ਫਿਰ ਇਸ ਦੇਸ ਦੇ ਸੁਹਾਵਣੇਪਨ ਨੂੰ ਅਪਣਾ ਲਿਆ ਤੇ ਧਰਮ ਆਸਰੇ ਵਧੇ ਫੁਲੇ, ਮੱਲਾਂ ਮਾਰੀਆਂ । ਹਜ਼ਾਰਾਂ ਵਰ੍ਹਿਆਂ ਦੇ ਵਿਸ਼ਵਾਸ ਦੀ ਧਾਰਮਕ ਭਾਵਨਾ, ਸਾਇੰਸ ਦੇ ਮੂੰਹ ਜ਼ੋਰ ਚਾਨਣ ਵਿਚ ਵੀ ਇਕਦਮ ਨਹੀਂ ਛੱਡੀ ਜਾ ਸਕਦੀ । ਜਿਹੜੇ ਧਰਮ ਨੂੰ ਛਡਣ ਦੀ ਬੜ੍ਹ ਮਾਰਦੇ ਹਨ, ਝੂਠੇ ਤੇ ਅੰਦਰੋਂ ਅਸਲੋਂ ਖੋਖਲੇ ਹੁੰਦੇ ਐ । ਧਰਮ ਭਾਵ ਵਿਸ਼ਵਾਸ ਬਿਨਾਂ ਬੰਦਾ, ਰੂਹ ਬਿਨਾ ਸਰੀਰ ਹੁੰਦਾ ਹੈ । 'ਜੈ ਹਿੰਦ' ਇਸ ਲਈ ਆਖਦਾ ਹਾਂ, ਸਾਡੇ ਵਡੇਰਿਆਂ ਮਿਹਨਤ ਤੇ ਹੁਨਰੀ ਸ਼ਕਤੀ ਨਾਲ ਦੇਸ਼ ਦਾ ਨਾਂ ਉੱਚਾ ਕਰਦਿਆਂ, ਇਸ ਨੂੰ ਆਪਣਾ ਸਰੀਰ ਹੀ ਬਣਾ ਲਿਆ ਅਤੇ ਹਜ਼ਾਰਾਂ ਕੁਰਬਾਨੀਆਂ ਨਾਲ ਇਸ ਨੂੰ ਆਜ਼ਾਦ ਕਰਵਾਇਆ । ਇਸ ਤਰਾਂ ਰੂਹ ਤੇ ਸਰੀਰ ਨੇ ਉਸਰਦਿਆਂ, ਧਰਮ ਤੇ ਕੌਮੀ ਭਾਵਨਾ ਨੂੰ ਇਕਸੁਰ ਕਰ ਦਿਤਾ । ਜਦ ਰੂਹ ਨੂੰ ਠੇਸ ਲਗਦੀ ਹੈ, ਸਰੀਰ ਝੰਜੋੜਿਆ ਜਾਂਦਾ ਹੈ ਤੇ ਜਦੋਂ ਦੇਸ ਨੂੰ ਫੱਟ ਪੈਂਦੇ ਹਨ, ਧਾਰਮਕ ਭਾਵਨਾ ਵਲੂੰਦਰੀ ਜਾਂਦੀ ਹੈ । ਵਿਸ਼ਵਾਸ ਗਵਾਚਦਾ ਹੈ—ਸਿਦਕ ਥੌਂਦਲਦਾ ਹੈ । ਆਪਣੇ ਵੀ ਪਰਾਏ ਨਜ਼ਰ ਆਉਂਦੇ ਹਨ । ਅਜ ਸਾਡੇ ਦੇਸ਼ ਦੀ ਭਾਵਏਕਤਾ ਆਪਣੀ ਇਕਮੁਠਤਾ ਤੋਂ ਹਿੱਲ ਖਲੋਤੀ ਐ । ਭਗਤੀ ਤੇ ਸ਼ਕਤੀ ਕੁਰਾਹੇ ਪੈ ਗਈਆਂ ਹਨ । ਜੇ ਇਹਨਾਂ ਨੂੰ ਸੁਰਬਧ ਨਾ ਕੀਤਾ, ਨਾ ਦੇਸ ਰਹੇ ਤੇ ਨਾ ਧਰਮ । ਨਿੱਤ ਦੇ ਬਖੇੜਿਆਂ ਵਿਚ ਆਜ਼ਾਦੀ ਬਰਬਾਦੀ ਬਣ ਸਕਦੀ ਹੈ । ਇਸ ਤਰਾਂ ਅਸੀਂ ਪੁਰਖਿਆਂ ਦੀ ਅਮੀਰੀ (ਸਭਿਅਤਾ ਤੇ ਇਤਿਹਾਸ) ਨੂੰ ਹੱਥੀਂ ਲੁਟਾਉਣ ਦੇ ਦੋਸ਼ੀ ਹੋਵਾਂਗੇ । ਜਿਥੇ ਗਰਮੀ ਤੱਤੇ ਤਾਅ ਭੜਕ ਪਵੇ, ਉਥੇ ਮੀਂਹ-ਹਨੇਰੀਆਂ

ਭਰਿਆ ਤੂਫਾਨ ਜ਼ਰੂਰ ਆਉਂਦਾ ਐ। ਇਸਨੂੰ ਕੁਦਰਤ ਦਾ ਅਸੂਲ ਸਮਝ ਭਾਵੇਂ
ਜੁਗਰਾਫੀਏ ਦਾ, ਪਰ ਆਉਂਦਾ ਜ਼ਰੂਰ ਹੈ। ਅਸੀਂ ਮੁਢਲੇ ਝਟਕਿਆਂ ਦੇ ਮੂੰਹ ਆ
ਚੁਕੇ ਆਂ। ਧਰਤੀ ਕਦੇ ਵੀ ਫਟ ਸਕਦੀ ਐ—ਲਾਵਾ ਬਸਤੀਆਂ ਤਬਾਹ—ਬਰ-
ਬਾਦ ਕਰ ਸਕਦਾ ਹੈ। ਧਰਤੀ ਦੇ ਹੇਠਲੀ ਤੇ ਬਾਹਰਲੀ ਮਾਰੂ ਹੁੰਗਾਰ ਮੈਨੂੰ ਸਾਫ
ਸੁਣਦੀ ਹੈ ਸ਼ਾਇਦ ਤੁਹਾਨੂੰ ਵੀ ਤੁਹਾਡਾ ਇੰਟੈਲੀਜੈਂਸੀਆ ਖਬਰਦਾਰ ਕਰਦਾ
ਹੋਵੇ। ਮੈਂ ਤੁਹਾਡੇ ਰਾਹੀਂ, ਸੁਰੋਂ ਹਿਲੇ ਨੇਤਾਵਾਂ ਤੇ ਬੂਤਰੇ ਲੋਕਾਂ ਵਿਚ ਹਾਲ ਦੋਹਾਈ
ਪਾ ਰਿਹਾ ਆਂ ਤਾਂ ਜੋ ਤਾਰੀਖ਼ੀ ਲਾਹਨਤ ਤੋਂ ਬਚਿਆ ਜਾ ਸਕੇ। ਤੇ ਤੁਹਾਨੂੰ ਇਸ
ਲਈ ਹਲੂਣ ਰਿਹਾ ਆਂ ਕਿ ਹੜ੍ਹ ਆਉਣ ਤੋਂ ਪਹਿਲਾਂ ਬੰਨ੍ਹ ਮਾਰ ਲਉ-ਆਪਣਾ
ਫਰਜ਼ ਪਾਲ ਲਓ। ਕਿਉਂਕਿ ਕਲੀਨ ਪ੍ਰਬੰਧ ਦੀ ਪਹਿਲੀ ਜ਼ੁੰਮੇਵਾਰੀ ਤੁਹਾਡੇ
ਮੋਢਿਆਂ ਤੇ ਆਉਂਦੀ ਐ। ਇਉਂ ਅਸੀਂ ਭਗਤੀ ਤੇ ਸ਼ਕਤੀ ਦੇ ਆਸਰੇ ਆਜ਼ਾਦੀ
ਨੂੰ ਕਾਇਮ ਰਖਦੇ ਅਮਨ ਵਲ ਵਧ ਸਕਦੇ ਆਂ, ਜਿਹੜਾ ਖੁਸ਼ਹਾਲੀ ਦਾ ਜ਼ਾਮਨ ਐ।

ਰਾਜੀਵ ਜੀ, ਗੁਰੂ ਗੋਬਿੰਦ ਸਿੰਘ ਨਾਲ ਤੁਹਾਡੀ ਜਾਣ ਪਛਾਣ ਕਰਵਾਉਣ
ਦੀ ਮੈਂ ਲੋੜ ਨਹੀਂ ਸਮਝਦਾ। ਉਸਦੇ ਆਖਣ ਤੇ ਹੀ ਗੁਰੂ ਤੇਗ ਬਹਾਦਰ ਨੇ
ਤੁਹਾਡੇ ਬਜ਼ੁਰਗਾਂ ਦੀ ਖਾਤਰ ਦਿੱਲੀ ਵਿਚ ਸਿਰ ਕਟਵਾਇਆ ਸੀ। ਬਹੁਤਾ ਨਹੀਂ
ਥੋੜ੍ਹਾ ਜਿੰਨਾ ਇਤਿਹਾਸ ਤੁਹਾਨੂੰ ਜ਼ਰੂਰ ਯਾਦ ਹੋਵੇਗਾ। ਉਸ ਗੁਰੂ ਗੋਬਿੰਦ ਸਿੰਘ ਨੇ
ਹੀ ਜ਼ੁਲਮ ਵਿਰੁਧ ਲੜਾਈ ਛੇੜੀ ਸੀ। ਹਿੰਦੂ ਰਾਜਿਆਂ, ਗੁਰੂ ਵਿਰੁਧ ਮੁਗਲ
ਸਾਮਰਾਜ ਦੀ ਡਟਕੇ ਮਦਦ ਕੀਤੀ। ਪਰ ਗੁਰੂ ਗੋਬਿੰਦ ਸਿੰਘ ਨੇ ਪਵਿਤਰ ਬਗ਼ਾਵਤ
ਨੂੰ ਸਿਦਕ ਨਾਲ ਨਿਬਾਹਿਆ। ਕਿਉਂਕਿ ਗੁਰੂ ਧਰਮ ਵਿਚ ਅਥਾਹ ਵਿਸ਼ਵਾਸ
ਰਖਦੇ ਸਨ, ਇਸ ਲਈ ਔਰੰਗਜ਼ੇਬ ਵਲੋਂ ਭੇਜੇ ਕੁਰਾਨ ਅਤੇ ਕਸਮਾਂ ਉਤੇ ਯਕੀਨ
ਕਰਕੇ ਉਸ ਅਨੰਦਪੁਰ ਦਾ ਕਿਲਾ ਛੱਡ ਦਿੱਤਾ। ਚਾਰੇ ਸਾਹਿਬਜ਼ਾਦੇ ਤੇ ਹਜ਼ਾਰਾਂ
ਸਿੰਘ ਆਜ਼ਾਦੀ ਦੇ ਰਾਹ ਸ਼ਹੀਦ ਕਰਵਾ ਦਿੱਤੇ। ਪਰ ਸੱਚ ਦਾ ਪਰਚੱਮ ਬੁਲੰਦ
ਰਖਿਆ। ਫਿਰ ਦੀਨੇ ਸਾਹਿਬ ਆ ਕੇ ਬਾਗੀ ਗੁਰੂ ਨੇ ਔਰੰਗਜ਼ੇਬ ਸ਼ੈਨਸ਼ਾਹ ਨੂੰ
ਜ਼ਫਰਨਾਮਾ ਅਥਵਾ ਫ਼ਤਹਿਨਾਮਾ ਲਿਖਿਆ ਅਤੇ ਦਿਆ ਸਿੰਘ ਪਿਆਰੇ ਹੱਥ
ਦੌਲਤਾਬਾਦ ਭੇਜਿਆ। ਉਸਨੂੰ ਸੰਬੋਧਨ ਕਰਕੇ ਲਿਖਿਆ। "ਅੰਰੰਗਜ਼ੇਬ ਤੂੰ ਝੂਠਾ ਏਂ,
ਮਕਾਰ ਏਂ। ਧਰਮ ਦਾ ਪਖੰਡ ਰਚਿਆ ਏ। ਸਚ ਤੇਰੇ ਨੇੜੇ ਨਹੀਂ। ਤੂੰ ਭਰਾਵਾਂ
ਨਾਲ ਸੰਤਾਂ ਫਕੀਰਾਂ ਦਾ ਵੀ ਕਾਤਲ ਏਂ। ਖੁਦਾਈ ਦਰਗਾਹ ਵਿਚ ਤੈਨੂੰ ਢੋਈ ਨਹੀਂ
ਮਿਲੇਗੀ।" ਆਂਹਦੇ ਜ਼ਫਰਨਾਮੇ ਵਿਚ ਆਪਣੇ ਜ਼ੁਲਮਾਂ ਦੀ ਸਚੀ ਤਸਵੀਰ ਪੜ੍ਹ

ਕੇ ਔਰੰਗਜ਼ੇਬ ਪੂਰਾ ਹੋ ਗਿਆ। ਉਹਦੇ ਪਾਪਾਂ ਦੇ ਅਹਿਸਾਸ ਨੇ ਉਸਨੂੰ ਮਾਰ ਘਤਿਆ। ਉਸੇ ਗੁਰੂ ਦੀ ਉੱਮਤ ਸਿਖ ਕੌਮ ਨਾਲ ਤੁਹਾਡਾ ਬੁਰੀ ਤਰਾਂ ਵਾਹ ਪਿਆ ਹੈ। ਮੈਂ ਤੁਹਾਨੂੰ ਇਸ ਖੁਲ੍ਹੀ ਚਿੱਠੀ ਰਾਹੀਂ ਸਚ ਦਾ ਅਨੁਭਵ ਕਰਵਾਇਆ ਚਾਹੁੰਦਾ ਆਂ। ਅਨੁਭਵ ਕਿੰਨਾ ਕੁ ਕਰਵਾ ਸਕਾਂਗਾ, ਕੁਝ ਨਹੀਂ ਕਹਿ ਸਕਦਾ, ਪਰ ਜਤਨ ਜ਼ਰੂਰ ਕਰਾਂਗਾ। ਨੇਕੀ ਤੇ ਚੰਗਿਆਈ ਲਈ ਵਾਹ ਲਾਉਣਾ ਸਾਡੇ ਪੁਰਖਿਆਂ ਦਾ ਧਰਮ ਰਿਹਾ ਹੈ ਤੇ ਸਾਨੂੰ ਉਸ ਰਾਹ ਤੇ ਚਲਣ ਦੀ ਮਰਿਯਾਦਾ ਪਾਲਣੀ ਚਾਹੀਦੀ ਹੈ। ਫਲ ਦੇਣਾ ਪ੍ਰਮਾਤਮਾ ਦੇ ਵਸ। ਪਰ ਸਾਨੂੰ ਸਾਰਿਆਂ ਨੂੰ ਕੌਮੀ ਹਿਤਾਂ ਲਈ ਮਿਥ ਕੇ ਤੁਰਨਾ ਚਾਹੀਦਾ ਹੈ ਕਿ ਅਸੀਂ ਸਰਬਤ ਦੇ ਭਲੇ ਦੇ ਹਾਮੀ ਆਂ ਤੇ ਪੱਕੇ ਪੈਰੋਕਾਰ ਆਂ।

ਵੇਦ ਸਾਡੇ ਪੁਰਖਿਆਂ ਸਤਲੁਜ ਤੇ ਸਰਸਵਤੀ ਦੇ ਕੰਢਿਆਂ ਉੱਤੇ ਲਿਖੇ ਜਾਂ ਨਾਲ ਲਿਆਏ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਧਰਮ ਦੀ ਉਹ ਸਿਖਰ ਸਾਡਾ ਵਿਰਸਾ ਹੈ। ਉਸ ਸਭਿਅਤਾ ਦਾ ਤਾਜ ਸਾਡੇ ਸਿਰਾਂ ਨੂੰ ਉੱਚਾ ਕਰਦਾ ਹੈ। ਇਤਿਹਾਸ ਦੀਆਂ ਮੱਲਾਂ ਸਾਨੂੰ ਬਹਾਦਰ ਤੇ ਸਾਹਸੀ ਬਣਾਉਂਦੀਆਂ ਹਨ। ਮਨੂੰ ਦੀ ਕੰਮ ਵੰਡ ਸਾਡੇ ਲਈ ਜ਼ਾਤ ਵੰਡ ਦੀ ਅਧੋਗਤੀ ਬਣ ਗਈ। ਨਾਇਕ ਰਾਮ ਤੇ ਕ੍ਰਿਸ਼ਨ; ਸਾਹਿਤ ਪਖੋਂ ਰਾਮਾਇਣ ਤੇ ਮਹਾਂਭਾਰਤ ਸਾਡੀ ਉਡਾਰ ਦੇ ਨਰੋਏ ਪਰ ਰਹੇ ਹਨ। ਪਰ ਜ਼ਾਤ ਵੰਡ ਨੇ ਸਾਡੀ ਸਿਖਰ ਦੇ ਕਿੰਗਰੇ ਢਾਉਣੇ ਸ਼ੁਰੂ ਕਰ ਦਿੱਤੇ। ਤੇ ਅੱਜ ਏਸੇ ਜ਼ਾਤਪਾਤ ਦੀ ਬੀਮਾਰੀ ਨੇ ਸਾਡੀਆਂ ਬੁਨਿਆਦਾਂ ਹਿਲਾ ਕੇ ਰਖ ਦਿੱਤੀਆਂ ਹਨ; ਜਿਸ ਕਾਰਨ ਅਸੀਂ ਗੁਲਾਮੀ ਦੇ ਸ਼ੁਰੂ ਹੋਏ ਜੁਗ ਤੋਂ ਲੈ ਕੇ ਅੱਜ ਤਕ ਸਾਰਥਕ ਕੌਮ ਨਹੀਂ ਬਣ ਸਕੇ। ਵਿਦਿਆ ਦੇਣ ਵਾਲੇ ਬ੍ਰਾਹਮਣ ਤਬਕੇ ਦਾ ਮਾਣ ਆਪਣਾ ਕਰਤੱਵ ਛਡ ਕੇ ਅਭਿਮਾਨ ਵਿਚ ਬਦਲ ਗਿਆ। ਬ੍ਰਾਹਮਣ ਤਿਲਕ ਦੇ ਕੇ ਰਾਜਿਆਂ ਨੂੰ ਵਰੋਸਾਉਂਦੇ ਸਨ। ਕਸ਼ਤਰੀਆਂ ਨੇ ਬ੍ਰਾਹਮਣਾਂ ਦੇ ਆਖੰਣ ਤੇ ਵੈਸ਼ਾਂ ਤੇ ਸ਼ੂਦਰਾਂ ਉਤੇ ਜ਼ੁਲਮ ਢਾਉਣੇ ਸ਼ੁਰੂ ਕਰ ਦਿਤੇ। ਕੁਦਰਤ ਦਾ ਨੇਮ ਐ, ਜਦੋਂ ਮਿਹਨਤ ਦੀ ਬੁਨਿਆਦ ਹਿਲ ਤੁਰੇ, ਸਮਾਜੀ ਗੜਬੜ ਸਿਰ ਚੁਕ ਲੈਂਦੀ ਐ। ਬਾਂਸਾਂ ਦੀ ਜਦੋ-ਜਹਿਦ ਧੂਆਂ ਤੇ ਲਾਟਾਂ ਬਣ ਜਾਂਦੀ ਹੈ। ਜ਼ੁਲਮ ਨੇ ਕਿਰਤੀ ਜਮਾਤਾਂ ਦਾ ਜਦੋਂ ਵੀ ਜਿਉਣਾ ਦੁੱਭਰ ਕੀਤਾ, ਬਗ਼ਾਵਤ ਨੇ ਆਪਣਾ ਖੰਡਾ ਖੜਕਾਇਆ ਹੈ। ਬ੍ਰਾਹਮਣਾਂ ਤੇ ਕਸ਼ਤਰੀਆਂ ਵਲੋਂ ਸ਼ੂਦਰਾਂ ਤੇ ਵੈਸ਼ਾਂ ਦਾ ਬੇਦਰਦੀ ਨਾਲ ਹੋਇਆ ਕਤਲਾਮ, ਸਾਡੇ ਇਤਿਹਾਸ ਦਾ ਨਮੋਸ਼ੀਆਂ ਭਰਿਆ ਕਾਲਾ ਪੱਖ ਹੈ। ਜਿਥੇ ਭਗਤੀ ਤੇ ਸ਼ਕਤੀ

ਨਿਘਰ ਖਲੋਣ, ਦੋਵੇਂ ਪਖਪਾਤੀ ਤੇ ਵਿਤਕਾਰੂ ਬਣ ਜਾਣ; ਉਥੇ ਸਾੜਸਤੀ ਵਾਪਰਦੀ ਹੀ ਵਾਪਰਦੀ ਹੈ ।

ਇਹਨਾਂ ਕਾਲੀਆਂ ਰਾਤਾਂ ਨੂੰ ਚੀਰਦਾ, ਇਕ ਹੋਰ ਬਹਾਦਰ ਨਾਇਕ, ਸ਼ਾਂਤੀ ਦੀਆਂ ਰਿਸ਼ਮਾਂ ਬਖੇਰਦਾ, ਬੁਧ ਭਗਵਾਨ ਦਾ ਸੂਰਜ ਬਣ ਕੇ ਚੜ੍ਹਿਆ । ਉਸ ਜਾ ਕੇ ਸ਼ੂਦਰਾਂ ਦੇ ਘਰੀਂ ਅਲਖ ਜਗਾਈ । ਜ਼ਾਤ ਵੰਡ ਦੇ ਸਾਰੇ ਹੱਦ ਬੰਨੇ ਤੋੜ ਕੇ ਭਾਵ-ਏਕਤਾ ਲਿਆਂਦੀ । ਭਗਤੀ ਤੇ ਸ਼ਕਤੀ ਆਪਣੀ ਪੱਖਪਾਤੀ ਨੀਤੀ ਦੀ ਮੈਲ ਝਾੜ ਕੇ ਆਪਣੇ ਅਸਲੀ ਰੰਗ ਤੇ ਜਲਾਲ ਵਿਚ ਆਈਆਂ । ਕਈ ਸਦੀਆਂ ਦੇਸ ਬਰਾਬਰ ਖੁਸ਼ਹਾਲ ਰਿਹਾ । ਮਾਣਤਾ ਘਟ ਜਾਣ ਕਾਰਨ ਔਖੇ ਹੋਏ ਬ੍ਰਾਹਮਣ ਕੁਝ ਸਮਾਂ ਦੜੇ ਰਹੇ; ਪਰ ਅੰਦਰ ਸਾੜਾ ਬੁਰੀ ਤਰ੍ਹਾਂ ਰਿਝਦਾ ਰਿਹਾ । ਅਸ਼ੋਕ ਸਮਰਾਟ ਦੇ ਅੱਖਾਂ ਮੀਟਣ ਪਿਛੋਂ ਬੁਧ ਮਤ ਫਿਰਕਿਆਂ ਵਿਚ ਵੰਡ ਹੋ ਗਿਆ । ਬ੍ਰਾਹਮਣਾਂ ਬੁਧਵਾਦ ਨੂੰ ਰਾਜਸੀ ਸ਼ਕਤੀ ਪਖੋਂ ਕਮਜ਼ੋਰ ਹੋਇਆ ਵੇਖ, ਕਸ਼ਤਰੀ ਰਾਜਿਆਂ ਦੀ ਸਹਾਇਤਾ ਨਾਲ ਸਮਾਜੀ ਸਰਦਾਰੀ ਮੁੜ ਕਾਇਮ ਕਰ ਲਈ । ਊਚ ਨੀਚ ਵਿਚ ਵਿਰੋਧਤਾ ਫਿਰ ਤਿੱਖੀ ਹੋ ਗਈ । ਕਮਜ਼ੋਰਾਂ ਅਤੇ ਕਿਰਤੀਆਂ ਉੱਤੇ ਕਾਂਸ਼ੀ ਕਰਵੱਤ ਚਲਦਾ ਰਿਹਾ, ਚਲਦਾ ਰਿਹਾ । ਮੁਲਕ ਵਿਚ ਸਾੜ੍ਹਸਤੀ ਕਾਲੀ ਰਾਤ ਵਾਂਗ ਫੈਲ ਗਈ ।

ਦੇਸ ਦੀ ਭਗਤੀ ਤੇ ਸ਼ਕਤੀ ਲੀਰਾਂ ਲੀਰਾਂ ਹੋ ਚੁਕੀ ਸੀ । ਅਜਿਹੀ ਭੈੜੀ ਹਾਲਤ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਬਰਾਬਰਤਾ ਦਾ ਸੁਨੇਹਾ ਲੈ ਕੇ ਮੁਹੰਮਦ ਬਿਨ ਕਾਸਮ ਅੱਸੀ ਸਵਾਰਾਂ ਨਾਲ ਸਿੰਧ ਉਤੇ ਆ ਲਲਕਾਰਿਆ । ਰਾਜਾ ਦਾਹਰ ਹਾਰ ਗਿਆ ਤੇ ਉਹਦਾ ਸਿੰਧ ਦਰਿਆ ਵਿਚਕਾਰ ਬਣਿਆ ਕਿਲਾ ਟੁਟ ਗਿਆ । ਫਿਰ ਪੱਛਮ ਤੋਂ ਪੂਰਬ ਤਕ ਅਸਲਾਮ ਨੂੰ ਰੋਕਣ ਵਾਲਾ ਕੋਈ ਨਾ ਰਿਹਾ । ਇਹ ਅਟੱਲ ਸਚਾਈ ਐ, ਜੇ ਭਗਤੀ ਹੀਣੀ ਹੋਵੇਗੀ ਤਾਂ ਸ਼ਕਤੀ ਵੀ ਨਸ਼ਟ ਹੋਵੇਗੀ । ਸ਼ਕਤੀ ਬਿਨਾਂ ਭਗਤੀ ਦਾਗੀ ਹੋ ਜਾਂਦੀ ਹੈ । ਉਸ ਇਤਿਹਾਸਕ ਦੌਰ ਵਿਚ ਦੇਸ਼ ਦੀਆਂ ਦੋਵੇਂ ਬਾਹਾਂ ਟੁਟ ਲੱਥੀਆਂ ਸਨ । ਪਰ ਵਖਰਾ ਸਵਾਲ ਪੈਦਾ ਹੁੰਦਾ ਹੈ । ਇਕ ਧਰਮ ਦੀ ਹੋਂਦ ਵਿਚ ਦੂਜਾ ਕਿਵੇਂ ਅਗੇ ਆ ਜਾਂਦਾ ਹੈ ? ਜ਼ਰੂਰੀ ਹੈ, ਪਹਿਲੇ ਵਿਚ ਲੋਕਾਂ ਦੇ ਹਿਤਾਂ ਪਖੋਂ ਕੁਝ ਕਮੀਆਂ ਆ ਜਾਂਦੀਆਂ ਹੋਣਗੀਆਂ । ਇਕ ਧਰਮ ਦੇ ਆਗੂਆਂ ਵਿਚ ਅਨਾਚਾਰ ਫੈਲੇ ਬਿਨਾ, ਦੂਜਾ ਲੋਕਾਂ ਵਿਚ ਜੜ੍ਹਾਂ ਨਹੀਂ ਫੜ ਸਕਦਾ । ਸਾਡੇ ਬ੍ਰਾਹਮਣ ਧਰਮੱਗਾਂ ਨੇ ਕਿਰਤੀਆਂ ਦੀ ਬਹੁ ਗਿਣਤੀ ਸ਼ੂਦਰਾਂ ਅਤੇ ਵੈਸ਼ਾਂ ਨੂੰ ਦੁਰਕਾਰਿਆ ਹੀ ਨਹੀਂ, ਮੌਤ ਤੇ ਕਤਲਾਂ ਦੇ ਫ਼ਤਵੇ ਦਿੱਤੇ । ਇਹ ਅਸਲੋਂ

ਅਨਿਆਂ ਸੀ, ਜ਼ੁਲਮ ਤੇ ਸਿਧਾ ਅਧਰਮ। ਜ਼ੁਲਮ ਦੇ ਪਹਾੜ ਭਾਰ ਹੇਠਾਂ ਦਰੜੀਦੇ-ਕੁਚਲੀਦੇ ਲੋਕ ਉਸ ਧਰਮ ਵਿਚ ਨਿਸ਼ਚਾ ਕਿਵੇਂ ਕਾਇਮ ਰਖਦੇ। ਜਦੋਂ ਆਪਣਾ ਧਰਮ ਖੰਭ ਲਾਕੇ ਉਡ ਪਵੇ, ਨਵਾਂ ਧਰਮ ਰੂਹ ਨੂੰ ਵਰੋਸਾਉਣ ਲਈ ਆ ਜਾਂਦਾ ਹੈ। ਰੂਹ, ਧਰਮ-ਵਿਸ਼ਵਾਸ਼ ਜਾਂ ਆਸਰੇ ਬਿਨਾ ਸਮਾਜੀ ਬੁਰਾਈਆਂ ਦਾ ਮੁਕਾਬਲਾ ਨਹੀਂ ਕਰ ਸਕਦੀ। ਧਰਮ ਰੂਹ ਦਾ ਵਫਾਦਾਰ ਸਾਥੀ ਹੈ। ਤੇਤੀ ਕਰੋੜ ਦੇਵੀ ਦੇਵਤਿਆਂ ਦੇ ਮੁਕਾਬਲੇ ਇਕ ਰਬ ਦਾ ਸੰਕਲਪ; ਉਹ ਵੀ ਸਰਬ ਸਮਾਜੀ ਬਰਾਬਰਤਾ ਦੇ ਅਧਾਰ ਨੂੰ ਲੈ ਕੇ, ਫੈਲਦਾ ਤੇ ਮਕਬੂਲ ਹੁੰਦਾ ਗਿਆ। ਆਰਥਕ ਪਖੋਂ ਦਰੜੀਆਂ-ਕੁਚਲੀਆਂ ਜਮਾਤਾਂ ਅਸਲਾਮ ਕਬੂਲ ਕਰਨ ਲੱਗੀਆਂ। ਧਰਮ ਦੀ ਨਿਰਬਲਤਾ ਰਾਜ ਸ਼ਕਤੀ ਨੂੰ ਖੇਰੂੰ ਖੇਰੂੰ ਕਰਦੀ ਗਈ। ਅਸਲਾਮ ਦੀ ਰਾਜਸੀ ਤਾਕਤ ਨੇ ਹਿੰਦੂ ਸ਼ਕਤੀ ਨੂੰ ਭੰਨ ਕੇ ਰਖ ਦਿਤਾ। ਇਕ ਪਿਛੋਂ ਦੂਜਾ ਰਾਜ ਡਿਗਦਾ ਗਿਆ ਤੇ ਹਲਾਲੀ ਝੰਡਾ ਅਗੇ ਹੀ ਅਗੇ ਝੂਲਦਾ ਗਿਆ। ਰਾਮ, ਕ੍ਰਿਸ਼ਨ, ਬੁੱਧ, ਅਸ਼ੋਕ ਤੇ ਚੰਦਰ ਗੁਪਤ ਦਾ ਧਰਮ ਪ੍ਰਾਚਿਨ ਦੇਸ਼ ਗਿਆਰਾਂ ਸਦੀਆਂ ਤਕ ਗੁਲਾਮੀ ਦੇ ਸੰਗਲਾਂ ਵਿਚ ਬੁਰੀ ਤਰ੍ਹਾਂ ਜਕੜਿਆ ਰਿਹਾ। ਬਾਹਰਲੇ ਹਮਲਾਵਰ ਗਾਈਆਂ ਅਗੇ ਲਾ ਕੇ ਸਾਡੀਆਂ ਬਹਾਦਰ ਫੌਜਾਂ ਨੂੰ ਧੱਕੀਂ ਆਉਂਦੇ। ਮੁਹੰਮਦ ਗੌਰੀ ਤੇ ਮਹਿਮੂਦ ਗਜ਼ਨਵੀ ਨੇ ਕਿਲੇ ਤੇ ਮੰਦਰ ਸਭ ਤੋੜ ਦਿੱਤੇ। ਤੇਤੀ ਕਰੋੜ ਦੇਵਤਿਆਂ ਦਾ ਰਾਜਾ ਇੰਦਰ ਕਾਲੀ ਰਾਤ ਵਿਚ ਮੂੰਹ ਛੁਪਾ ਗਿਆ। ਸਵਰਗ ਨਰਕ ਬਣ ਗਿਆ। ਗੁਲਾਮੀ ਵਿਚ ਹਰ ਤਰ੍ਹਾਂ ਦੀ ਬੇਪਤੀ ਸਹਾਰੀ ਗਈ। ਪ੍ਰਧਾਨ ਮੰਤਰੀ ਜੀ! ਕੀ ਅਸੀਂ ਇਤਿਹਾਸ ਰਾਹੀਂ ਸਮਝ ਸਕਦੇ ਆਂ, ਸਾਡੀ ਆਜ਼ਾਦੀ ਕਿਉਂ ਗਈ ? ਗੁਲਾਮੀ ਕਿਉਂ ਆਈ ? ਕੀ ਕਾਰਨ ਸਨ ? ਉਸ ਤਰ੍ਹਾਂ ਦੇ ਕਾਰਨ ਹੁਣ ਫਿਰ ਨਹੀਂ ਜੁੜਦੇ ਜਾ ਰਹੇ ? ਉਦੋਂ ਰਾਜ ਸ਼ਕਤੀ ਦੇ ਜ਼ੋਰ ਘਟ ਗਿਣਤੀ ਨੇ ਬਹੁਗਿਣਤੀ ਨੂੰ ਦਬਾਇਆ ਕਤਲਾਇਆ ਤੇ ਅੱਜ ਬਹੁ-ਗਿਣਤੀ ਘਟ ਗਿਣਤੀਆਂ ਨੂੰ ਕੁਚਲਣ ਲਈ ਉਧਾਰ ਖਾਧੀ ਬੈਠੀ ਹੈ।

ਅਸਲਾਮੀ ਰਾਜ ਸ਼ਕਤੀ, ਭਗਤੀ ਭਾਵਨਾ ਦੇ ਮੁਢਲੇ ਅਸੂਲ ਵਿਸਾਰ ਕੇ ਇਯਾਸ਼ੀ ਵਿਚ ਪੈ ਗਈ; ਭਾਵੇਂ ਵਿਖਾਵੇ ਦੀ ਨਮਾਜ਼ ਚਾਲੂ ਸੀ। ਪਰ ਬਰਾਬਰਤਾ ਵਾਲਾ ਅਸੂਲ ਅਮਲ ਵਿਚ ਛਿੱਕੇ ਟੰਗ ਦਿੱਤਾ। ਫਿਰ ਕਾਲੀ ਕੰਬਲ ਰਾਤ ਵਿਚ ਇਕ ਨੂਰ ਪ੍ਰਗਟਿਆ। ਜਿਸ ਸਾਰੀ ਲੋਕਾਈ ਨੂੰ ਇਕ ਅਕਾਲ ਪੁਰਖ ਦੀ ਸੰਤਾਨ ਆਖਿਆ। ਉਸ ਗੁਰੂ ਨਾਨਕ ਨੇ ਵਿਚਾਰ ਦੇ ਪਖੋਂ ਪਖੰਡੀ ਧਰਮੀਆਂ ਨੂੰ ਭਾਂਜ ਦਿੱਤੀ : "ਅਸੀਂ ਇਕ ਨੂਰ ਤੋਂ ਉਪਜੇ ਆਂ। ਕੋਈ ਭਲਾ ਮੰਦਾ ਨਹੀਂ—ਉੱਚਾ

ਨੀਵਾਂ ਨਹੀਂ ।'' ਉਸ ਹਰਦੁਆਰ, ਕਾਂਸ਼ੀ, ਪੁਰੀ, ਮੱਕਾ, ਮਦੀਨਾ ਤੇ ਬਗਦਾਦ ਆਦਿ ਮੱਠਾਂ, ਮਸਜਦਾਂ ਵਿਚ ਸੱਚ ਦੀ ਝੰਡੀ ਫੇਰੀ, ਜੋ ਆਖਿਆ ਉਸ ਉਤੇ ਡਟ ਕੇ ਪਹਿਰਾ ਦਿੱਤਾ । ਆਪੂੰ ਜੇਹਲ ਵਿਚ ਚੱਕੀ ਪੀਹ ਕੇ ਰਾਜ ਸ਼ਕਤੀ ਦਾ ਗੁਮਾਨ ਤੋੜਿਆ ਅਤੇ ਭਗਤੀ ਦਾ ਅਹਿਸਾਸ ਬਰਾਬਰ ਚਾਰੇ ਬਾਹੀਆਂ ਵਿਚ ਮੁੜ ਸੁਰਜੀਤ ਕੀਤਾ। ਤਜਰਬੇ ਨੇ ਸਾਬਤ ਕਰ ਦਿਤਾ, ਭਗਤੀ ਬਿਨਾ ਸ਼ਕਤੀ ਨਹੱਥੀ ਹੈ—ਅਮਲ ਬਿਨਾ ਵਿਚਾਰ। ਇਸ ਨੂੰ ਜੋੜਿਆ ਗੁਰੂ ਹਰਗੋਬਿੰਦ ਛੇਵੀਂ ਪਾਤਸ਼ਾਹੀ ਨੇ; ਮੀਰੀ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨ ਕੇ । ਇਹ ਦੋਵੇਂ ਸ਼ਕਤੀਆਂ ਜੁੜ ਕੇ, ਇਕਸੁਰ ਹੋ ਕੇ, ਆਜ਼ਾਦੀ ਲਿਆਉਂਦੀਆਂ ਤੇ ਖੁਸ਼ਹਾਲੀ ਕਾਇਮ ਕਰਦੀਆਂ ਹਨ। ਇਉਂ ਵਿਚਾਰ ਸੰਸਥਾ ਬਣਦੇ ਗਏ ਤੇ ਹੌਲੀ ਹੌਲੀ ਸ਼ਕਤੀ ਜਵਾਨ ਹੁੰਦੀ ਗਈ। ਕਬੀਰ ਪਖੰਡ ਤੇ ਜ਼ਾਤਪਾਤ ਦੇ ਵਿਰੁਧ ਉਠਿਆ ਸੱਚਾ ਸੁਚਾ ਬਾਗੀ ਭਗਤ ਸੀ। ਪਰ ਸਮਾਜਕ ਤਬਦੀਲੀ ਲਿਆਉਣ ਵਿਚ ਉਹਦੀ ਨਿਰੀ ਵਿਚਾਰਧਾਰਾ ਅਸਮਰਥ ਰਹੀ। ਕਿਉਂਕਿ ਉਹਦੇ ਵਿਚਾਰ ਸੰਸਥਾ ਬਣ ਕੇ ਲਗਾਤਾਰ ਜਦੋਜਹਿਦ ਨਾ ਕਰ ਸਕੇ। ਬ੍ਰਾਹਮਣਵਾਦ ਦਾ ਕਿਲਾ ਇਕ ਦਿਨ ਵਿਚ ਟੁਟਣ ਵਾਲਾ ਨਹੀਂ ਸੀ। ਪੰਜਾਬ ਵਿਚ ਹੁਣ ਨੇਕੀ ਦੀ ਤਲਵਾਰ ਜ਼ੁਲਮ ਵਿਰੁਧ ਲੋਹਾ ਲੈਣ ਲੱਗੀ। ਅਕਬਰ ਦੀ ਕੂਟਲ ਨੀਤੀ ਨੇ ਨਰਮ ਦਾਅ ਪੇਚਾਂ ਨਾਲ ਸਾਰੇ ਦੇਸ ਨੂੰ ਦੀਨ ਇਲਾਹੀ ਦੇ ਇਕ ਧਰਮ ਵਿਚ ਪਰੋ ਕੇ ਏਕਤਾ ਕਰਨੀ ਚਾਹੀ; ਪਰ ਕਾਮਯਾਬ ਨਾ ਹੋ ਸਕਿਆ। ਕਿਉਂਕਿ ਈਮਾਨਦਾਰ ਨਹੀਂ ਸੀ ਤੇ ਬੁਨਿਆਦ ਸੱਚ ਤੇ ਨਹੀਂ ਰਖੀ ਗਈ ਸੀ। ਇਸ ਫੇਅਲ ਹੋਏ ਤਜਰਬੇ ਪਿਛੋਂ ਔਰੰਗਜ਼ੇਬ ਨੇ ਤਲਵਾਰ ਦੇ ਜ਼ੋਰ, ਅਸਲਾਮੀ ਨਾਅਰੇ ਨਾਲ ਕੌਮੀ ਏਕਤਾ ਸਾਕਾਰ ਕਰਨੀ ਚਾਹੀ । ਸਾਂਝੀ ਵਿਚਾਰ ਤੇ ਪਿਆਰ ਦਾ ਅਮਲ, ਫਿਰਕੂ ਹੈਂਕੜੀ ਵਿਚ ਪਰਾਂਹ ਵਗਾਹ ਮਾਰਿਆ। ਜ਼ੁਲਮ ਦਾ ਚੱਕਰ ਤੇਜ਼ ਕਰ ਦਿੱਤਾ। ਸਾਰੇ ਹਾਹਾ-ਕਾਰ ਮੱਚ ਉਠੀ। ਭਾਈ ਰਾਜੀਵ, ਇਹ ਠੀਕ ਉਹ ਸਮਾਂ ਸੀ, ਜਦੋਂ ਤੁਹਾਡੇ ਕਸ਼ਮੀਰੀ ਦਾਦਿਆਂ ਪੜਦਾਦਿਆਂ, ਗੁਰੂ ਤੇਗ ਬਹਾਦਰ ਅਗੇ ਹੱਥ ਆ ਬੰਨੇ ਸਨ : "ਮਹਾਰਾਜ ਸਾਡੇ ਧਰਮ ਦੀ ਰਾਖੀ ਕਰੋ; ਨਹੀਂ ਅਸੀਂ ਮਜਬੂਰੀ ਮੂੰਹ ਮੁਸਲਮਾਨ ਹੁੰਦੇ ਆਂ । ਹਿੰਦ ਵੈਣ ਨੂੰ ਬਚਾ ਲਓ; ਨਹੀਂ ਰੁੜ੍ਹ ਚੱਲੀ।'' ਤੇ ਗੁਰੂ ਤੇਗ ਬਹਾਦਰ ਨੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ, ਦਿੱਲੀ ਦੇ ਚਾਂਦਨੀ ਚੌਕ ਵਿਚ ਹੱਸ ਕੇ ਆਪਣਾ ਸੀਸ ਜਾ ਦਿੱਤਾ ।

ਜਦ ਭਗਤੀ ਭਾਵਨਾ ਵਾਲੇ ਗੁਰੂਆਂ, ਪੀਰਾਂ ਤੇ ਸਰਮਦ ਵਰਗੇ ਫਕੀਰਾਂ ਦੇ ਸਿਰ ਵੱਢੇ ਜਾਣ ਲੱਗੇ, ਤਦ ਗੁਰੂ ਗੋਬਿੰਦ ਸਿੰਘ ਨੇ ਆਖਿਆ : "ਹੁਣ ਸ਼ਾਂਤੀ ਤੇ

ਚੁਪ ਨਾਲ ਨਹੀਂ ਸਰਨਾ।" ਉਸ ਲੰਮੀ ਤੇ ਗੰਭੀਰ ਸੋਚ ਮਗਰੋਂ ਅੰਮ੍ਰਿਤ ਛਕਾ ਕੇ ਅਜਿਹੇ ਮਰਜੀਵੜਿਆਂ ਦੀ ਫੌਜ ਤਿਆਰ ਕਰਨੀ ਸ਼ੁਰੂ ਕਰ ਦਿੱਤੀ, ਜਿਹੜੀ ਜ਼ਾਲਮ ਸਾਮਰਾਜ ਦਾ ਮਲੀਆਮੇਟ ਕਰ ਸਕੇ । ਉਹਨਾਂ ਸਾਹਮਣੀਆਂ ਲੜਾਈਆਂ ਲੜੀਆਂ। ਚਾਰੇ ਸਾਹਿਬਜ਼ਾਦਿਆਂ ਨਾਲ ਮਾਂ ਬਾਪ ਵੀ ਸ਼ਹੀਦ ਕਰਵਾ ਦਿਤੇ। ਪਰ ਭਗਤੀ ਤੇ ਸ਼ਕਤੀ ਨੂੰ ਇਕ ਅਜਿੱਤ ਸੰਸਥਾ ਵਿਚ ਜੋੜ ਦਿੱਤਾ। ਸਾਈਂ ਬੁਲੇ ਸ਼ਾਹ ਆਖਦੇ ਹਨ :

"ਨਾ ਕਹੂੰ ਜਬ ਕੀ, ਨਾ ਕਹੂੰ ਤਬਕੀ, ਬਾਤ ਕਹੂੰ ਮੈਂ ਅਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁੱਨਤ ਹੋਤੀ ਸਭ ਕੀ।"

ਤੁਸੀਂ ਆਖੋਗੇ, ਉਸ ਨਾਜ਼ਕ ਸਥਿਤੀ ਵਿਚ ਅੰਮ੍ਰਿਤ ਤਿਆਰ ਕਰਕੇ ਮਰਜੀਵੜਿਆਂ ਦੀ ਫੌਜ ਤਿਆਰ ਕਰਨਾ, ਤਾਰੀਖ਼ ਦਾ ਠੀਕ ਕਦਮ ਸੀ। ਪਰ ਦੇਸ਼ ਆਜ਼ਾਦ ਹੋ ਜਾਣ ਪਿਛੋਂ, ਅਜਿਹਾ ਕਰਨਾ ਗਲਤ ਹੈ।' ਪਰ ਸਵਾਲ ਤਾਂ ਜ਼ੁਲਮ ਤੇ ਅਨਿਆਂ ਨਾਲ ਟੱਕਰ ਦਾ ਹੈ । ਜ਼ੁਲਮ ਤੇ ਧੱਕਾ ਉਦੋਂ ਵੀ ਸੀ ਹੁਣ ਵੀ ਹੈ। ਲਗਦਾ ਇਉਂ ਹੈ, ਜਿਵੇਂ ਜੁਗ ਹੀ ਸ਼ਹਾਦਤਾਂ ਦਾ ਆ ਗਿਆ ਹੋਵੇ। ਇਕ ਸ਼ਹਾਦਤ ਦਸ ਵੀਹ ਨੂੰ ਸੁਰਜੀਤ ਕਰਦੀ, ਸੈਂਕੜੇ ਹਜ਼ਾਰਾਂ ਤੇ ਪੁਜ ਗਈ। ਸੱਚ ਤੇ ਧਰਮ ਦੇ ਰਾਹ ਮਰਨ ਵਾਲਿਆਂ ਉਤੇ ਲੋਕਾਂ ਦਾ ਵਿਸ਼ਵਾਸ਼ ਵਧਦਾ ਗਿਆ ਤੇ ਲੋਕ ਸ਼ਕਤੀ ਜੁੜਦੀ ਗਈ। ਬੰਦੇ ਬਹਾਦਰ ਨੇ ਸਰਹੰਦ ਦੇ ਸੂਬੇ ਨੂੰ ਜਿੱਤ ਕੇ ਸਾਬਤ ਕਰ ਦਿੱਤਾ ਕਿ ਜ਼ਾਲਮ ਦਾ ਖੁਰਾ ਖੋਜ ਕੇਵਲ ਲੋਕਾਂ ਦੀ ਸਾਂਝੀ ਤਾਕਤ ਹੀ ਮਿਟਾ ਸਕਦੀ ਹੈ। ਲਾਹੌਰ ਦਰਬਾਰ ਤੋਂ ਲੈ ਕੇ ਦਿੱਲੀ ਤਕ ਸਿਖ ਮਰਜੀਵੜਿਆਂ ਦੀਆਂ ਸ਼ਹਾਦਤਾਂ ਤੁਸੀਂ ਨਹੀਂ ਪੜ੍ਹੀਆਂ ਤਾਂ ਇਤਿਹਾਸਕਾਰਾਂ ਤੋਂ ਪੁਛ ਸਕਦੇ ਹੋ। ਬੰਦੇ ਬਹਾਦਰ ਦਾ ਮਾਸ ਜੰਬੂਰਾਂ ਨਾਲ ਖਿਚਿਆ ਗਿਆ । ਉਹਦੇ ਬੱਚੇ ਦਾ ਦਿਲ ਕੱਢ ਕੇ ਮੂੰਹ ਵਿਚ ਤੁੰਨਿਆ। ਪਰ ਸਿਦਕ ਜ਼ਖਮੀ ਬਬਰ ਸ਼ੇਰ ਵਾਂਗ ਬਲਕਾਰਦਾ ਰਿਹਾ। ਦੇਗਾਂ ਵਿਚ ਬੈਠਣ ਵਾਲੇ, ਬੰਦ ਬੰਦ ਕਟਵਾਉਣ ਵਾਲੇ ਤੇ ਧਰਮ ਤੋਂ ਨਾ ਡੋਲਣ ਵਾਲੇ ਹਜ਼ਾਰਾਂ ਦੀ ਗਿਣਤੀ ਵਿਚ ਸੂਰਬੀਰ ਤੁਹਾਨੂੰ ਕੇਵਲ, ਕੇਵਲ ਸਿਖ ਇਤਿਹਾਸ ਤੋਂ ਬਿਨਾ ਹੋਰ ਕਿਧਰੇ ਨਹੀਂ ਮਿਲਣਗੇ। ਇਹਨਾਂ ਸਿਰਲੱਥਾਂ ਮਿਥ ਲਿਆ ਸੀ, ਅਸਾਂ ਜ਼ੁਲਮ ਦਾ ਪਹਿਰਾ ਬਦਲ ਕੇ ਰਹਿਣਾ ਹੈ । ਇਕ ਹੋਰ ਦੋਹਰੀ ਬਿਪਤਾ ਇਹਨਾਂ ਜੋਧਿਆਂ ਨੂੰ ਅੰਦਰਲੇ ਦੁਸ਼ਮਣ ਨਾਲ ਨਿਪਟਣ ਤੋਂ ਬਿਨਾਂ, ਬਾਹਰਲੇ ਹਮਲਾਵਰਾਂ ਲੁਟੇਰਿਆਂ ਨਾਲ ਵੱਖ ਲੋਹਾ ਲੈਣਾ ਪੈਂਦਾ ਸੀ। ਨਾਦਰ ਸ਼ਾਹ ਤੇ ਅਬਦਾਲੀ ਮਾਲ ਮਤਾਹ ਲੁਟਣ

ਨਾਲ ਹਿੰਦੂਆਂ ਦੀਆਂ ਹਜ਼ਾਰਾਂ ਖੂਬਸੂਰਤ ਕੁੜੀਆਂ ਨਾਲ ਬੰਨ੍ਹ ਤੁਰਦੇ ਅਤੇ ਕਾਬਲ, ਗੰਧਾਰ, ਗ਼ਜ਼ਨੀ, ਤਹਿਰਾਨ ਤੇ ਬਸਰੇ ਤੱਕ ਵੇਚਦੇ ਜਾਂਦੇ। ਲੋਕ ਬੋਲੀਆਂ ਝੂਠ ਨਹੀਂ ਬੋਲਦੀਆਂ :

"ਛੱਈ, ਕਿ ਮੋੜੀਂ ਭਾਈ ਕੱਛ ਵਾਲਿਆ ਸਰਦਾਰ, ਕਿ ਗਈ ਰੰਨ ਬਸਰੇ ਨੂੰ।"

ਨਿਰਦੋਸ਼ ਕੂੰਜਾਂ ਨੇ ਕੇਵਲ ਕੱਛ ਵਾਲੇ ਸਰਦਾਰ ਨੂੰ ਹੀ ਕਿਉਂ ਵਾਹਰ ਪਾਈ ? ਕਿਉਂਕਿ ਬੰਦਖ਼ਲਾਸ ਕਰਨ ਵਾਲਾ ਹੋਰ ਕੋਈ ਰਿਹਾ ਹੀ ਨਹੀਂ ਸੀ। ਚੁਕਵੀਆਂ ਮੁੱਛਾਂ ਵਾਲੇ ਬਹਾਦਰ ਰਾਜਪੂਤ ਤਕ ਖੁੜਾਂ ਦੇ ਚੂਹੇ ਬਣ ਗਏ ਸਨ। ਜੱਸਾ ਸਿੰਘ ਆਹਲੂਵਾਲੀਏ ਵਰਗੇ ਸੂਰਬੀਰਾਂ ਅਟਕ ਦਰਿਆ ਤਕ ਧਾੜਾਂ ਦਾ ਪਿਛਾ ਕੀਤਾ ਅਤੇ ਅਫਗਾਨ ਇਲਾਕਿਆ ਵਿਚੋਂ ਘਾਤ ਲਾ ਲਾ ਕੇ ਕੁੜੀਆਂ ਨੂੰ ਛੁਡਾਉਂਦੇ ਰਹੇ। ਇਹ ਭਗਤੀ ਤੇ ਸ਼ਕਤੀ ਦੇ ਸਾਂਝੇ ਚਮਤਕਾਰ ਸਨ। ਹਜ਼ਾਰਾਂ ਦੀ ਗਿਣਤੀ ਫੌਜਾਂ ਕੋਲੋਂ ਕੁਝ ਸੈਂਕੜੇ ਸਿੰਘ ਮਾਸੂਮ ਕੁੜੀਆਂ ਨੂੰ ਛੁਡਾ ਕੇ ਘਰੋ ਘਰੀ ਸੁਖਸਾਂਦ ਨਾਲ ਪੁਚਾਉਂਦੇ ਰਹੇ। ਅਗੋਂ ਲਾਹਨਤ ਹਿੰਦੂ ਮਾਪਿਆਂ ਦੇ ਜਿਹੜੇ ਕੁੜੀਆਂ ਨੂੰ ਘਰੀਂ ਨਾ ਵੜਨ ਦੇਂਦੇ। ਕਿਉਂਕਿ ਧਰਮ ਭਰਿਸ਼ਟ ਹੋ ਗਈਆਂ ਸਨ। ਇੱਜ਼ਤਾਂ ਲੁਟ ਜਾਣ ਪਿਛੋਂ ਜਾਂ ਘਰ ਦਾ ਕੋਈ ਨਿਰਦੋਸ਼ ਜੀ ਮਾਰੇ ਜਾਣ ਤੇ ਗੈਰਤਮੰਦ ਮੁੰਡੇ ਕਸਮਾਂ ਖਾ ਕੇ ਸਿੰਘਾਂ ਦੀ ਭਾਲ ਵਿਚ ਜੰਗਲਾਂ ਨੂੰ ਨਿਕਲ ਤੁਰਦੇ : 'ਅਖੇ ਸਿੰਘ ਸਜ ਕੇ, ਬਰਬਾਦੀ ਦੇਣ ਵਾਲੇ ਜ਼ਾਲਮ ਸਾਮਰਾਜ ਤੇ ਬੇਤਰਸ ਧਾੜਵੀਆਂ ਨੂੰ ਖਤਮ ਕਰਨਾ ਹੈ।' ਜ਼ੁਲਮ ਨੂੰ ਖਤਮ ਕਰਨ ਦਾ ਰਾਹ ਹੀ ਉਦੋਂ ਸਿੰਘ ਸਜਣਾ ਰਹਿ ਗਿਆ ਸੀ। ਕਿਉਂਕਿ ਲੋਕਾਂ ਦਾ ਇਕੋ ਇਕ ਭਰੋਸਾ ਸਿੰਘ ਜਥੇਬੰਦੀ ਵਿਚ ਪਰਪੱਕ ਹੋ ਚੁਕਾ ਸੀ। ਤੁਸਾਂ ਲਾਹੌਰ ਤਾਰੀਖ਼ ਦੇ ਸੂਬੇ, ਮੀਰ ਮੰਨੂ ਤੇ ਜ਼ਿਕਰੀਆਂ ਖਾਨ ਦੇ ਨਾਂ ਜ਼ਰੂਰ ਸੁਣੇ ਹੋਣਗੇ। ਜਿਹਨਾਂ ਜਿਉਂਦੇ ਜਾਂ ਮੋਏ ਸਿੰਘ ਦੇ ਸਿਰ ਦਾ ਮੁਲ ਅੱਸੀ ਰੁਪੈ ਰਖ ਛਡਿਆ ਸੀ। ਉਸ ਜੁਗ ਦੇ ਅੱਸੀ ਅੱਜ ਦੇ ਅੱਸੀ ਹਜ਼ਾਰ ਨੂੰ ਕਰਾਸ ਕਰ ਜਾਂਦੇ ਹਨ। ਸਿੰਘਾਂ ਸੂਬਿਆਂ ਦੇ ਐਲਾਨ ਉਤੇ ਹੁਰੱਰਾ ਪੁਕਾਰਿਆ :

ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ,
ਜਿਉਂ ਜਿਉਂ ਸਾਨੂੰ ਵਢਦਾ, ਦੂਣ ਸਵਾਏ ਹੋਏ।

ਇਉਂ ਲਹੂ-ਮਿੱਜ ਦੀ ਕਹਾਣੀ ਵਿਚੋਂ ਲੰਘ ਕੇ ਆਈ ਸਿਖ ਕੌਮ ਦੁਨੀਆਂ ਦੇ ਸਾਹਮਣੇ ਐ। ਇਤਿਹਾਸ ਦੀ ਵਿਆਖਿਆ ਵਿਚ ਮੈਂ ਹੋਰ ਦੂਰ ਤਕ ਨਹੀਂ ਜਾਣਾ ਚਾਹੁੰਦਾ। ਬੰਦੇ ਨਾਲ ਬੰਦਾ ਜੋੜ ਕੇ, ਸੂਲੀ ਚੜ੍ਹਨ ਵਾਲੇ ਮਸੀਹਿਆਂ ਦੀ ਗਿਣਤੀ

ਕਰੀਏ ਤਾਂ ਗੱਲ ਦੁਨੀਆਂ ਉਤੋਂ ਦੀ ਗੇੜਾ ਆ ਜਾਵੇਗਾ। ਆਪਣੇ ਵਡੇਰਿਆਂ ਦੀਆਂ ਸੱਚ ਦੇ ਰਾਹ ਦਿੱਤੀਆਂ ਕੁਰਬਾਨੀਆਂ ਦੇ ਨਾਲ ਹੋਈਆਂ ਗਲਤੀਆਂ ਨੂੰ ਬਰਾਬਰ ਸਵੀਕਾਰਾਂਗਾ। ਜਿਵੇਂ ਮੁਢਲੀ ਗਲਤੀ ਮਹਾਰਾਜਾ ਰਣਜੀਤ ਸਿੰਘ ਨੇ ਪੰਥ ਦੇ ਰਾਜ ਨੂੰ ਜੱਦੀ ਜਾਇਦਾਦ ਬਣਾ ਕੇ ਕੀਤੀ। ਪੰਥ ਦੇ ਰਾਜ ਦਾ ਮਤਲਬ ਹੀ ਲੋਕਾਂ ਦਾ ਸਾਂਝਾ ਰਾਜ ਹੈ। ਰਣਜੀਤ ਸਿੰਘ ਦੇ ਰਾਜ ਵਿਚ ਹਿੰਦੂ ਤੇ ਮੁਸਲਮਾਨ ਵਜ਼ੀਰ ਸਿਖਾਂ ਨਾਲੋਂ ਕਿਤੇ ਵੱਧ ਸਨ। ਵਿਤਕਰਾ ਤੇ ਪਖਪਾਤ ਨਾਂ ਮਾਤਰ ਵੀ ਨਹੀਂ ਸੀ। ਇਸ ਦੀ ਪੁਸ਼ਟੀ ਤਾਰੀਖ਼ ਕਰਦੀ ਹੈ। ਅੱਜ ਸੈਂਟਰ ਸਰਕਾਰ ਪੰਜਾਬ ਨਾਲ ਕੀ ਸਲੂਕ ਕਰ ਰਹੀ ਹੈ ? ਤੁਸਾਂ ਤੇ ਤੁਹਾਡੇ ਫਿਰਕੂ ਸਲਾਹਕਾਰਾਂ, ਸਿਖਾਂ ਦੀ ਖਾਲਸਈ ਬਣਤਰ ਨੂੰ ਨਹੀਂ ਸਮਝਿਆ। ਇਹ ਖੰਡੇ ਦੀ ਤਿੱਖੀ ਧਾਰ ਵਿਚੋਂ ਪੈਦਾ ਹੋਏ ਤੇ ਗੁੜ੍ਹਤੀ ਇਹਨਾਂ ਨੂੰ ਮਿਲੀ ਸ਼ਹਾਦਤ ਦੀ। ਤੁਸਾਂ ਖੰਡੇ ਦੀ ਧਾਰ ਉਤੇ ਹੱਥ ਫੇਰ ਕੇ ਨਹੀਂ ਵੇਖਿਆ ਹੋਣਾ ਤੇ ਸ਼ਹਾਦਤ ਦੀ ਗੁੜ੍ਹਤੀ ਵਾਲੀ ਵੀ ਸਮਝ ਨਹੀਂ ਪੈਣੀ। ਪਿਆਰ ਨਾਲ ਇਹਨਾਂ ਸਿੰਘਾਂ ਤੋਂ ਸਿਰ ਮੰਗੋ, ਹੱਸ ਕੇ ਦੇ ਦੇਣਗੇ, ਤੁਹਾਡੇ ਵਡੇਰਿਆਂ ਦੇ ਆਖੇ ਵਜ ਗਜ ਕੇ ਸਿਰ ਕਟਵਾਏ ਵੀ ਹਨ। ਇਹਨਾਂ ਦੀ ਗੈਰਤ ਨੂੰ ਹੱਥ ਪਾਓ, ਮਰਨ ਮਾਰਨ ਤੇ ਆ ਜਾਣਗੇ। ਭਗਵਾਨ ਰਜਨੀਸ਼ ਤੋਂ ਕਿਸੇ ਅਖਬਾਰੀ ਰੀਪੋਰਟਰ ਨੇ ਪੁਛਿਆ, 'ਪੰਜਾਬ ਦੀ ਗੜਬੜ ਬਾਰੇ ਤੁਹਾਡੇ ਕੀ ਵਿਚਾਰ ਐ ?" ਉਸ ਸਪੱਸ਼ਟ ਆਖਿਆ, ਜਿਹੜਾ ਹਿੰਦੋਸਤਾਨ ਦੀ ਪਰੈਸ ਨੇ ਨਹੀਂ, ਪਰ ਪਾਕਸਤਾਨੀ ਅਖਬਾਰਾਂ ਨੇ ਸੁਰਖੀਆਂ ਲਾ ਕੇ ਛਾਪਿਆ।

"ਹਿੰਦੂ ਚਤਰ ਹੈ, ਬੁਜ਼ਦਿਲ ਤੇ ਧੋਖੇ ਨਾਲ ਵਾਰ ਕਰਨ ਵਾਲਾ। ਪਰ ਸਿੱਖ ਸਾਦਾ, ਸੱਚਾ ਤੇ ਬਹਾਦਰ ਹੈ। ਜੇ ਦਸ ਗੁਰੂ ਨਾ ਹੁੰਦੇ, ਸਾਰਾ ਹਿੰਦੋਸਤਾਨ ਅਜ ਨਮਾਜ਼ ਪੜ੍ਹਦਾ ਤੇ ਮੰਦਰਾਂ ਵਿਚ ਟਲ ਵਜਾਉਣ ਵਾਲਾ ਵੀ ਕੋਈ ਨਾ ਰਹਿੰਦਾ।"

ਆਪਣੇ ਮੂੰਹੋਂ ਵਡਿਆਈ ਹੋਛੀ ਗੱਲ ਹੁੰਦੀ ਐ. ਮੈਂ ਤਾਂ ਇਤਿਹਾਸ ਤੇ ਯੁਗ ਪੁਰਸ਼ਾਂ ਦੀ ਗਵਾਹੀ ਪੇਸ਼ ਕੀਤੀ ਹੈ। ਸ਼ਾਇਦ ਤੁਹਾਡਾ ਦਿਲ ਵੀ ਮੰਨਦਾ ਹੋਵੇ ਤੇ ਸਿੱਧਾ ਇਕਬਾਲ ਆਲੇ ਦੁਆਲੇ ਦੇ ਫਿਰਕੂ ਸਲਾਹਕਾਰਾਂ ਨੂੰ ਨਾਰਾਜ਼ ਕਰਦਾ ਹੋਵੇ। ਪਰ ਮੈਂ ਇਸ ਨੁਕਤੇ ਦਾ ਤੁਹਾਨੂੰ ਅਹਿਸਾਸ ਕਰਾਉਣਾ ਚਾਹੁੰਦਾ ਆਂ ਕਿ ਤਰੇੜ ਹਿੰਦੂ ਸਿੱਖ ਵਿਚਕਾਰ ਨਹੀਂ ਸੀ; ਰਾਜਨੀਤਕ ਖੁਦਗਰਜ਼ਾਂ ਪਾ ਦਿਤੀ ਹੈ। ਦੋਵੇਂ ਇਕ ਮੁੱਢ ਦੀਆਂ ਡਾਲਾਂ ਸਨ। ਇਕ ਜ਼ੁਲਮ ਵਿਰੁਧ ਅਣਖ ਨਾਲ ਪੈਂਦ ਹੋ ਗਈ, ਪਰ ਲੜਦੀ ਹਮੇਸ਼ਾ ਸਾਂਝੇ ਹਿਤਾਂ ਲਈ ਰਹੀ। ਦੂਜੀ ਕੱਛੂ ਕੂੰਮੇਂ ਵਾਂਗ ਆਪਣੀ

ਅਸਲੀ ਹਾਲਤ ਵਿਚ ਬਣੀ ਰਹੀ। ਗੁਰੂ ਤੇਗ ਬਹਾਦਰ ਤੋਂ ਲੈ ਕੇ, ਅੰਗਰੇਜ਼ ਸਾਮਰਾਜ ਨੂੰ ਭਜਾਉਣ ਤੱਕ ਸਾਂਝੇ ਹਿਤਾਂ ਲਈ ਦਿੱਤੀਆਂ ਕੁਰਬਾਨੀਆਂ ਨੂੰ ਪਾਸੇ ਰਖਦਿਆਂ, ਮੈਂ ਵਰਤਮਾਨ ਦੀ ਗੱਲ ਕਰਨਾ ਚਾਹੁੰਦਾ ਆਂ। ਪਰ ਗੁਜ਼ਰਿਆ ਸਾਡਾ ਲਹੂ ਚੋਂਦਾ ਇਤਿਹਾਸ ਹੈ, ਵਿਰਸਾ ਹੈ। ਉਹ ਹਮੇਸ਼ਾਂ ਸਾਡੇ ਵਰਤਮਾਨ ਤੇ ਭਵਿਖ ਨੂੰ ਤਾਕਤ ਦੇਂਦਾ ਰਿਹਾ ਹੈ। ਤੁਸੀਂ ਵੀ ਉਸ ਉਤੇ ਨਜ਼ਰ ਮਾਰ ਲਵੋ, ਹਰਜ਼ ਵਾਲੀ ਕੋਈ ਗੱਲ ਨਹੀਂ। ਕਿਉਂਕਿ ਪੰਜਾਬ ਦਾ ਉਲਝਿਆ ਮਸਲਾ ਦੇਸ ਦੀ ਏਕਤਾ ਨੂੰ ਸੱਟ ਹੀ ਨਹੀਂ ਮਾਰਦਾ, ਸਗੋਂ ਖੇਰੂੰ ਖੇਰੂੰ ਕਰਨ ਦਾ ਕਾਰਨ ਵੀ ਬਣ ਸਕਦਾ ਹੈ। ਇਸ ਸਮੇਂ ਤੁਸੀਂ ਦੇਸ ਦੇ ਪਹਿਲੇ ਜ਼ੁੰਮੇਂਵਾਰ ਵਿਅਕਤੀ ਹੋ; ਏਸੇ ਲਈ ਤੁਹਾਨੂੰ ਸੰਬੋਧ ਹੋਇਆ ਹਾਂ। ਕਾਸ਼, ਤੁਸੀਂ ਮੇਰੇ ਲਿਖੇ ਬੋਲ ਮੌਲਿਕ ਪੱਖੋਂ ਪੜ੍ਹ ਜਾਂ ਧਿਆਨ ਨਾਲ ਸੁਣ ਹੀ ਲੈਂਦੇ। ਘਟੋ ਘਟ ਸਾਡੇ ਪੱਖ ਬਾਰੇ ਤੁਹਾਨੂੰ ਚਾਨਣ ਜ਼ਰੂਰ ਹੋ ਜਾਂਦਾ। ਹੁਣ ਤੁਹਾਨੂੰ ਬਹੁਤੇ ਪਾਸਿਆਂ ਤੋਂ ਅੰਨ੍ਹੇਰੇ ਵਿਚ ਰਖਿਆ ਜਾ ਰਿਹਾ ਹੈ। ਇਹਨਾਂ ਗੱਲਾਂ ਦਾ ਇਹ ਮਤਲਬ ਉੱਕਾ ਈ ਨਹੀਂ, ਕਿ ਸਾਡੀ ਕੋਈ ਜ਼ੁੰਮੇਂਵਾਰੀ ਨਹੀਂ। ਬਰਾਬਰ ਹੈ। ਇਸ ਵਿਗੜੀ ਸਮਾਸਿਆ ਨੂੰ ਕੌਮੀ ਸਾਰਥਕਤਾ ਦੀ ਲੀਹ ਦੇਣਾ ਹੀ ਸਾਡਾ ਸਾਰਿਆਂ ਦਾ ਪਹਿਲਾ ਫਰਜ਼ ਤੇ ਪਹਿਲਾ ਧਰਮ ਹੈ। ਤੁਸੀਂ ਆਗੂ ਹੋ— ਸਾਰੇ ਮਾਲਕਾਨਾ ਹੱਕ ਤੁਹਾਡੇ ਗੋਡੇ ਹੇਠਾਂ ਹਨ। ਸੱਚ ਤੁਹਾਡੇ ਅਗੇ ਸਪਸ਼ਟ ਕਰ ਸਕਦਾ ਹਾਂ। ਹੱਕ ਛੱਡਣੇ ਨਾ ਛੱਡਣੇ ਤੁਹਾਡੇ ਅਹਿਸਾਸ ਦੇ ਵੱਸ ਐ।

ਪਾਕਿਸਤਾਨ ਦੀ ਬਣਤਰ ਨੂੰ ਵਿਚਾਰੇ ਬਿਨਾਂ ਅਸੀਂ ਬੀਮਾਰੀ ਦੀ ਜੜ੍ਹ ਨਹੀਂ ਫੜ ਸਕਦੇ। ਤਸ਼ਖ਼ੀਸ ਬਿਨਾਂ ਇਲਾਜ਼ ਅਜਰਾਈਲ ਨੂੰ ਆਵਾਜ਼ਾਂ ਮਾਰਦਾ ਹੈ। ਸਭ ਤੋਂ ਪਹਿਲਾਂ ਜਮਾਲਉਲਦੀਨ ਅਫ਼ਗਾਨੀ ਨੇ ਸਾਰੇ ਅਸਲਾਮੀ ਦੇਸ਼ਾਂ ਦੀ ਇਕ ਸਲਤਨਤ ਦਾ ਨਾਅਰਾ ਦਿੱਤਾ ਸੀ। ਇਸ ਤੋਂ ਖਿਆਲ ਲੈ ਕੇ ਇਕਬਾਲ ਨੇ ਨੀਲ ਦਜਲਾ ਤੇ ਸਿੰਧ ਦੀ ਇਕਮੁੱਠਤਾ ਨੂੰ ਆਪਣੀ ਸ਼ਾਇਰੀ ਵਿਚ ਪੇਸ਼ ਕੀਤਾ। ਇਕਬਾਲ "ਸਾਰੇ ਜਹਾਂ ਸੇ ਅੱਛਾ, ਹਿੰਦੋਸਤਾਨ ਹਮਾਰਾ।" ਕਹਿਣ ਵਾਲਾ ਸਾਡਾ ਤੇ ਪਾਕਿ-ਸਤਾਨ ਦਾ ਸਾਂਝਾ ਕੌਮੀ ਸ਼ਾਇਰ ਹੈ। ਇਸ ਦੇ ਨਾਲ ਹੀ ਪਾਕਿਸਤਾਨ ਦੀ ਬੁਨਿਆਦ ਰੱਖਣ ਵਾਲਾ ਵੀ ਉਸਨੂੰ ਹੀ ਸਮਝੋ। ਮੁੱਢ ਵਿਚ ਅੰਗਰੇਜ਼ਾਂ ਦੀ ਆਪਣੀ ਬਣਾਈ ਕਾਂਗਰਸ ਦਾ ਬੋਲਬਾਲਾ ਸੀ। ਅੰਗਰੇਜ਼ ਸ਼ਾਤਰ ਨੂੰ ਹਿੰਦੋਸਤਾਨੀਆਂ ਤੋਂ ਆਜ਼ਾਦੀ ਦੀ ਬੂ ਆਉਣ ਲਗ ਪਈ। ਉਸ ਪਹਿਲਾਂ ਹੀ ਕਾਂਗਰਸ ਦੇ ਮੁਕਾਬਲੇ, ਪਾੜੋ ਤੇ ਰਾਜ ਕਰੋ ਦੀ ਨੀਤੀ ਅਨੁਸਾਰ ਮੁਸਲਿਮ ਲੀਗ ਖੜੀ ਕਰਵਾ ਲਈ।

ਸਰ ਆਗਾ ਖਾਂ ਦੀ ਹਮਾਇਤ ਨਾਲ ਬਣਾਈ ਮੁਸਲਿਮ ਲੀਗ ਨੂੰ ਉਦੋਂ ਕੋਈ ਪੁਛਦਾ ਨਹੀਂ ਸੀ। ਮਿਸਟਰ ਜਿਨਾਹ ਤੇ ਉਸ ਦਾ ਭਾਈ ਕਾਂਗਰਸ ਦੇ ਹੀ ਕੌਮੀ ਲੀਡਰ ਸਨ। ਗੱਲ ਕਿਥੋਂ ਵਿਗੜੀ ? ਆਰੀਆ ਸਮਾਜੀ ਲੀਡਰਾਂ, ਜਿਹਨਾਂ ਵਿਚ ਲਾਲਾ ਲਾਜਪਤ ਰਾਇ; ਜਿਹੜਾ ਮੋਰੇ ਪਿੰਡ ਜੰਮਿਆ ਸੀ ਆਦਿ ਨੇ ਉਭਾਸਰਨਾ ਸ਼ੁਰੂ ਕਰ ਦਿੱਤਾ—"ਜਿਹੜੇ ਹਿੰਦੂ ਧਰਮ ਛੱਡ ਕੇ ਦੂਜੇ ਮਜ਼ਬ੍ਹਾਂ ਵਿਚ ਚਲੇ ਗਏ ਸੀ, ਆਜ਼ਾਦ ਹੋ ਜਾਣ ਪਿਛੋਂ ਉਹਨਾਂ ਨੂੰ ਸ਼ੁਧ ਕਰਕੇ ਵਾਪਸ ਹਿੰਦੂ ਧਰਮ ਵਿਚ ਲਿਆਂਦਾ ਜਾਵੇਗਾ।" ਇਹਨਾਂ ਫਿਰਕੂ ਭਾਵਨਾ ਵਾਲੀਆਂ ਗੱਲਾਂ ਨੇ ਮੁਸਲਿਮ ਬੁਧੀ ਜੀਵੀਆਂ ਵਿਚ ਇਕ ਦਮ ਹਲਚਲ ਪੈਦਾ ਕਰ ਦਿੱਤੀ। ਸਿੱਟੇ ਵਜੋਂ ਮਿਸਟਰ ਜਿਨਾਹ ਤੇ ਉਸ ਦੇ ਸਾਥੀ ਇਹ ਕਹਿ ਕੇ ਕਾਂਗਰਸ ਵਿਚੋਂ ਬਾਹਰ ਆ ਗਏ : "ਕਾਂਗਰਸ ਕੌਮੀ ਸੰਸਥਾ ਨਹੀਂ ਰਹੀ, ਕੱਟੜ ਹਿੰਦੂ ਜਮਾਤ ਬਣ ਗਈ ਹੈ।" ਭਾਵੇਂ ਮਹਾਤਮਾ ਗਾਂਧੀ ਦੇ ਜਾਤੀ ਪ੍ਰਭਾਵ ਕਾਰਨ ਮੌਲਾਨਾ ਆਜ਼ਾਦ ਤੇ ਦੋਵੇਂ ਸਰਹੱਦੀ ਪਠਾਣ ਭਰਾ, ਸੱਚੇ ਨੈਸ਼ਨਲਿਸਟਾਂ ਵਾਂਗ ਕਾਂਗਰਸ ਵਿਚ ਡਟੇ ਰਹੇ। ਮੁਰਦਾ ਮੁਸਲਿਮ ਲੀਗ ਵਿਚ ਮਿਸਟਰ ਜਿਨਾਹ ਦੇ ਸ਼ਾਮਲ ਹੋਣ ਨਾਲ ਨਵੀਂ ਜਾਨ ਪੈ ਗਈ ਮੁਲਕ ਦੀ ਆਜ਼ਾਦੀ ਆਉਣ ਸਮੇਂ ਕਾਂਗਰਸ ਤੇ ਮਹਾਤਮਾ ਗਾਂਧੀ ਨੇ ਪਾਕਿਸਤਾਨ ਮੰਨ ਕੇ ਅਬਦੁਲ ਗਫਾਰ ਖਾਂ ਤੇ ਡਾਕਟਰ ਖਾਨ ਨਾਲ ਨੰਗੀ ਚਿੱਟੀ ਗ਼ਦਾਰੀ ਕੀਤੀ ਸੀ। ਸਰਹੱਦ ਅਸੈਂਬਲੀ ਵਿਚ ਪਾਕਿਸਤਾਨ ਵਿਰੋਧੀ ਧੜੇ ਦੀ ਬਹੁਗਿਣਤੀ ਸੀ। ਜਿਹੜੀ ਕਿ ਕ੍ਰਿਪਸ ਮਿਸ਼ਨ ਦੇ ਅਧਾਰ ਅਨੁਸਾਰ ਸਰਹੱਦ ਨੂੰ ਪਾਕਿਸਤਾਨ ਵਿਚ ਸ਼ਾਮਲ ਨਹੀਂ ਕਰਦੀ ਸੀ। ਪਰ ਕਾਂਗਰਸ ਤੇ ਫਿਰਕੂ ਫਤਵੇ ਭਾਵ ਮੁਸਲਿਮ ਬਹੁਗਿਣਤੀ ਦੇ ਇਲਾਕੇ ਪਾਕਿਸਤਾਨ ਵਿਚ ਪਾਉਣੇ ਆਪੂੰ ਮੰਨ ਲਏ ਸੀ। ਮੈਂ ਕਹਿ ਰਿਹਾ ਸਾਂ, ਅਫਗਾਨੀ ਤੇ ਅਸਲਾਮੀ ਨਜ਼ਰੀਏ ਨੂੰ ਇਕਬਾਲ ਨੇ ਅਪਣਾਇਆ ਤੇ ਹਿੰਦੂ ਬਹੁ-ਗਿਣਤੀ ਦੀ ਗੁਲਾਮੀ ਤੋਂ ਨਜਾਤ ਪਾਉਣ ਲਈ ਸੋਚਣਾ ਸ਼ੁਰੂ ਕਰ ਦਿੱਤਾ। ਆਖਰ ਉਸ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਕਾਨਵੋਕੇਸ਼ਨ ਵਿਚ ਪਾਕਿਸਤਾਨ ਨੂੰ ਪਹਿਲੀ ਵਾਰ ਅਗੇ ਲੈ ਆਂਦਾ। ਸੰਨ 1929 ਨੂੰ ਲਾਹੌਰ ਰਾਵੀ ਦੇ ਕੰਢੇ ਕਾਂਗਰਸ ਦੇ ਸਾਲਾਨਾ ਸੈਸ਼ਨ ਵਿਚ ਤੁਹਾਡੇ ਨਾਨਾ ਜੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਪੂਰਨ ਆਜ਼ਾਦੀ ਦਾ ਮਤਾ ਰਖਿਆ ਤੇ ਪਾਸ ਕਰਵਾ ਲਿਆ। ਪੂਰੇ ਦਸ ਸਾਲ ਪਿਛੋਂ, ਉਸੇ ਥਾਂ ਰਾਵੀ ਦੇ ਕੰਢੇ ਮੁਹੰਮਦ ਅਲੀ ਜਿਨਾਹ ਨੇ ਪਾਕਿਸਤਾਨ ਦਾ ਰੈਜ਼ੂਲੇਸ਼ਨ ਮੁਸਲਿਮ ਲੀਗ ਦੇ ਅਜਲਾਸ ਵਿਚ ਪਾਸ ਕਰਵਾ ਲਿਆ। ਜਿਥੇ ਅਜ

ਯਾਦਗਾਰੇ ਮੀਨਾਰੇ ਪਾਕਿਸਤਾਨ ਬਣੀ ਹੋਈ ਹੈ। ਬਸ ਫਿਰ ਕੀ ਸੀ ਸਾਰੇ ਹਿੰਦੋਸਤਾਨ ਵਿਚ ਆਜ਼ਾਦੀ ਆਉਣ ਤੋਂ ਪਹਿਲਾਂ "ਲੈ ਕੇ ਰਹਾਂਗੇ ਪਾਕਿਸਤਾਨ" ਦੇ ਨਾਅਰੇ ਗਲੀ ਗਲੀ ਗੂੰਜਣ ਲੱਗੇ। ਮਹਾਤਮਾ ਗਾਂਧੀ ਨੇ ਇਹ ਕਹਿ ਕੇ "ਪਾਕਿਸਤਾਨ ਮੇਰੀ ਲਾਸ਼ ਤੇ ਬਣੇਗਾ" ਇਸ ਦਿਨੋ ਦਿਨ ਚੜ੍ਹਦੀ ਜਾ ਰਹੀ ਲਹਿਰ ਨੂੰ ਠੱਲ ਪਾਉਣੀ ਚਾਹੀ, ਜਿਹੜੀ ਕਿਵੇਂ ਵੀ ਨਾ ਰੋਕੀ ਜਾ ਸਕੀ।

ਹਿੰਦੂ ਲੀਡਰਾਂ ਦੇ ਦਿਮਾਗ ਵਿਚ ਮੁਸਲਮਾਨਾਂ ਦੀ ਬਾਰਾਂ ਸੌ ਸਾਲ ਦੀ ਗੁਲਾਮੀ ਦਾ ਜ਼ਬਰਦਸਤ ਪ੍ਰਤਿਕਰਮ ਸੀ, ਜਿਸ ਵਿਚੋਂ ਬਦਲਾ ਲਊ ਭਾਵਨਾ ਦੀ ਬੂ ਆਉਂਦੀ ਸੀ। ਇਸ ਨੂੰ ਵਧੇਰੇ ਕਰਦੇ ਲਾਹੌਰ ਦੇ ਹਿੰਦੂ ਅਖਬਾਰਾਂ ਨੇ ਹਵਾ ਦਿੱਤੀ। ਆਜ਼ਾਦ ਹੋ ਜਾਣ ਪਿਛੋਂ ਮੈਨੂੰ ਤਿੰਨ ਚਾਰ ਵਾਰ ਲਾਹੌਰ ਤੇ ਹੋਰ ਸ਼ਹਿਰਾਂ ਵਿਚ ਜਾਣ ਦਾ ਮੌਕਾ ਮਿਲਿਆ ਹੈ। ਪਾਕਿਸਤਾਨ ਦੇ ਸੰਜੀਦਾ ਤੇ ਈਮਾਨਦਾਰ ਬੁਧੀਜੀਵੀ ਅੱਜ ਵੀ ਕਹਿ ਰਹੇ ਹਨ : ਮੁਲਕ ਦੋਫਾੜ ਨਹੀਂ ਹੋਣਾ ਚਾਹੀਦਾ ਸੀ। ਪਰ ਬਾਕੀ ਪਚਾਨਵੇਂ ਫੀਸਦੀ ਲਾਣਾ, ਲਾਹੌਰ ਦੇ ਫਿਰਕੂ ਪ੍ਰੈਸ, ਜਿਸ ਦੇ ਆਗੂ ਮਹਾਸ਼ਾ ਕ੍ਰਿਸ਼ਨ ਐਡੀਟਰ ਪ੍ਰਤਾਪ ਅਤੇ ਲਾਲਾ ਖੁਸ਼ਹਾਲ ਚੰਦ ਐਡੀਟਰ ਮਿਲਾਪ ਦੀ ਥੇਈ ਰਖਦੇ ਹਨ। ਉਹ ਐਲਾਨੀਆਂ ਆਖਦੇ ਹਨ, ਜੇ ਇਹ ਲੋਕ ਪਾਕਿਸਤਾਨ ਦੇ ਵਿਰੁਧ ਪ੍ਰਾਪੇਗੰਡਾ ਨਾ ਕਰਦੇ, ਸਾਨੂੰ ਪਾਕਿਸਤਾਨ ਕਦੋਂ ਮਿਲਣਾ ਸੀ, ਸਾਨੂੰ ਈਮਾਨਦਾਰੀ ਨਾਲ ਇਕਬਾਲ ਕਰਨਾ ਚਾਹੀਦਾ ਹੈ, ਇਹ ਨੱਬੇ ਫੀਸਦੀ ਸੱਚ ਸੀ। ਹਿੰਦੂਆਂ ਮੁਸਲਮਾਨਾਂ ਨੂੰ ਨਫਰਤ ਕੀਤੀ, ਸਿਟਾ ਪਾਕਿਸਤਾਨ ਨਿਕਲਿਆ। ਜਦੋਂ ਆਦਮੀ ਨੂੰ ਆਦਮੀ ਨਾ ਸਮਝਿਆ ਜਾਵੇ, ਉਹ ਆਪਣਾ ਹੱਕ ਤਾਕਤ ਦੇ ਜ਼ੋਰ ਮਨਵਾਉਂਦਾ ਏ। ਪੰਜਾਬ ਛੂਤ ਛਾਤ ਤਿਆਗਣ ਵਿਚ ਸਿੱਖ ਗੁਰੂਆਂ ਦੇ ਉਪਦੇਸ਼ ਕਾਰਨ ਸਾਰੇ ਹਿੰਦੋਸਤਾਨ ਵਿਚ ਮੋਹਰੀ ਹੈ। ਮੈਂ ਆਪ ਮੁਸਲਮਾਨਾਂ ਨੂੰ ਪੌਆਂ ਉਤੇ ਬਾਂਸ ਦੀ ਨਲਕੀ ਵਿਚੋਂ ਪਾਣੀ ਪੀਂਦਿਆਂ ਨੂੰ ਵੇਖਿਆ ਹੈ। ਜੁੱਤੀਆਂ ਵਿਚ ਖਲਾਰ ਕੇ ਉਹਨਾਂ ਨੂੰ ਮਲੇਛ ਆਖਿਆ ਜਾਂਦਾ ਸੀ। ਮੁਸਲਮਾਨ ਭਰਾਵਾਂ ਨਾਲ ਇਹ ਬ੍ਰਾਹਮਣਵਾਦ ਦਾ ਵਰਤਾ ਸੀ। ਤਾਰੀਖੀ ਸੱਚ ਇਹ ਹੈ, ਉਹਨਾਂ ਮਲੇਛਾਂ ਉਹੀ ਜੁੱਤੀਆਂ ਚੁੱਕ ਕੇ ਸਵਰਨ ਹਿੰਦੂਆਂ ਦੇ ਸਿਰ ਮਾਰੀਆਂ ਅਤੇ ਪਾਕਿਸਤਾਨ ਜਿੱਤ ਲਿਆ। ਭਾਰਤ ਦੇ ਬਾਕੀ ਸੂਬਿਆਂ ਵਿਚ ਛੂਤ ਛਾਤ ਦੀ ਬੀਮਾਰੀ ਦੀ ਬਾਬ ਹੀ ਭਲੀ ਹੈ। ਤੁਹਾਨੂੰ ਯਾਦ ਹੋਵੇਗਾ, ਚਲ ਰਹੇ ਗਊ ਅੰਦੋਲਨ ਦੇ ਸਮੇਂ, ਫਿਰਕੂਆਂ ਨੇ ਤੁਹਾਡੀ ਮਾਤਾ ਦਾ ਭੁਵਨੇਸ਼ਵਰ ਵਿਚ ਪੱਥਰ ਮਾਰ ਕੇ ਨੱਕ ਤੋੜ ਦਿੱਤਾ ਸੀ ਅਤੇ ਜਗਨਨਾਥ

ਪੁਰੀ ਦੇ ਮੰਦਰ ਵਿਚ ਅਸ਼ੁਧ ਹਿੰਦੂ ਹੋਣ ਕਾਰਨ ਵੜਨ ਨਹੀਂ ਦਿੱਤਾ ਸੀ। ਹਾਲਾਂ ਕਿ ਉਹ ਦੇਸ਼ ਦੀ ਪ੍ਰਧਾਨ ਮੰਤਰੀ ਸੀ, ਬ੍ਰਾਹਮਣ ਕੁਲ ਵਿਚੋਂ ਸੀ। ਕਿਉਂਕਿ ਮਹਾਤਮਾ ਗਾਂਧੀ ਦੀ ਅਸ਼ੀਰਵਾਦ ਨਾਲ ਉਸ ਪਾਰਸੀ ਨੌਜਵਾਨ ਫੀਰੋਜ਼ ਗਾਂਧੀ ਨਾਲ ਵਿਆਹ ਕਰਵਾ ਲਿਆ ਸੀ। ਇਉਂ ਉਹ ਸ਼ਾਇਦ ਹਿੰਦੂ ਨਹੀਂ ਰਹੀ ਸੀ। ਤੁਹਾਨੂੰ ਪਹਿਲੋਂ ਸ਼ੁੱਧ ਹਿੰਦੂ ਬਣਾਏ ਬਿਨਾਂ ਉਹਦਾ ਕ੍ਰਿਆ ਕਰਮ ਨਹੀਂ ਕਰਨ ਦਿੱਤਾ। ਕਿਉਂਕਿ ਬਾਪ ਦੀ ਜਦੋਂ ਤੁਸੀਂ ਪਾਰਸੀ ਸੀ। ਪਿਆਰੇ ਰਾਜੀਵ ਜੀ! ਰਿਸ਼ੀਆਂ-ਮੁਨੀਆਂ ਦੇ ਖੁਰਦੇ ਜਾਂਦੇ ਪਵਿੱਤਰ ਭਾਰਤ ਵਰਸ਼ ਨੂੰ ਤੁਸੀਂ ਕਿਵੇਂ ਇਕ-ਮੁੱਠ ਰਖੋਗੇ, ਜ਼ਾਤ ਵੰਡ ਤੇ ਛੂਤ-ਛਾਤ ਦਾ ਕੈਂਸਰ ਗਲ ਦੀ ਸ਼ਾਹ ਰਗ ਤੱਕ ਆ ਗਿਆ ਹੈ। ਜੇ ਇਹ ਵੀ ਮੰਨ ਲਿਆ ਜਾਵੇ, ਜੋ ਮੈਂ ਨਹੀਂ ਮੰਨਦਾ, ਸ਼ੂਦਰ ਬ੍ਰਹਮਾ ਦੇ ਪੈਰਾਂ ਵਿਚੋਂ ਨਿਕਲੇ ਸਨ। ਕੀ ਇਸ ਲਈ ਨਫਰਤ ਕਰਨ ਜੋਗ ਹਨ? ਪੈਰ ਸ਼ਰੀਰ ਦਾ ਹਿੱਸਾ ਨਹੀਂ ਹੁੰਦੇ? ਪੈਰਾਂ ਬਿਨਾਂ ਕੋਈ ਕਿਵੇਂ ਖਲੋ ਸਕਦਾ ਹੈ? ਪੈਰ ਮਨੁੱਖ ਨੂੰ ਧਰਤੀ ਨਾਲ ਨਹੀਂ ਜੋੜਦੇ? ਜੇ ਪੈਰ ਐਨੀ ਨਫਰਤ ਕਰਨ ਜੋਗ ਹਨ, ਤਾਂ ਸਰੀਰ ਨਾਲੋਂ ਲਾਹ ਕਿਉਂ ਨਹੀਂ ਦਿੱਤੇ ਜਾਂਦੇ। ਜੇ ਅਛੂਤ ਭਾਰਤ ਦੀ ਕੌਮੀਅਤ ਦਾ ਬਰਾਬਰ ਦਾ ਭਾਈਚਾਰਾ ਨਹੀਂ, ਭਾਰਤ ਨੂੰ ਇਕ ਕਿਵੇਂ ਰਖ ਲਵੋਗੇ। ਅਜਿਹੇ ਵਿਚਾਰ ਹੀ ਪਖੰਡ ਦੀ ਬੁਨਿਆਦ ਹਨ। ਇਹਨਾਂ ਵਿਚਾਰਾਂ ਦੇ ਧਾਰਨੀ ਸਮਾਜ ਦੁਸ਼ਮਣ ਨਾਲ ਲੋਕ ਦੁਸ਼ਮਣ ਵੀ ਹਨ—ਦੇਸ਼ ਧਰੋਹੀ। ਭਾਵੇਂ ਉਹ ਕਿੰਨੀ ਬਹੁ-ਗਿਣਤੀ ਵਿਚ ਹੋਣ। ਜੇ ਤੁਸੀਂ ਅਜਿਹੀ ਦੇਸ਼ ਮਾਰੂ ਫਿਰਕੂ ਸੋਚ ਨੂੰ ਨਹੀਂ ਬਦਲ ਸਕਦੇ, ਏਕਤਾ ਦੀਆਂ ਅਪੀਲਾਂ ਤੇ ਅਮਨ ਮਾਰਚ ਫਜ਼ੂਲ ਹਨ, ਪਖੰਡ ਹਨ। ਜ਼ਾਤ ਪਾਤ ਦਾ ਕੈਂਸਰ ਭਾਰਤ ਨੂੰ ਸ਼ਮਸ਼ਾਨ ਭੂਮੀ ਵਲ ਧੂਹੀ ਲਈ ਜਾ ਰਿਹਾ ਹੈ।

ਹੁਣ ਭਾਸ਼ਾ ਨੀਤੀ ਉੱਤੇ ਥੋੜ੍ਹੀ ਝਾਤ ਮਾਰ ਲਈਏ। ਕਿਉਂਕਿ ਭਾਸ਼ਾ ਦਾ ਮਸਲਾ ਵੀ ਹਿੰਦੋਸਤਾਨ ਨੂੰ ਪਾੜਨ ਵਿਚ ਇਕ ਮੂਲ ਕਾਰਨ ਰਿਹਾ ਹੈ। ਮਹਾਤਮਾ ਗਾਂਧੀ ਸਾਰੀ ਉਮਰ ਜ਼ੋਰ ਲਾਉਂਦਾ ਰਿਹਾ ਕਿ ਆਜ਼ਾਦ ਹਿੰਦੋਸਤਾਨ ਦੀ ਕੌਮੀ ਜ਼ਬਾਨ ਹਿੰਦੋਸਤਾਨੀ ਹੋਣੀ ਚਾਹੀਦੀ ਹੈ। ਪਰ ਹੋਣ ਕੀਹਨੇ ਨਹੀਂ ਦਿੱਤੀ? ਜਵਾਹਰ ਲਾਲ ਨਹਿਰੂ ਜ਼ਬਾਨ ਦੇ ਮਸਲੇ ਵਿਚ ਕਾਫੀ ਖੁਲ੍ਹਦਿਲਾ ਸੀ। ਪਰ ਕੱਟੜ ਪੰਥੀ ਭਵਿੱਖ ਦੀ ਥਾਂ ਭੂਤ ਵਲ ਦੇਸ਼ ਨੂੰ ਖਿੱਚੀ ਜਾਂਦੇ ਸਨ। ਏਸੇ ਖਿੱਚੋਤਾਣ ਵਿਚ ਮੁਲਕ ਦੋਫਾੜ ਹੋ ਗਿਆ। ਫਿਰ ਸੁਤੰਤਰ ਹੋ ਜਾਣ ਪਿਛੋਂ ਜੋ ਹਿੰਦੀ ਭਾਸ਼ਾ ਘੜੀ ਜਾਣ ਲੱਗੀ, ਉਹਦੀ ਸਮਝ ਖੁਦ ਵਜ਼ੀਰ ਆਜ਼ਮ ਜਵਾਹਰ ਲਾਲ ਨਹਿਰੂ ਨੂੰ, ਉਹਦੇ

ਆਪਣੇ ਇਕਬਾਲ ਅਨੁਸਾਰ ਨਹੀਂ ਆਉਂਦੀ ਸੀ। ਅਜ ਵੀ ਰੇਡੀਓ ਤੇ ਟੀ. ਵੀ. ਦੀਆਂ ਹਿੰਦੀ ਖ਼ਬਰਾਂ ਅੰਗਰੇਜ਼ੀ ਵਿਚ ਵਧੇਰੇ ਸਮਝੀਆਂ ਜਾ ਰਹੀਆਂ ਹਨ। ਵਿਗਿਆਨ, ਜਿਸ ਨੂੰ ਤੁਸੀਂ ਪਹਿਲ ਦੇ ਕੇ ਨੀਤੀਆਂ ਘੜਦੇ ਹੋ, ਭਾਸ਼ਾ ਨੂੰ ਲੋਕਾਂ ਦੇ ਉਚਾਰਨ ਤੇ ਸਮਝਣ ਤੱਕ ਪਾਬੰਦ ਕਰਦਾ ਹੈ। ਪਰ ਜੋ ਹਿੰਦੀ ਸਰਕਾਰੀ ਭਾਸ਼ਾ ਦੇ ਤੌਰ ਤੇ ਠੋਸੀ ਜਾ ਰਹੀ ਹੈ, ਉਹ ਹਿੰਦੋਸਤਾਨ ਦੇ ਕਿਸੇ ਭਾਗ ਵਿਚ ਨਹੀਂ ਬੋਲੀ ਜਾ ਰਹੀ। ਜੇ ਉਹ ਸਾਂਝੀ ਬੋਲੀ ਦੇ ਤੌਰ ਤੇ ਅੱਗੇ ਲਿਆਂਦੀ ਜਾ ਰਹੀ ਹੁੰਦੀ, ਤਦ ਵੀ ਸੀ। ਪਰ ਉਹ ਤਾਂ ਮੁਰਦੇ ਕਬਰਾਂ ਵਿਚੋਂ ਕਢੇ ਜਾ ਰਹੇ ਹਨ। ਡਾ: ਰਘਬੀਰਾ ਨੇ ਹਿੰਦੀ ਦੀ ਡਿਕਸ਼ਨਰੀ ਬਣਾ ਕੇ ਅੱਧੋਸੁੱਧੀ ਸੰਸਕ੍ਰਿਤ ਵਾੜ ਦਿੱਤੀ। ਇਹ ਬੀਮਾਰੀ ਜਿਵੇਂ ਜਿਵੇਂ ਇਲਾਜ ਸੋਚਿਆ ਗਿਆ, ਵਧਦੀ ਹੀ ਗਈ। ਫਿਰ ਪ੍ਰਾਂਤਿਕ ਬੋਲੀਆਂ ਵਿਚ ਖੋਟ ਪਾਉਣੇ ਸ਼ੁਰੂ ਕਰ ਦਿਤੇ। ਜ਼ਬਾਨਾਂ ਦੇ ਹੁਲੀਏ ਵਿਗਾੜ ਕੇ ਅਤੇ ਲਿੱਪੀਆਂ ਬਦਲ ਕੇ ਹੀ ਮਾਰਿਆ ਜਾਂਦਾ ਹੈ। ਜੇ ਜ਼ਬਾਨ ਮਾਰ ਲਈ ਕੌਮੀਅਤ ਨੂੰ ਖਤਮ ਕਰਨਾ ਕੋਈ ਮੁਸ਼ਕਲ ਨਹੀਂ ਰਹਿ ਜਾਂਦਾ। ਪੰਜਾਬੀ ਨੂੰ ਘਟੋ ਘਟ ਅੱਠ ਕਰੋੜ ਲੋਕ ਬੋਲਦੇ ਹਨ। ਸਕੂਲਾਂ ਕਾਲਜਾਂ ਦੀਆਂ ਕਿਤਾਬਾਂ ਦੀ ਤਿਆਰੀ ਵਿਚ ਹਿੰਦੀ ਸੰਸਕ੍ਰਿਤ ਦੇ ਰਲਾਅ ਨਾਲ ਪੰਜਾਬੀ ਦਾ ਮੂਲ ਤੱਕ ਵਿਗਾੜਕੇ ਰੱਖ ਦਿੱਤਾ ਹੈ। ਜਿਹੜੀ ਟੈਕਨਾਲੋਜੀ ਦੇ ਸ਼ਬਦ ਬਾਹਰੋਂ ਆਏ ਹਨ, ਸਾਡੀਆਂ ਜ਼ਬਾਨਾਂ ਕੋਲ ਬਦਲ ਨਹੀਂ, ਉਹਨਾਂ ਨੂੰ ਸਿੱਧੀਆਂ ਆਪਣੀ ਫਾਰਮ ਵਿਚ ਕਿਉਂ ਨਹੀਂ ਢਾਲਿਆ ਗਿਆ। ਮਸਲਨ ਸਕੂਲ, ਕਾਲਜ, ਟੈਲੀਫੋਨ, ਰੇਡੀਓ, ਰੇਲ, ਮਸ਼ੀਨ, ਟਰੱਕ ਟਰੈਕਟਰ, ਗਲਾਸ, ਪਲੇਟ, ਪੰਪ ਆਦਿ ਹੁਣ ਦੇਸੀ ਸ਼ਬਦ ਬਣ ਚੁੱਕੇ ਹਨ। ਇਹਨਾਂ ਦਾ ਬਦਲ ਸੰਸਕ੍ਰਿਤ ਵਿਚੋਂ ਲੱਭਣਾ ਮੂਰਖਤਾ ਨਹੀਂ ? ਪਰ ਲੱਭਿਆ ਜਾ ਰਿਹਾ ਹੈ। ਯੂਨੀਵਰਸਿਟੀਆਂ, ਰੇਡੀਓ ਤੇ ਟੀ. ਵੀ. ਨੇ ਪੰਜਾਬੀ ਦਾ ਰੰਗ ਰੂਪ ਹੀ ਵਿਗਾੜ ਸੁੱਟਿਆ ਹੈ। ਬਾਨਣੂੰ ਕੋਈ ਨਹੀਂ। ਜ਼ਬਾਨ ਬਣਾਉਣ ਵਿਚ ਵੀ ਨੀਅਤ ਖੋਟੀ ਐ। ਦੇਖੋ, ਦੇਸ਼ ਦਾ ਨਾਂ ਤਾਂ ਭਾਰਤ ਹੈ, ਪਰ ਜ਼ਬਾਨ ਭਾਰਤੀ ਨਹੀਂ ਹੋ ਸਕਦੀ। ਹਿੰਦੀ ਨੂੰ ਹੀ ਅਪਣਾਉਣਾ ਸੀ ਤਾਂ ਦੇਸ਼ ਦਾ ਨਾਂ ਹਿੰਦੋਸਤਾਨ ਕੀ ਬੁਰਾ ਸੀ। ਪਰ ਬੁਰਾ ਸੀ, ਇਸ ਲਈ ਕਿ ਉਹਦੀ ਉਚਾਰਨ ਵਿਧੀ ਫਾਰਸੀ ਮੂਲ ਦੀ ਹੈ, ਤੇ ਫਾਰਸ ਇਕ ਮੁਸਲਮਾਨ ਦੇਸ਼ ਹੈ। ਲੰਮੀ ਗੁਲਾਮੀ ਦੇ ਪ੍ਰਤਿਕਰਮ ਵਿਚ ਮੁਸਲਮਾਨਾਂ ਦੀ ਭਾਸ਼ਾ, ਕਲਾ ਤੇ ਕਲਚਰ ਆਦਿ ਕੌਮੀ ਗੁਣ ਸਭ ਪਰਾਏ ਹੋ ਗਏ ਹਨ : ਅਜ ਚਾਰ ਹਜ਼ਾਰ ਸਾਲ ਪਹਿਲਾਂ ਦਾ ਵਾਪਰਿਆ ਮਹਾਂਭਾਰਤ ਵਰਤਮਾਨ ਤੇ ਭਵਿੱਖ ਅਗੇ

ਡਾਹਿਆ ਜਾ ਰਿਹਾ ਹੈ। ਉਰਦੂ ਮਿਸ਼ਰਤ ਭਾਸ਼ਾ ਸੀ, ਪਰ ਫਾਰਸੀ ਲਿਪੀ ਵਿਚ ਲਿਖੀ ਜਾਣ ਕਾਰਨ ਖੰਜਰ ਦੀ ਨੋਕ ਵਾਂਗ ਚੁਭਦੀ ਸੀ। ਹੁਣ ਉਰਦੂ ਤੇ ਫਾਰਸੀ ਦੇ ਉਹ ਲਫਜ਼ ਕੱਢੇ ਜਾ ਰਹੇ ਹਨ, ਜਿਹੜੇ ਆਮ ਬੋਲਚਾਲ ਵਿਚ ਆ ਕੇ ਅਸਲੋਂ ਦੇਸੀ ਬਣ ਚੁਕੇ ਹਨ। ਤੇ ਉਹਨਾਂ ਦੀ ਥਾਂ ਹਿੰਦੀ ਸੰਸਕ੍ਰਿਤ ਦੇ ਸ਼ਬਦ ਘੁਸੇੜੇ ਜਾਂਦੇ ਹਨ। ਮਿਸਾਲ ਦੇ ਤੌਰ ਤੇ ਤਨਖਾਹ ਦੀ ਥਾਂ ਵੇਤਨ, ਮਰਨ ਦੀ ਥਾਂ ਨਿਧਨ ਅਤੇ ਮਿਹਨਤ ਦੀ ਜਗ੍ਹਾ ਸ਼੍ਰਮ ਰੇਡੀਓ ਤੇ ਟੀ. ਵੀ. ਉਤੇ ਲਾਜ਼ਮੀ ਬੁਲਾਏ ਜਾਂਦੇ ਹਨ। ਇਹ ਹਦਾਇਤਾਂ ਬਿਨਾਂ ਪ੍ਰੈਸ ਵਿਚ ਲਿਆਂਦੇ ਖੁਫੀਆ ਸਰਕੂਲਰਾਂ ਰਾਹੀਂ ਚਾੜੀਆਂ ਜਾਂਦੀਆਂ ਹਨ। ਸ਼ਾਇਦ ਤੁਹਾਡੀ ਜਾਣਕਾਰੀ ਵਿਚ ਵੀ ਨਾ ਲਿਆਂਦੀਆਂ ਜਾਂਦੀਆਂ ਹੋਣ। ਤੁਸੀਂ ਆਪ ਈਮਾਨਦਾਰੀ ਨਾਲ ਦੱਸੋ, ਕਿਹੜੇ ਸ਼ਬਦ ਸਾਰੇ ਭਾਰਤ ਵਿਚ ਵਧ ਸਮਝੇ ਜਾਂਦੇ ਹਨ, ਜੇ ਈਮਾਨਦਾਰੀ ਨੇ ਨਹੀਂ ਰਹਿਣਾ, ਰਾਜ ਕਿਵੇਂ ਰਹੇਗਾ? ਰਾਜ, ਸੁਚਾਰੂ ਕੀਮਤਾਂ ਹੀ ਕਾਇਮ ਕਰਦੀਆਂ ਤੇ ਕਾਇਮ ਰਖਦੀਆਂ ਹਨ। ਭਾਸ਼ਾ ਨੇ ਹੀ ਪਾਕਿਸਤਾਨ ਨਾਲੋਂ ਤੋੜ ਕੇ ਬੰਗਲਾਦੇਸ਼ ਪੈਦਾ ਪੈਦਾ ਕੀਤਾ ਹੈ। ਤੇ ਬੰਗਲਾ ਭਾਸ਼ਾ ਦੋਹਾਂ ਬੰਗਾਲਾਂ ਨੂੰ ਕਦੇ ਵੀ ਜੋੜਨ ਦਾ ਕਾਰਨ ਬਣ ਸਕਦੀ ਹੈ। ਪਰ ਪੰਜਾਬ ਵਿਚ ਅਜਿਹਾ ਨਹੀਂ ਵਾਪਰ ਸਕਦਾ। ਕਿਉਂਕਿ ਪੱਛਮੀ ਪੰਜਾਬ ਦੀ ਸਰਕਾਰੀ ਜ਼ਬਾਨ ਪੰਜਾਬੀ ਦੀ ਥਾਂ ਉਰਦੂ ਹੈ ਤੇ ਲਿਖੀ ਵੀ ਫਾਰਸੀ ਲਿੱਪੀ ਵਿਚ ਜਾਂਦੀ ਹੈ। ਪੂਰਬੀ ਪੰਜਾਬ ਦੀ ਸਰਕਾਰੀ ਜ਼ਬਾਨ ਲੋਕ ਬੋਲੀ ਪੰਜਾਬੀ ਹੈ, ਜਿਸ ਦੀ ਆਪਣੀ ਸ਼ੁੱਧ ਉਚਾਰਨ ਵਾਲੀ ਮੌਲਿਕ ਲਿੱਪੀ ਹੈ। ਪੰਜਾਬੀ ਕੋਲ ਆਪਣਾ ਬੇਹੱਦ ਸ਼ਬਦ ਭੰਡਾਰ ਹੈ। ਕੋਈ ਅਜਿਹਾ ਭਾਵ-ਖਿਆਲ ਨਹੀਂ, ਜਿਸ ਨੂੰ ਸ਼ਬਦ ਨਾ ਫੜ ਸਕਦੇ ਹੋਣ। ਸਗੋਂ ਉਰਦੂ ਵਾਲੇ ਅੱਧੋ ਸੁੱਧੀ ਪੰਜਾਬੀ ਵਰਤਦੇ ਹਨ। ਫਿਲਮਾਂ ਵਾਲਿਆਂ ਨੂੰ ਤਾਂ ਪੰਜਾਬੀ ਬਿਨਾਂ ਸਰਦਾ ਹੀ ਨਹੀਂ। ਪੰਜਾਬੀ ਸਵਾਏ ਸਾਇੰਸੀ ਟੈਕਨਾਲੋਜੀ ਅਤੇ ਮਨੁੱਖੀ ਵਿਗਿਆਨਾਂ ਦੇ ਕਿਵੇਂ ਵੀ ਉਧਾਰ ਨਹੀਂ ਖਾ ਸਕਦੀ। ਪੰਜਾਬੀ ਨੂੰ ਬਾਹਰੋਂ ਕੋਈ ਦੇਸ਼-ਪਾੜੂ ਖਤਰਾ ਨਹੀਂ, ਜਿਵੇਂ ਬੰਗਾਲੀ ਨੂੰ ਹਮੇਸ਼ਾਂ ਬਣਿਆ ਰਹੇਗਾ। ਪਰ ਪੰਜਾਬੀ ਨੂੰ ਅੰਦਰੋਂ ਪਿੱਠ 'ਚ ਛੁਰੀਮਾਰਾਂ ਦਾ ਖਤਰਾ ਨੰਗਾ ਚਿੱਟਾ ਸਾਹਮਣੇ ਆ ਚੁੱਕਾ ਹੈ। ਹਿੰਦੂਆਂ ਦੇ ਇਕ ਵੱਡੇ ਤਬਕੇ (ਆਰੀਆਂ ਸਮਾਜੀਆਂ ਤੇ ਮਹਾਸ਼ਿਆਂ) ਨੇ ਪੰਜਾਬੀ ਨੂੰ ਗੰਵਾਰ ਭਾਸ਼ਾ ਕਹਿ ਕੇ ਦੁਰਕਾਰ ਛੱਡਿਆ ਹੈ। ਪੰਜਾਬ ਦੀ ਵਰਤਮਾਨ ਗੜਬੜੀ ਦਾ ਮੂਲ ਕਾਰਨ ਭਾਸ਼ਾ ਹੈ। ਆਰੀਆ ਸਮਾਜੀਆਂ ਤੇ ਮਹਾਸ਼ਿਆਂ ਨੇ ਪੰਜਾਬੀ ਨਾ ਪੜ੍ਹਨ ਦਾ ਗੁੱਡਾ ਬੰਨ੍ਹਿਆ। ਇਹਨਾਂ ਸਿਆਣਿਆਂ ਇਹ ਨਹੀਂ ਸੋਚਿਆ, ਭਾਸ਼ਾ

ਦੇ ਕੱਟੜ ਰਵੱਈਏ ਕਾਰਨ ਦੇਸ਼ ਪਹਿਲਾਂ ਦੋ ਫਾੜ ਹੋ ਚੁੱਕਾ ਹੈ—ਇਹ ਅਗਾਂਹ ਵੀ ਪਾਟ ਸਕਦਾ ਹੈ। ਪੰਜਾਬੀ ਨਾ ਪੜ੍ਹਨ ਦਾ ਵੱਡਾ ਮੋਢੀ ਓਦੋਂ ਕਾਂਗਰਸ ਦਾ ਜਨਰਲ ਸਕੱਤਰ ਲਾਲਾ ਜਗਤ ਨਰਾਇਣ ਸੀ। ਜਿਸ ਦਾ ਕਤਲ ਹੋ ਚੁੱਕਾ ਹੈ। ਇਸ ਸਖਸ਼ ਨੇ ਰੰਗੀ ਵਸਦੇ ਪੰਜਾਬ ਵਿਚ ਫਿਰਕੂ ਭਾਂਬੜ ਬਾਲੇ। ਆਪਣੀ ਅਖਬਾਰੀ ਦੁਕਾਨ-ਦਾਰੀ ਲਈ ਇਹ ਕਸ਼ਮੀਰੀ ਸ਼ੇਖ ਅਬਦੁੱਲਾ ਅਤੇ ਸਵਰਗ ਵਾਸੀ ਪ੍ਰਧਾਨ ਮੰਤਰੀ ਨਹਿਰੂ ਦੇ ਮਗਰ ਸੇਰ ਆਟਾ ਬੰਨ੍ਹਕੇ ਪਿਆ ਰਿਹਾ। ਜਿੰਨਾ ਚਿਰ ਉਹ ਮਰ ਨਹੀਂ ਗਏ, ਉਹਨਾਂ ਦੇ ਵਿਰੁਧ ਲਿਖਣੋਂ ਨਹੀਂ ਹਟਿਆ ਮਰ ਗਏ ਬੰਦੇ ਦੀ ਨਿੰਦਿਆ ਨਰਕਵਾਸ ਦੇਂਦੀ ਹੈ। ਪਰ ਜਗਤ ਨਾਰਾਇਣ ਨੂੰ ਪੰਜਾਬ ਦੀ ਤਾਰੀਖ ਕਦੇ ਮਾਫ ਨਹੀਂ ਕਰੇਗੀ। ਚੁਆਤੀ ਹਮੇਸ਼ਾਂ ਭਾਂਬੜਾਂ ਦੀ ਮਾਂ ਹੁੰਦੀ ਹੈ।

ਜਲੰਧਰ ਦੇ ਹਿੰਦੂ ਪ੍ਰੈਸ ਦੀ ਸਿੱਖਾਂ ਵਿਰੁਧ ਬੰਬਬਾਰੀ ਉਸੇ ਰਫਤਾਰ ਨਾਲ ਜਾਰੀ ਹੈ। ਜਿੰਨਾ ਚਿਰ ਸਿੱਖਾਂ ਨੂੰ ਕੌਮੀ ਧਾਰਾ ਨਾਲੋਂ ਤੋੜ ਕੇ ਵਖਰਿਆਂ ਨਹੀਂ ਕਰ ਲੈਂਦੀ, ਬੰਦ ਨਹੀਂ ਹੋਵੇਗੀ। ਇਹਨਾਂ ਪਾਕਿਸਤਾਨ ਬਣਾ ਕੇ ਇਹ ਰੋਲ ਨਿਬਾ-ਹਿਆ ਹੈ ਤੇ ਹੁਣ ਆਪਣੇ ਕੁਦਰਤੀ ਫਿਰਕੂ ਸੁਭਾ ਤੋਂ ਕਿਵੇਂ ਬਾਜ਼ ਆ ਸਕਦੇ ਹਨ। ਤੇ ਰਾਜੀਵ ਜੀ, ਸਈਆਂ ਭਏ ਕੋਤਵਾਲ, ਇਹਨਾਂ ਨੂੰ ਡਰ ਕਾਹੇ ਕਾ। ਮੇਰੀ ਗੱਲ ਲਿਖ ਲਓ, ਇਹ ਪ੍ਰੈਸ ਵਖਰੇਵੇਂ ਦਾ ਪੁਆੜਾ ਪਾਏ ਬਿਨਾਂ ਟਲੇਗਾ ਨਹੀਂ। ਇਹ ਪੰਜਾਬੀ ਭਾਸ਼ਾ ਦਾ ਹੀ ਨਹੀਂ, ਪੰਜਾਬ ਦੇ ਸਮੁੱਚੇ ਹਿਤਾਂ ਦਾ ਵਿਰੋਧੀ ਹੈ, ਇਹ ਪ੍ਰੈਸ ਲੂਣ ਪੰਜਾਬ ਦਾ ਖਾਂਦਾ ਹੈ ਤੇ ਵਕਾਲਤ ਹਰਿਆਣੇ ਤੇ ਰਾਜਸਥਾਨ ਦੀ ਕਰਦਾ ਹੈ। ਤੁਸੀਂ ਹੀ ਦੱਸੋ ਇਹਨਾਂ ਦੇ ਪੰਜਾਬ ਵਿਰੋਧੀ ਰਵੱਈਏ ਕਾਰਨ ਏਥੇ ਅਮਨ ਕਿਵੇਂ ਹੋ ਜਾਵੇਗਾ ? ਜੇ ਤੁਸੀਂ ਲੰਕਾ ਦੇ ਗ਼ਦਾਰ ਭਬੀਖਣ ਨੂੰ ਭਗਤ ਸਮਝਦੇ ਹੋ, ਤਦ ਇਹਨਾਂ ਨੂੰ ਤਾਂ ਮਹਾਂ ਭਗਤ ਸਮਝੋਗੇ ! ਮੈਂ ਸਾਫ ਸਾਫ ਆਖਦਾ ਹਾਂ, ਇਸ ਪ੍ਰੈਸ ਦੀ ਪੰਜਾਬ ਦੇ ਹਿਤਾਂ ਦੀ ਵਿਰੋਧਤਾ ਸਾਡੇ ਦਿਲ ਦੂਰ ਹੀ ਨਹੀਂ ਕਰਦੀ, ਜ਼ਖਮ ਵੀ ਲਾਉਂਦੀ ਹੈ, ਮੁੜ ਲੂਣ ਭੁੱਕਦੀ ਹੈ। ਜੇ ਪੰਜਾਬ ਵਿਚ ਸਥਾਈ ਅਮਨ ਕਾਇਮ ਕਰਨਾ ਹੈ ਤਾਂ ਇਹਨਾਂ ਦੇ ਨੱਥ ਪਾਓ। ਤੁਸੀਂ ਦੁਨੀਆਂ ਘੁੰਮ ਆਏ ਹੋ, ਅਜਿਹਾ ਕੋਈ ਦੇਸ਼ ਡਿੱਠਾ, ਜਿਹੜਾ ਆਪਣੀ ਮਾਂ ਬੋਲੀ ਨੂੰ ਮੰਨਣ ਤੋਂ ਇਨਕਾਰੀ ਹੋਵੇ। ਪਰ ਪੰਜਾਬ ਦੇ ਆਰੀਆ ਸਮਾਜੀ ਤੇ ਮਹਾਸ਼ੇ ਆਪਣੀ ਮਿਸਾਲ ਆਪ ਹਨ। ਮੂੰਹ-ਪਾੜ ਕੇ ਇਕ ਸੱਚ ਹੋਰ ਕਹਿਣਾ ਚਾਹੁੰਦਾ ਆਂ : ਜੇ ਸੁਆਮੀ ਦਿਆ ਨੰਦ ਪੰਜਾਬ ਨਾ ਆਇਆ ਹੁੰਦਾ, ਪਾਕਿਸਤਾਨ ਕਦੇ ਨਾ ਬਣਦਾ। ਬਸ ਉਹਦੇ ਖਿਲਾਰੇ ਬੀਜਾਂ

ਦੇ ਜੰਗਲ ਵਿਚ ਦਾਵਾਨਲ ਭੜਕ ਪਈ। ਮੈਂ ਪੋਤੜੇ ਨਹੀਂ ਫਰੋਲਣਾ ਚਾਹੁੰਦਾ। ਇਕ ਕਹੌਤ ਹੈ ਪੰਜਾਬੀ ਵਿਚ : ਜੱਟ ਦਾ ਮੂੰਹ ਕੁਹਾੜੇ ਨਾਲ ਪਾਟਿਆ ਹੁੰਦਾ ਹੈ। ਪਰ ਜੇ ਉਹ ਸੱਚ ਆਖੇ, ਫਿਰ ਤਾਂ ਦੋਸ਼ ਨਹੀਂ ਹੋਣਾ ਚਾਹੀਦਾ।

ਪ੍ਰਧਾਨ ਮੰਤਰੀ ਜੀ, ਅਸੀਂ ਪੰਜਾਬੀ ਅਜਿਹੀ ਕੋਈ ਵੀ ਭਾਸ਼ਾ ਨੀਤੀ ਪ੍ਰਵਾਨ ਨਹੀਂ ਕਰਾਂਗੇ, ਜਿਹੜੀ ਸਾਨੂੰ ਵਾਇਆ ਅੰਗਰੇਜ਼ੀ ਸਮਝਣੀ ਪਵੇ। ਅਸੀਂ ਸਿੱਕੇ ਬੰਦ ਪੰਜਾਬੀ ਭਾਸ਼ਾ ਵਿਚ ਹਿੰਦੀ ਸੰਸਕ੍ਰਿਤ ਦੀ ਜ਼ਹਿਰੀਲੀ ਕਿਰਕ ਬਰਦਾਸ਼ਤ ਨਹੀਂ ਕਰਾਂਗੇ। ਤੁਸੀਂ ਅ ਪਣੇ, ਚਹੇਤਿਆਂ ਰਾਹੀਂ ਜ਼ਬਰਦਸਤੀ ਠੋਸੋਗੇ, ਅਸੀਂ ਉਨੇ ਜ਼ੋਰ ਨਾਲ ਹੀ ਵਿਰੋਧ ਕਰਾਂਗੇ। ਕੰਧ ਨਾਲ ਪੱਥਰ ਮਾਰੋਗੇ, ਤੁਹਾਡਾ ਸੁਨੱਖਾ ਮੂੰਹ ਵੀ ਜ਼ਖਮੀ ਹੋ ਸਕਦਾ ਹੈ। ਸਾਡੇ ਵਿਰੋਧ ਨੂੰ ਕੁਦਰਤੀ ਸੱਚ ਨਹੀਂ ਮੰਨੋਗੇ, ਗੱਲ ਬਗਾਵਤ ਤੇ ਆ ਜਾਵੇਗੀ। ਇਉਂ ਦੇਸ਼ ਦੀ ਏਕਤਾ ਤੇ ਸੱਟ ਪਏਗੀ, ਜਿਹੜੀ ਸਾਰਿਆਂ ਲਈ ਮੰਦਭਾਗੀ ਹੋਵੇਗੀ। ਭਾਸ਼ਾ ਕਿਸੇ ਵੀ ਕੌਮੀਅਤ ਦੇ ਦੋ ਵੱਡੇ ਮੁਖ ਕਾਰਨਾਂ ਵਿਚੋਂ ਇਕ ਹੁੰਦੀ ਹੈ। ਉਸ ਨੂੰ ਨਫੀ ਕਰਨ ਨਾਲ ਕੌਮੀਅਤ ਬਿਨਾਂ ਜ਼ਹਿਰ ਦਿੱਤਿਆਂ ਆਪਣੀ ਮੌਤ ਆਪ ਮਰ ਜਾਂਦੀ ਹੈ। ਮੈਂ ਤੁਹਾਨੂੰ ਪੁੱਛਦਾ ਆਂ, ਕੋਈ ਹੈ ਅਜਿਹਾ ਗਿਆ ਗੁਜਰਿਆ, ਜਿਹੜਾ ਚੁੱਪ ਚਾਪ ਆਪਣੀ ਅਣਹੋਂਦ ਬਰਦਾਸ਼ਤ ਕਰ ਲਵੇਗਾ। ਜੇ ਇਹ ਨੀਤੀ ਨਹੀਂ ਬਦਲਣੀ, ਪੰਜਾਬ ਹੀ ਨਹੀਂ, ਬਾਕੀ ਰਾਜ ਵੀ ਗੜਬੜ ਦੀ ਲਪੇਟ ਵਿਚ ਆਉਣਗੇ। ਗੰਭੀਰ ਸੋਚ ਤੇ ਜ਼ੁੰਮੇਂਵਾਰ ਅਮਲ ਦੀ ਫੌਰੀ ਲੋੜ ਹੈ। ਲੋਕ ਅਸਭਿਆ ਹੋ ਸਕਦੇ ਹਨ, ਵਧ ਤੋਂ ਵਧ ਅਣਪੜ੍ਹ, ਅਨਾੜੀ, ਪਰ ਭਾਸ਼ਾ ਵੀ ਕਦੇ ਗੰਵਾਰ ਹੋਈ ਹੈ। ਜੋ ਸਾਰੀ ਦੁਨੀਆਂ ਵਿਚ ਚਿੱਟਾ ਸੱਚ ਹੈ, ਉਹ ਭਾਰਤ ਵਿਚ ਆ ਕੇ ਕਿਵੇਂ ਨੰਗਾ ਝੂਠ ਬਣ ਜਾਂਦਾ ਹੈ ? ਰੇਡੀਓ ਅਤੇ ਟੀ. ਵੀ. ਵਿਭਾਗਾਂ ਦੇ ਕਰਮਚਾਰੀ ਪੰਜਾਬੀ ਹੁੰਦੇ ਹੋਏ, ਨੀਅਤ ਦੇ ਪੰਜਾਬੀ ਨਹੀਂ। ਏਸੇ ਲਈ ਪਾਣੀ ਸਬਦ ਨੂੰ ਪਾਨੀ ਬੋਲਦੇ ਹਨ। ਆਟਿਓਗ, ਅਭਿਆਨ ਤੇ ਭੀਸ਼ਨ ਆਦਿ ਦੀ ਪੰਜਾਬੀ ਵਿਚ ਜਾਣ ਬੁਝਕੇ ਵਰਤੋਂ ਕਰਦੇ ਹਨ, ਜਦੋਂ ਕਿ ਇਹਨਾਂ ਦੇ ਬਦਲ ਪੰਜਾਬੀ ਵਿਚ ਆਮ ਮਿਲਦੇ ਹਨ। ਹਿੰਦੀ ਦਾ ਸ਼ਬਦ ਭੰਡਾਰ ਪੰਜਾਬੀ ਨਾਲੋਂ ਕਿਵੇਂ ਵੀ ਵੱਡਾ ਨਹੀਂ। ਪੰਜਾਬ ਦੇ ਸਾਊ ਤੇ ਬਹਾਦਰ ਸਭਿਆਚਾਰ ਨੂੰ ਜਾਣ ਕੇ ਹਾਸੋਹੀਣਾ ਪੇਸ਼ ਕੀਤਾ ਜਾਂਦਾ ਹੈ। ਪਿਛਲੇ ਦਿਨਾਂ ਵਿਚ ਪੰਜਾਬੀ ਦਾ ਨਿਸ਼ਕਰਸ਼ ਡਰਾਮਾ ਜਲੰਧਰ ਟੀ.ਵੀ. ਤੋਂ ਪੇਸ਼ ਕੀਤਾ ਗਿਆ। ਛੋਟੀਆਂ ਵੱਡੀਆਂ ਤੀਹ ਪੁਸਤਕਾਂ ਤੋਂ ਵਧ ਹੀ ਲਿਖ ਚੁੱਕਾ ਹਾਂ, ਪਰ ਮੈਂ ਪੰਜਾਬੀ ਭਾਸ਼ਾ

ਵਿਚ ਨਿਸ਼ਕਰਸ਼ ਸ਼ਬਦ ਕਿਧਰੇ ਨਹੀਂ ਪੜ੍ਹਿਆ। ਨੌਕਰੀ ਦੇਣ ਸਮੇਂ ਭਰਤੀ ਹੀ ਖੋਟੀ ਨੀਅਤ ਨਾਲ ਕੀਤੀ ਜਾਂਦੀ ਹੈ। ਇਕ ਵੀ ਈਮਾਨਦਾਰ, ਪੰਜਾਬੀ ਇੰਚਾਰਜ ਹੋਵੇ. ਨਿਸ਼ਕਰਸ ਵਰਗੇ ਨਾਟਕ ਕਦੇ ਪਾਸ ਹੋ ਕੇ ਪ੍ਰਸਾਰਤ ਨਾ ਕੀਤੇ ਜਾਣ। ਅਸੀਂ ਸਮਝਦੇ ਆਂ, ਜਿਹਨਾਂ ਨੂੰ ਸਰਕਾਰ ਬੁਰਕੀ ਪਾਉਂਦੀ ਐ, ਉਹ ਪੇਟ ਦੇ ਦੁੱਖੋਂ ਆਪਣਾ ਈਮਾਨ ਵੇਚ ਕੇ ਵੀ ਉਹਨਾਂ ਦੇ ਹਿੱਤਾਂ ਲਈ ਭੌਂਕਦੇ ਐ। ਜੇ ਸਰਕਾਰ ਵਿਚ ਮਾਂਹ ਦੀ ਸਫੈਦੀ ਜਿੰਨੀ ਵੀ ਸਚਾਈ ਤੇ ਈਮਾਨਦਾਰੀ ਹੈ, ਤਦ ਉਸ ਨੂੰ ਜਲੰਧਰ ਟੀ. ਵੀ. ਤੇ ਰੇਡੀਓ ਕੇਵਲ ਪੰਜਾਬ ਦੇ ਲੋਕ ਹਿਤਾਂ, ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਵਿਕਾਸ ਲਈ ਰਾਖਵੇਂ ਕਰ ਦੇਣੇ ਚਾਹੀਦੇ ਹਨ। ਜਿਵੇਂ ਕਲਕੱਤਾ ਬੰਗਾਲੀਆਂ ਤੇ ਮਦਰਾਸ ਤਾਮਲਾਂ ਲਈ ਵਕਫ਼ ਹਨ। ਅਸੀਂ ਸਪਸ਼ਟ ਕਰਨਾ ਚਾਹੁੰਦੇ ਆਂ ਕਿ ਸਾਡੇ ਦਿਲਾਂ ਵਿਚ ਤੁਹਾਡੀ ਸਰਕਾਰ ਦੀ ਖੋਟੀ ਨੀਅਤ ਨਿਸਚਿੱਤ ਹੋ ਕੇ ਬਹਿ ਚੁੱਕੀ ਹੈ ਕਿ ਇਹਨਾਂ ਝੂਠੇ ਕੌਮ ਪ੍ਰਸਤਾਂ ਤੇ ਸੱਚੇ ਫਿਰਕਾਪ੍ਰਸਤਾਂ, ਸਾਡੇ ਸਭਿਆਚਾਰ ਨਾਲ ਧਰਮ ਨੂੰ ਵੀ ਖੋਰਨਾ ਹੈ। ਇਹ ਹੈ ਸਾਡੇ ਤੁਹਾਡੇ ਵਿਚਕਾਰ ਬੁਨਿਆਦੀ ਪਾੜਾ। ਸਾਡੇ ਪਾਟੇ ਤੇ ਦੂਰ ਹੋਏ ਦਿਲ ਕੁਰੱਪਟ ਨੀਤੀਆਂ ਨਾਲ ਕਿਵੇਂ ਨੇੜੇ ਹੋਣਗੇ ? ਰਾਜੀਵ ਜੀ, ਤੁਹਾਨੂੰ ਦੱਸਣ ਦੀ ਨਹੀਂ, ਯਾਦ ਕਰਵਾਉਣ ਦੀ ਲੋੜ ਹੈ ਕਿ ਜਦੋਂ ਦਿਲ ਪਾਟਦੇ ਐ, ਧਰਤੀ ਤੇ ਦੇਸ਼ ਬਰਾਬਰ ਪਾਟਦੇ ਹਨ। ਧਰਤੀ ਨੂੰ ਦਿਲਾਂ ਤੋਂ ਵਖ ਕਿਵੇਂ ਸਮਝੋਗੇ ? ਤੁਹਾਡੀਆਂ ਪਾਲਿਸੀਆਂ ਏਕਤਾ ਵਲ ਨਹੀਂ ਅਨੇਕਤਾ ਵਲ ਤੁਰੀਆਂ ਹੋਈਆਂ ਹਨ। ਸਿਖਾਂ ਨੂੰ ਗਲਤ ਪਾਲਿਸੀਆਂ ਨਾਲ ਧੱਕ ਕੇ ਵਖ ਕਰੋਗੇ, ਨੁਕਸਾਨ ਕੀਹਦਾ ਹੋਵੇਗਾ ? ਦੇਸ਼ ਦੀ ਏਕਤਾ ਤੇ ਮਹਾਨਤਾ ਨੂੰ ਅਸੀਂ ਪਾਕਿਸਤਾਨ ਬਣਨ ਵੇਲੇ ਤੋਂ ਸਮਝਦੇ ਆਂ। ਪਰ ਦੁੱਖ ਦੀ ਗੱਲ ਇਹ ਹੈ ਕਿ ਤੁਸੀਂ ਤੇ ਤੁਹਾਡਾ ਲਾਣਾ ਨਹੀਂ ਸਮਝਦਾ। ਸਾਡਾ ਹਿੰਦੋਸਤਾਨ ਨਾਲ ਜੁੜਨਾ, ਏਕਤਾ ਵਲ ਇਤਿਹਾਸਕ ਮਿਸਾਲ ਐ। ਖਾਲਸਤਾਨ ਮੰਗਣ ਵਾਲੇ ਅਲਪ ਹਨ। ਅਸਲ ਵਿਚ ਕਾਂਗਰਸੀ ਲੀਡਰਾਂ ਤੇ ਹਿੰਦੂ ਪ੍ਰੈਸ ਨੇ ਖਾਲਸਤਾਨ ਸਿੱਖਾਂ ਦੇ ਮੂੰਹ ਵਿਚ ਠੋਸਿਆ ਹੈ। ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਨੇ ਸਪੱਸ਼ਟ ਕਿਹਾ ਸੀ : "ਅਸਾਂ ਖਾਲਸਤਾਨ ਕਦੇ ਨਹੀਂ ਮੰਗਿਆ। ਜੇ ਤੁਸੀਂ ਦੇਣਾ ਚਾਹੋਗੇ, ਅਸੀਂ ਇਨ-ਕਾਰ ਵੀ ਨਹੀਂ ਕਰਾਂਗੇ।" ਅਸਲ ਵਿਚ ਤੁਸਾਂ ਸਾਡੀ ਸਥਿਤੀ ਅਤੇ ਬੁਨਿਆਦੀ ਮੰਗਾਂ ਨੂੰ ਜਾਣ ਕੇ ਨਹੀਂ ਸਮਝਿਆ। ਤੁਸਾਂ ਸਾਨੂੰ ਔਜੜੇ ਰਾਹ ਵਿਖਾਏ ਅਤੇ ਸੰਸਾਰ ਪੱਧਰ ਤੇ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ। ਖਾਲਸਤਾਨ ਤੁਹਾਡੇ ਫਿਰਕੂ

ਰਵੱਈਏ ਦਾ ਆਪਣੇ ਆਪ ਬਦਲ ਬਣਦਾ ਹੈ। ਇਸ ਵਿਚ ਸਿੱਖਾਂ ਦਾ ਨੁਕਸਾਨ ਹੀ ਨੁਕਸਾਨ ਹੈ। ਜਿਥੋਂ ਤੱਕ ਅਸੀਂ ਗੰਭੀਰਤਾ ਨਾਲ ਸੋਚਦੇ ਆਂ, ਕਾਸ਼ ਤੁਸੀਂ ਵੀ ਸੋਚਦੇ। ਅੱਤਵਾਦ ਤੁਹਾਡੀ ਮਾਰੂ ਨੀਤੀਆਂ ਤੇ ਪੋਲੀਸ ਦੇ ਜ਼ਬਰ ਦਾ ਨੰਗਾ ਚਿੱਟਾ ਪ੍ਰਤਿਕਰਮ ਹੈ। ਜਾਂ ਅਸੀਂ ਸਮਝੀਏ, ਸਿਖ ਯੂਥ ਨੂੰ ਖਤਮ ਕਰਕੇ ਹੀਣਾ ਕਰ ਸੁੱਟਿਆ ਜਾਵੇ, ਤਾਂ ਜੋ ਨਾ ਕਲ ਨੂੰ ਮੋਰਚਾ ਲਾਉਣ ਜੋਗੇ ਰਹਿਣ, ਨਾ ਆਪਣਾ ਹੱਕ ਮੰਗਣ। ਸਾਨੂੰ ਸਮਝਾਉਣ ਤੋਂ ਪਹਿਲਾਂ ਤੁਸੀਂ ਆਪ ਕਿਉਂ ਨਹੀਂ ਸਮਝਦੇ ? ਆਪਣੀ ਪੀਹੜ ਹੇਠ ਸੋਟਾ ਫੇਰਨ ਦੀ ਵਧ ਲੋੜ ਐ। ਸਾਨੂੰ ਸਮਝਾਉਣ ਲਈ ਤਾਂ ਥੋੜ੍ਹਾ ਫਿਰਕੂ ਬਨਾਮ ਕੌਮਪ੍ਰਸਤ ਪ੍ਰੈਸ ਹੀ ਕਾਫੀ ਹੈ, ਜਿਸ ਇਸ ਪੁਆੜੇ ਨੂੰ ਪਾਏ ਆਂ।

ਮੇਰੀ ਸੋਚ ਹੁਣ ਤੱਕ ਬਤੌਰ ਪੰਜਾਬੀ ਰਹੀ ਹੈ। ਤੇ ਹਰ ਸਿਖ ਮੁਢ ਤੋਂ ਕੌਮੀ ਭਾਵਨਾ ਨਾਲ ਸੋਚਦਾ ਤੇ ਅਮਲ ਕਰਦਾ ਆਇਆ ਹੈ। ਇਹ ਤਾਂ ਬਹੁਗਿਣਤੀ ਹਿੰਦੂ ਸੀ, ਜਿਸ ਪੰਜਾਬੀ ਨੂੰ ਮਾਂ ਬੋਲੀ ਮੰਨਣ ਤੋਂ ਨਾਂਹ ਕੀਤੀ। ਇਹਦੇ ਸਭਿਆਚਾਰ ਨੂੰ ਨਫਰਤ ਕਰਦਿਆਂ ਗੰਵਾਰ ਤੱਕ ਆਖਿਆ। ਜਦੋਂ ਪੰਜਾਬੀ ਹਿੰਦੂ ਪੰਜਾਬੀਆਂ ਤੋਂ ਭੱਜ ਖਲੋਵੇਗਾ, ਵਾਰਸ ਕੇਵਲ ਸਿਖ ਹੀ ਰਹਿ ਜਾਣਗੇ, ਫਿਰ ਸਿਖਾਂ ਨੂੰ ਕੌਮ ਬਣਨੋ ਕੌਣ ਰੋਕੇਗਾ ਤੇ ਹਟਾਏਗਾ। ਜੇ ਸਿਖ ਇਕ ਕੌਮ ਦੇ ਪੱਖੋਂ ਸਥਾਪਤ ਹੋਣਗੇ, ਤਦ ਖਾਲਸਤਾਨ ਨੂੰ ਕੌਣ ਰੋਕੇਗਾ। ਜਿਹੜਾ ਝੂਠੇ ਸੱਚੇ ਪਰਚਾਰ ਨਾਲ ਸਿੱਖਾਂ ਦੀ ਮੰਗ ਬਣਾਇਆ ਜਾ ਰਿਹਾ ਹੈ। ਮੇਰੇ ਭਾਈ ਫਿਰਕਾਪ੍ਰਸਤੀ ਦੇ ਮਸਲੇ ਵਿਚ ਸਿਖਾਂ ਨਾਲੋਂ ਹਿੰਦੂ ਨੂੰ ਵਧ ਹੋੜਨ ਦੀ ਲੋੜ ਹੈ, ਤਾਂ ਜੋ ਮੁਲਕ ਟੁਕੜਿਆਂ ਦੇ ਰਾਹ ਨਾ ਪੈ ਜਾਵੇ। ਛੋਟੀ ਤੇ ਘਟ ਗਿਣਤੀ ਹੋਣ ਵਜੋਂ, ਸਿਖਾਂ ਨੂੰ ਫਿਰਕੂ ਤੂਫਾਨ ਵਿਚ ਵਾਵੇਲਾ ਕਰਨਾ ਹੀ ਪੈਣਾ ਹੈ। ਇਸ ਸੱਚ ਨੂੰ ਤੁਸੀਂ ਹਰ ਹਾਲਤ ਸਵੀਕਾਰ ਕਰੋਗੇ। 1947 ਤੋਂ ਲੈ ਕੇ ਅਜ ਤੱਕ ਫ਼ਿਰਕਾਪ੍ਰਸਤੀ ਸੌ ਫੀਸਦੀ ਵਧੀ ਹੈ। ਇਹ ਵਬਾ ਘਟ ਗਿਣਤੀਆਂ ਨੂੰ ਹੜੱਪ ਜਾਵੇਗੀ। ਸਰਕਾਰ ਨੇ ਜਾਣ ਕੇ ਫਿਰਕੂ ਭੂਤ ਨੂੰ ਖੁਲ੍ਹਾ ਛੱਡੀ ਰਖਿਆ ਹੈ। ਕਾਂਗਰਸ ਸਰਕਾਰ ਨੇ ਕੌਮੀ ਲੀਹਾਂ ਵਲ ਨਾ ਤੁਰ ਕੇ ਅਜ਼ੀਮ ਗੁਨਾਹ ਕੀਤਾ ਹੈ। ਇਸ ਨੂੰ ਰਾਜ ਕਰਨ ਦਾ ਕੀ ਹੱਕ ਹੈ ? ਕਿਉਂ ਨਾ ਲੋਕਾਂ ਦੀ ਕਚਹਿਰੀ ਵਿਚ ਇਸ ਉਤੇ ਮੁਕੱਦਮਾ ਚਲਾਇਆ ਜਾਵੇ ? ਕਿੰਨੇ ਲੱਖਾਂ ਬੰਦੇ ਫਿਰਕੂ ਫਸਾਦਾਂ ਵਿਚ ਆਜ਼ਾਦ ਹੋ ਜਾਣ ਪਿਛੋਂ ਮਾਰੇ ਗਏ ? ਬੱਚੇ ਯਤੀਮ ਤੇ ਜਨਾਨੀਆਂ ਵਿਧਵਾ ਹੋਈਆਂ ਤੇ ਅਰਬਾਂ ਦੇ ਮਾਲੀ ਨੁਕਸਾਨ ਹੋਏ। ਇਹ ਸਭ ਕੁਝ ਕਾਂਗਰਸ ਦੇ ਰਾਜ ਵਿਚ ਹੋਇਆ।

ਤੁਹਾਡੇ ਮਾਨਯੋਗ ਬਜ਼ੁਰਗਾਂ ਦੇ ਰਾਜ ਵਿਚ ਵਾਪਰਿਆ। ਤੁਹਾਡੇ ਸਮੇਂ ਵਿਚ ਹਾਲੇ ਜਾਰੀ ਹੈ। ਸਿਖ ਜਦੋ ਜਹਿਦ ਜਾਰੀ ਰਖਣਗੇ, ਜਦ ਤੋੜੀ ਉਹਨਾਂ ਦੀ ਹੋਂਦ ਨੂੰ ਨੂੰ ਪੱਕੀ ਗਰੰਟੀ ਨਹੀਂ ਦਿੱਤੀ ਜਾਂਦੀ। ਸੁਣੋ ਜੇ ਪੰਜਾਬ ਭਾਰਤ ਨਾਲੋਂ ਟੁਟੇਗਾ, ਤਦ ਕਸ਼ਮੀਰ ਤੇ ਅਸਾਮ ਤਾਂ ਪਹਿਲਾਂ ਹੀ ਉਧਾਰ ਖਾਈ ਬੈਠੇ ਐ, ਬੰਗਾਲ ਤੇ ਸਾਰਾ ਦੱਖਣ ਵੀ ਏਸੇ ਵਹਿਣ ਵਿਚ ਰੁੜ੍ਹ ਜਾਵੇਗਾ। ਮੁਲਕ ਦੀ ਏਕਤਾ ਨੂੰ ਬੰਨ੍ਹ ਮਾਰਨ ਦਾ ਹੁਣੇ ਵੇਲਾ ਹੈ। ਇਹ ਬੰਨ੍ਹ ਸਖਤੀ (ਆਰਮੀ ਐਕਸ਼ਨਾਂ) ਨਾਲ ਨਹੀਂ, ਪਿਆਰ ਸ਼ਾਂਤੀ ਤੇ ਖੁਲ੍ਹ ਦਿਲੀ ਨਾਲ ਹੀ ਬੱਝੇਗਾ। ਸ਼ਾਂਤੀ ਤੇ ਖੁਲ੍ਹ ਦਿਲੀ ਦੇ ਉਪਦੇਸ਼ ਸਾਨੂੰ ਹੀ ਕਿਉਂ; ਤੁਸੀਂ ਆਪੂੰ ਕਾਹਤੋਂ ਨਹੀਂ ਵਰਤਦੇ। ਵਧ ਅਧਿਕਾਰ ਰਾਜਾਂ ਨੂੰ ਛੱਡੇ ਬਿਨਾ ਕਿਵੇਂ ਵੀ ਗੁਜ਼ਾਰਾ ਨਹੀਂ। ਜਨਤਾ ਪਾਰਟੀ ਦਾ ਪਰਮੁਖ ਨੇਤਾ ਬੀਜੂ ਪਟਨਾਇਕ ਚੰਡੀਗੜ੍ਹ ਵਿੱਚ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਅਨੰਦਪੁਰ ਮਤੇ ਨੂੰ ਸਵੀਕਾਰ ਕਰਦਾ ਹੈ। ਜਿਸ ਦਾ ਭਾਵ ਮੁਲਕ ਤੋਂ ਅੱਡ ਹੋਣਾ ਨਹੀਂ, ਅੰਦਰੂਨੀ ਖੁਦ ਮੁਖਤਿਆਰੀ ਹੈ। ਤੁਸੀਂ ਤੇ ਤੁਹਾਡੇ ਵਰਗੇ ਹੀ ਇਸ ਮੁਲਕ ਦੇ ਵਾਰਸ ਨਹੀਂ ਸਗੋਂ ਸਰਬੰਸ ਵਾਰਨ ਤੱਕ ਦੀਆ ਕੁਰਬਾਨੀਆਂ ਦੇ ਕੇ ਆਜ਼ਾਦ ਕਰਾਉਣ ਵਾਲੇ ਪਹਿਲਾਂ ਮਾਲਕ ਹਨ। ਕੇਂਦਰੀ ਸ਼ਕਤੀ ਦੀ ਪੰਡ ਨੂੰ ਹੁਣ ਖੋਲ੍ਹੋ। ਸਮਾਂ ਆ ਗਿਆ ਹੈ, ਹਿੱਸੇ ਆਉਂਦੇ ਹੱਕ ਦੇਵੋ। ਘਟ ਤੋਂ ਘਟ ਸਾਨੂੰ ਸਿਖਾਂ ਨੂੰ ਆਪਣੀ ਮਾਨਯੋਗ ਹੋਂਦ ਕਾਇਮ ਰਖਣ ਦਾ ਹੱਕ ਪੱਕੇ ਤੌਰ ਤੇ ਮਿਲਣਾ ਚਾਹੀਦਾ ਹੈ।

ਉਤਰੀ ਆਇਰਲੈਂਡ ਦੇ ਦੇਸ਼ ਭਗਤਾਂ, ਜਿਹੜੇ ਅੰਗਰੇਜ਼ਾਂ ਦੇ ਮੁਕਾਬਲੇ ਘਟ ਗਿਣਤੀ ਹਨ, ਨੇ ਬ੍ਰਿਟਿਸ਼ ਪਾਰਲੀਮੈਂਟ ਨੂੰ ਝੁਕਾ ਲਿਆ ਹੈ। ਕਿਉਂਕਿ ਉਹਨਾਂ ਦੀ ਸਟੈਂਡ ਨਾਲ ਸੱਚ ਮੋਢਾ ਜੋੜੀ ਖਲੋਤਾ ਸੀ। ਤੁਸੀਂ ਦੱਖਣੀ ਅਫਰੀਕਾ ਦੇ ਕਾਲਿਆਂ ਦੀ ਹਮਾਇਤ ਵਿਚ ਯੂ. ਐਨ, ਓ. ਤੱਕ ਲੜਦੇ ਹੋ, ਲੰਕਾ ਦੇ ਤਾਮਲਾਂ ਦੀ ਅਜ਼ ਦੀ ਲਈ ਤਲਮਲਾਂਦੇ ਹੋ, ਪਰ ਆਪਣੇ ਦੇਸ਼ ਭਗਤ ਸਿਖਾਂ ਉਤੇ ਫੌਜ ਰਾਹੀਂ ਦਮਨ ਚੱਕਰ ਚਲਾਉਂਦੇ ਓ। ਜਿਹਨਾਂ ਫਾਂਸੀਆਂ ਚੜ੍ਹਕੇ ਤੇ ਕਾਲੇ ਪਾਣੀਆਂ ਦੀਆਂ ਉਮਰ ਕੈਦਾਂ ਭੋਗ ਕੇ, ਦੇਸ਼ ਨੂੰ ਅਜ਼ਾਦ ਕਰਵਾਇਆ। ਹਾਥੀ ਦੇ ਦੰਦ ਦਿਖਾਉਣ ਨੂੰ ਹੋਰ, ਚਬਾਉਣ ਨੂੰ ਹੋਰ। ਇਹ ਦੰਭੀ ਰਾਜਨੀਤੀ ਕਿੰਨਾ ਕੁ ਚਿਰ ਦੁਨੀਆਂ ਦੀਆਂ ਅੱਖਾਂ ਵਿਚ ਘੱਟਾ ਪਾਵੇਗੀ ? ਗਾਂਧੀ ਦਾ ਚਰਖਾ ਤੋਪ ਨਹੀਂ ਸੀ, ਜਿਹੜਾ ਕਾਬਜ਼ ਸਾਮਰਾਜ ਨੂੰ ਭਾਰਤ ਵਿਚੋਂ ਭਜਾ ਦੇਂਦਾ। ਕਿਉਂਕਿ ਰਾਜ ਦਾਅ ਮਾਰ ਨਾਲ ਕਾਂਗਰਸ ਦੇ ਹੱਥ ਆਗਿਆ। ਸੱਚ ਦੀ ਤਾਰੀਖ ਦੱਸੇਗੀ, ਗਾਂਧੀ ਤੇ ਸਾਰੇ

ਕਾਂਗਰਸ ਕਿਥੇ ਖੜੀ ਸੀ ਅਤੇ ਚੌਦਵਿਆਂ ਪੰਦਰਵਿਆਂ ਦੇ ਗਦਰੀ ਸਿਖ ਬਾਬੇ ਕਿਥੇ ਖੜੇ ਸੀ। ਪਹਿਲੀ ਸੰਸਾਰ ਜੰਗ ਵਿਚ ਗਾਂਧੀ ਤੇ ਕਾਂਗਰਸ ਅੰਗਰੇਜ਼ ਸਾਮਰਾਜ ਨੂੰ ਤਕੜਿਆਂ ਕਰਨ ਲਈ ਭਰਤੀ ਦੇ ਰਹੀ ਸੀ ਤੇ ਗਦਰੀ ਦੇਸ਼ ਭਗਤ ਸਿਖ ਫਾਂਸੀ ਚੜ੍ਹ ਰਹੇ ਸਨ। ਉਮਰ ਕੈਦਾਂ ਭੋਗਣ ਵਾਲੇ ਜਵਾਨ ਮੁੰਡੇ ਅੰਡੇਮਾਨ ਜੇਲ੍ਹ ਵਿਚੋਂ ਬਾਬੇ ਬਣਕੇ ਨਿਕਲੇ ਸਨ। ਉਹਨਾਂ ਡੰਡਾ ਬੇੜੀਆਂ ਦੇ ਤਸ਼ਦਦ ਸਹੇ। ਕਾਂਗਰਸ ਨੂੰ ਜਦ ਸਤਿਆ ਗ੍ਰਹਿ ਸਮੇਂ ਦੋ ਚਾਰ ਮਹੀਨੇ ਜ਼ੇਲ੍ਹ ਜਾਣਾ ਪਿਆ, ਫਸਟ ਤੇ ਸੈਕੰਡ ਕਲਾਸ ਵਿਚ ਦੁੱਧ ਤੇ ਫਲ ਛਕਦੇ ਰਹੇ। ਹੇਠ ਲਿਖੇ ਕੁਰਬਾਨੀ ਦੇ ਹੋਰ ਵੇਰਵੇ ਪੜ੍ਹਕੇ ਤੁਹਾਨੂੰ ਚਿੱਟਾ ਚਾਨਣ ਹੋ ਜਾਵੇਗਾ। ਇਹ ਅੰਕੜੇ ਮੌਲਾਨਾ ਆਜ਼ਾਦ ਤੇ ਪਟਾਬਾਈ ਸੀਤਾ ਰਾਮਈਆ ਦੇ ਹਨ। ਆਜ਼ਾਦ ਕਿੰਨੇ ਹੀ ਵਰ੍ਹੇ ਕਾਂਗਰਸ ਦਾ ਪ੍ਰਧਾਨ ਰਿਹਾ ਹੈ ਤੇ ਉਸ ਉਤੇ ਪਖਪਾਤੀ ਦਾ ਦੂਸ਼ਣ ਕਿਵੇਂ ਵੀ ਨਹੀਂ ਲਗ ਸਕਦਾ ਅਤੇ ਸੀਤਾ ਰਾਮਈਆ ਸੁਭਾਸ਼ ਬੋਸ ਦੇ ਮੁਕਾਬਲੇ ਗਾਂਧੀ ਵਲੋਂ ਕਾਂਗਰਸ ਦੀ ਪ੍ਰਧਾਨਗੀ ਲਈ ਉਮੈਦਵਾਰ ਸੀ। ਆਜ਼ਾਦੀ ਦੇ ਸੰਗਰਾਮ ਵਿਚ ਕੁਲ ਫਾਂਸੀ ਲੱਗੇ 121, ਜਿਹਨਾਂ ਵਿਚੋਂ 93 ਸਿਖ ਸਨ, 76%। ਉਮਰ ਕੈਦ ਹੋਏ ਕੁਲ 2646; ਜਿਹਨਾਂ ਵਿਚੋਂ 2197 ਸਿਖ ਸਨ, 81%। ਜਲਿਆਂ ਵਾਲੇ ਬਾਗ ਦੇ ਕੁਲ ਸ਼ਹੀਦ 1300, ਜਿਹਨਾਂ ਵਿਚੋਂ 799 ਸਿਖ ਸਨ, 61%। ਬਜ ਬਜ ਘਾਟ ਦੇ ਕੁਲ ਸ਼ਹੀਦ 113 ਜਿਹਨਾਂ ਵਿਚੋਂ 67 ਸਿਖ ਸਨ, 60% ਮਲੇਰ ਕੋਟਲੇ ਵਿਚ ਕੂਕਾ ਲਹਿਰ ਦੇ ਤੋਪਾਂ ਨਾਲ ਉਡਾਏ ਸ਼ਹੀਦ 82, ਸਾਰੇ ਦੇ ਸਾਰੇ ਸਿਖ ਸਨ। ਇਹਨਾਂ ਸ਼ਹੀਦ ਸੂਰਮਿਆਂ ਸਾਮਰਾਜ ਨੂੰ ਦੇਸ਼ੋਂ ਕਢਿਆ। ਮਹਾਤਮਾ ਗਾਂਧੀ ਦੇ ਸਤਿਆ ਗ੍ਰਹਿ ਨਾਲ ਸਾਮਰਾਜ ਦੀ ਇੱਚੜ ਵੀ ਨਹੀਂ ਲਹਿੰਦੀ ਸੀ। ਉਸ ਨੂੰ ਭਜਾਉਣ ਵਿਚ ਵੱਡੀ ਸੱਟ ਮਾਰੀ ਆਜ਼ਾਦ ਹਿੰਦ ਫੌਜ ਨੇ, ਜਿਸ ਵਿਚ ਬਹੁਗਿਣਤੀ ਸਿਖਾਂ ਦੀ ਸੀ। ਵਰਨਾ ਗਾਂਧੀ ਦੇ ਸਤਿਆ ਗ੍ਰਹਿ, ਜਿਹੜਾ ਅਸਲ ਵਿਚ ਅਸਤਿਆ ਗ੍ਰਹਿ ਸੀ, ਤੋਂ ਡਰਕੇ ਸਾਮਰਾਜ ਕਦੋਂ ਜਾਣ ਵਾਲਾ ਸੀ। ਤਾਕਤ ਹੀ ਤਾਕਤ ਨੂੰ ਝੁਕਾਉਂਦੀ ਹੈ। ਰਾਜੀਵ ਜੀ, ਤੁਹਾਨੂੰ ਸਪਸ਼ਟ ਹੋ ਜਾਣਾ ਚਾਹੀਦਾ ਹੈ, ਸਿਖਾਂ ਨੂੰ ਅਥਾਹ ਕੁਰਬਾਨੀਆਂ ਦੇ ਬਦਲੇ ਆਜ਼ਾਦੀ ਦੀ ਜੰਗ ਵਿਚੋਂ ਸਹੀ ਆਜ਼ਾਦੀ ਨਹੀਂ ਮਿਲੀ। ਪਹਿਲੋਂ ਸਿਖ ਮੁਗਲ ਸਾਮਰਾਜ ਨੂੰ ਢਾਹੁੰਦੇ ਤੂੰਬਾ ਤੂੰਬਾ ਉਡਦੇ ਰਹੇ, ਚਰਖੜੀਆਂ ਤੇ ਚੜ੍ਹਦੇ ਰਹੇ। ਫਿਰ ਅੰਗਰੇਜ਼ ਨੂੰ ਦੇਸੋਂ ਕਢਣ ਲਈ ਫਾਂਸੀਆਂ ਉਤੇ ਝੂਲਦੇ ਤੇ ਗੋਲੀਆਂ ਖਾਂਦੇ ਰਹੇ। ਉਹਨਾਂ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਉਤੇ ਭਰੋਸਾ ਕੀਤਾ ਕਿ ਅਜ਼ਾਦੀ ਆ

ਜਾਣ ਤੇ ਉਹਨਾਂ ਨੂੰ ਆਪਣੀਆਂ ਕੁਰਬਾਨੀਆਂ ਦਾ ਫਲ ਖਾਣ ਦਾ ਮੌਕਾ ਮਿਲੇਗਾ ਪਰ ਮਿਲੇ ਤਿੱਨ ਕਾਣੇ ਵੀ ਨਹੀਂ, ਇਹ ਤਾਰੀਖੀ ਸੱਚ ਐ ਕਾਂਗਰਸੀ ਲੀਡਰ ਸਾਨੂੰ ਸਾਡਾ ਹੱਕ ਦੇਣੋਂ ਮੁਕਰ ਗਏ ਜਾਂ ਬੇਈਮਾਨ ਹੋ ਗਏ। ਪਰ ਹੁਣ ਸਾਡੀ ਸੰਤੁ ਸ਼ਟੀ ਅਨੰਦਪੁਰ ਮਤੇ ਦੀ ਪਰਵਾਨਗੀ ਤੋਂ ਉਰੇ ਨਹੀਂ ਹੋ ਸਕਦੀ। ਅਸਾਂ ਬਤੌਰ ਸਿਖ ਆਪਣੀ ਹਸਤੀ ਇਸ ਸਮੁੱਚੇ ਹਿੰਦੋਸਤਾਨ, ਜਿਸ ਲਈ ਅਸੀਂ ਲੜੇ, ਮਰੇ ਗੋਲੀਆਂ ਖਾਧੀਆਂ ਵਿਚ ਕਾਇਮ ਕਾਇਮ ਰਖਣੀ ਹੈ। ਤੇ ਇਹ ਸਾਡਾ ਕੁਦਰਤੀ ਹੱਕ ਹੈ; ਜੋ ਅਸੀਂ ਮੰਗਦੇ ਆਂ ਤੇ ਜਿਸ ਨੂੰ ਤੁਸੀਂ ਦੱਬੀ ਬੈਠੇ ਹੋ। ਆਪਣੇ ਦੇਸ਼ ਨੂੰ ਸੰਭ ਲਣਾ ਤੇ ਉਸਾਰਨਾ ਸਾਡਾ ਮੁਖ ਫਰਜ਼ ਹੈ। ਹੁਣ ਕਮਿਸ਼ਨਾਂ ਵਾਲਾ ਲਾਰਾਲੱਪਾ ਨਹੀਂ ਚਲਣਾ। ਇਹਨਾਂ ਰਾਹੀਂ ਤੁਸੀਂ ਸਾਨੂੰ ਬਹੁਤ ਖੁਆਰ ਕਰ ਲਿਆ। ਤੁਹਾਨੂੰ ਲ ਹੋਰ ਚਾਹੀਦਾ ਹੈ, ਦੱਸੋ, ਹਾਜ਼ਰ ਹੈ। ਪਰ ਅੰਦਰੂਨੀ ਖੁਦਮੁਖਤਿਆਰੀ ਬਾਰੇ ਹੁ ਆਨੀ ਝਾਨੀ ਨਹੀਂ।

ਅੰਗਰੇਜ਼ ਸਾਮਰਾਜ ਸਿਖਾਂ ਦੀ ਚੜ੍ਹਦੀ ਕਲਾ ਤੋਂ ਭੈ ਖਾਂਦਾ ਸੀ ਤੇ ਫੂਕ ਫੂ ਕਦਮ ਰਖਦਾ ਸੀ। 1850 ਦੇ ਬ੍ਰਿਟਿਸ਼ ਪਾਰਲੀਮੈਂਟ ਦੇ ਅਪ੍ਰੈਲ ਸੈਸ਼ਨ ਵਿਚ ਸੈਕਟਰੀ ਫਾਰ ਸਟੇਟਸ ਆਫ ਇੰਡੀਆ ਨੇ ਇਕ ਸਵਾਲ ਦੇ ਜਵਾਬ ਵਿਚ ਆਖਿਆ ਸੀ :

"ਇੰਡੀਆ ਵਿਚ ਸਿਖਾਂ ਦੇ ਗੁਰਦੁਆਰੇ ਇਕ ਤਰਾਂ ਰਿਆਸਤ ਅੰਦਰ ਰਿਆਸਤ ਹਨ ਤੇ ਉਹਨਾਂ ਵਿਚੋਂ ਹੀ ਇਹਨਾਂ ਨੂੰ ਜੀਵਨ ਦਾਨ ਮਿਲਦਾ ਹੈ। ਭਾਵੇਂ ਇੰਡੀਆ ਉਤੇ ਸਾਡਾ ਪੂਰਾ ਕਬਜ਼ਾ ਹੋ ਚੁੱਕਾ ਹੈ, ਪ੍ਰੰਤੂ ਜੇ ਸਾਨੂੰ ਉਥੇ ਖਤਰਾ ਹੋ ਸਕਦਾ ਹੈ ਤਾਂ ਉਹ ਕੇਵਲ ਸਿਖਾਂ ਤੋਂ ਹੀ ਹੋ ਸਕਦਾ ਹੈ। ਕਿਉਂਕਿ ਉਹਨਾਂ ਨੂੰ ਸੰਗਠਿਤ ਤੇ ਇਕ ਜ਼ਿੰਦਾ ਦਿਲ ਕੌਮ ਬਣਾਈ ਰਖਣ ਦੇ ਕੁਝ ਸਾਧਨ ਮੌਜੂਦ ਹਨ। ਜਿਹਨਾਂ ਨੂੰ ਖਤਮ ਕਰਨ ਲਈ ਕੁਝ ਸਮਾਂ ਲਗੇਗਾ।"

ਸ਼ਿਮਲੇ ਤੋਂ ਗਵਰਨਰ ਪੰਜਾਬ ਨੇ 8-8-1881 ਨੂੰ ਸਿਖਾਂ ਉਤੇ ਕਰੜੀ ਨਿਗਾਹ ਰਖਣ ਅਤੇ ਕੁਝ ਇਸ ਤਰਾਂ ਦੀਆਂ ਸਲਾਹਾਂ ਵਾਲੀ ਚਿੱਠੀ ਲਾਰਡ ਰਿਪਨ ਵਾਇਸ ਰਾਏ ਹਿੰਦ ਨੂੰ ਲਿਖੀ ਸੀ। ਅੰਗਰੇਜ਼ ਨੇ ਕੁਟਲ ਚਾਲਾਂ ਨਾਲ ਗਦਾਰ ਡੋਗਰਿਆਂ ਨੂੰ ਆਪਣੇ ਨਾਲ ਗੰਢਿਆ ਅਤੇ ਰਾਜ ਖੋਹਣ ਵਾਲੇ ਸਿਖਾਂ ਨੂੰ ਆਪਣਾ ਦੁਸ਼ਮਣ ਸਮ ਝਦਾ ਸੀ। ਅੰਗਰੇਜ਼ ਨੇ ਸਿਖਾਂ ਦਾ ਵਸਾਹ ਨਹੀਂ ਖਾਧਾ ਅਤੇ ਅੱਖ ਤਿਣ ਰਖਿਆ ਏਹੋ ਕਾਰਨ ਸੀ, ਸਿਖਾਂ ਅੰਗਰੇਜ਼ ਨੂੰ ਦੇਸ਼ੋਂ ਕਢਣ ਲਈ ਸਭ ਤੋਂ ਵਧ, ਅੱਗੇ ਹੋ ਕੇ

ਕੁਰਬਾਨੀਆਂ ਦਿਤੀਆਂ । ਪਰ ਮਹਾਤਮਾ ਗਾਂਧੀ ਤੇ ਸਮੁੱਚੀ ਹਿੰਦੂ ਕਾਂਗਰਸ ਨੇ ਸਿਖ
ਵਰੋਧ ਅੰਗਰੇਜ਼ਾਂ ਤੋਂ ਉਧਾਰਾ ਲੈ ਲਿਆ । ਸਿਖਾਂ ਦਾ ਮੁਲਕ ਪ੍ਰਤੀ ਸਿਦਕ ਭਰੋਸਾ ਤੇ
ਕੁਰਬਾਨੀ ਖੂਹ ਖਾਤੇ ਪਾ ਦਿੱਤੇ । ਅੰਗਰੇਜ਼ ਦੀ ਰੀਸੇ ਸਾਨੂੰ ਅੱਖ-ਤਿਣ ਰਖਣਾ ਸ਼ੁਰੂ
ਕਰ ਦਿੱਤਾ । ਸਾਡੀ ਬਹਾਦਰ ਸਾਇਕੀ ਨੂੰ ਉੱਕਾ ਹੀ ਨਾ ਗੌਲਿਆ ਅਤੇ ਅੰਗਰੇਜ਼ਾਂ
ਤੋਂ ਉਧਾਰ ਲਈ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਣਾ ਕੇ ਸਾਨੂੰ ਸਿਖਾਂ ਨੂੰ ਹੀ
ਪਾੜ ਪਾੜ ਮਾਰਨਾ ਸ਼ੁਰੂ ਕਰ ਦਿੱਤਾ । ਜੋ ਕਸਰ ਅੰਗਰੇਜ਼ ਤੋਂ ਰਹਿ ਗਈ ਸੀ, ਉਹ
ਤੁਸੀਂ ਕੱਢਣ ਲਗ ਪਏ । ਮਿਸਟਰ ਕਰਮ ਚੰਦ ਗਾਂਧੀ ਸਾਡੇ ਧਾਰਮਕ ਚਿੰਨ੍ਹ ਕ੍ਰਿਪਾਨ
ਤੋਂ ਵਿਸ਼ਵਾਸ਼ ਤੋੜਿਆ ਚਾਹੁੰਦਾ ਸੀ । ਏਸੇ ਲਈ ਉਸ ਆਖਿਆ :

ਅਜ ਕਲ ਵਧੀਆ ਤੋਂ ਵਧੀਆ ਹਥਿਆਰ ਮਿਲਦੇ ਹਨ। ਇਸ ਲਈ
ਕ੍ਰਿਪਾਨ ਅਜ ਦੇ ਸਮੇਂ ਵਿਚ ਇਕ ਪੁਰਾਣਾ ਹਥਿਆਰ ਹੈ ।"

ਧਾਰਮਿਕ ਪੱਖੋਂ ਇਹ ਸੱਟ ਸਿਧੀ ਸਾਡੇ ਸਿਰ ਮਾਰਨ ਵਾਲੀ ਸੀ । ਗੁਰ-
ਦਵਾਰਿਆਂ ਦੀ ਅਜ਼ਾਦੀ ਦੇ ਸੰਗਰਾਮ ਬਾਰੇ ਗਾਂਧੀ ਸ਼ੰਕਾ ਕਰਦਾ ਹੈ :

"ਗੁਰਦਵਾਰਾ ਅੰਦੋਲਣ ਹਿੰਦੂਆਂ ਅਥਵਾ ਕਿਸੇ ਹੋਰ ਜ਼ਾਤੀ ਦੇ ਵਿਰੁਧ ਤਾਂ
ਨਹੀਂ ? ਸਿਖਾਂ ਦੀ ਇਸ ਅੰਦੋਲਣ ਪਿਛੇ ਸਿਖ ਰਾਜ ਸਥਾਪਤ ਕਰਨ ਦੀ ਕੋਈ
ਭਾਵਨਾ ਤਾਂ ਨਹੀਂ ?"

ਤੁਸੀਂ ਆਪਣੇ ਗਾਂਧੀ ਨੂੰ ਤੱਕੜੀ ਚਾੜ੍ਹਕੇ ਤੋਲ ਲਵੋ, ਉਹ ਕਿੰਨਾ ਕੁ ਸੈਕੂ-
ਲਰ ਸੀ ਤੇ ਸਿਖਾਂ ਦਾ ਹਿਤੈਸ਼ੀ ਸੀ । ਗਾਂਧੀ ਦੀ ਹੋਰ ਨੇਕਨੀਅਤੀ ਵੇਖੋ ; ਡਾਕਟਰ
ਅੰਬੇਦਕਰ ਜਦ ਛੇ ਕਰੋੜ ਅਛੂਤਾਂ ਨਾਲ ਸਿਖ ਸਜਣ ਲਈ ਤਿਆਰ ਹੋ ਗਿਆ;
ਤਦ ਸਭ ਤੋਂ ਵਧ ਔਖ ਮਹਾਤਮਾ ਨੂੰ ਹੋਈ ਤੇ ਉਸ ਸਿਖਾਂ ਵਿਰੁਧ ਨਫ਼ਰਤ
ਦੀ ਭੜਾਸ ਇਉਂ ਕੱਢੀ ;

"ਇਹ ਬਹੁਤ ਚੰਗਾ ਹੋਵੇਗਾ, ਜੇਕਰ ਕਰੋੜਾਂ ਅਛੂਤ ਸਿਖ ਬਣਨ ਦੀ ਥਾਂ
ਮੁਸਲਮਾਨ ਹੋ ਜਾਣ ।"

ਆਪਣੀ ਅਹਿੰਸਾ ਦੇ ਅਭਿਮਾਨ ਵਿਚ ਗਾਂਧੀ ਨੇ ਮੁਗਲ ਸਾਮਰਾਜ ਤੋੜਨ
ਲਈ ਸਰਬੰਸ ਵਾਰਨ ਵਾਲੇ ਬਲੀ ਜੋਧੇ ਗੁਰੂ ਗੋਬਿੰਦ ਸਿੰਘ ਨੂੰ "ਭੁੱਲੜ ਦੇਸ਼
ਭਗਤ" ਆਖਿਆ । ਅਸੀਂ ਅਜਿਹੇ ਸ਼ਖਸ ਨੂੰ ਕਿੰਨਾਂ ਈਮਾਨਦਾਰ ਮਹਾਤਮਾ ਕਹਿ
ਸਕਦੇ ਆਂ । ਪਰ ਫਿਰਕੂ ਹਿੰਦੂਆਂ ਲਈ ਉਹ ਵੀਹਵੀਂ ਸਦੀ ਦਾ ਪੈਗੰਬਰ ਹੋ
ਸਕਦਾ ਹੈ, ਜਿਸ ਕੁਰਬਾਨੀ ਕਰਨ ਵਾਲੇ ਤਬਕੇ ਤੇ ਹੋਰ ਘਟ ਗਿਣਤੀਆਂ ਨੂੰ ਪਾਸੇ

ਕਰਕੇ ਰਾਜ ਹਿੰਦੂ ਜਮਾਤ ਕਾਂਗਰਸ ਦੇ ਹਵਾਲੇ ਕਰ ਦਿਤਾ । ਕਾਂਗਰਸ ਜਿੰਨੀ ਕੁ ਸੈਕੂਲਰ ਹੈ, ਡਾ, ਅੰਬੇਦਕਰ ਦੀ ਟਿੱਪਣੀ ਪੜ੍ਹ ਲਵੋ ;

"ਕ਼ਾਂਗਰਸ ਤੇ ਹਿੰਦੂ ਮਹਾ ਸਭਾ ਵਿਚ ਐਨਾ ਹੀ ਫਰਕ ਹੈ ਕਿ ਹਿੰਦੂ ਮਹਾ ਸਭਾ ਆਪਣੇ ਬਿਆਨਾਂ ਤੇ ਕਰਤਵਾਂ ਰਾਹੀਂ ਹਿੰਦੂ ਭਾਵਨਾਵਾਂ ਦਾ ਸਪਸ਼ਟ ਪ੍ਰਗਟਾਵਾ ਕਰਦੀ ਹੈ ਤੇ ਕਾਂਗਰਸ ਕਰਦੀ ਓਹੋ ਕੁਝ ਹੀ ਹੈ ਪਰ ਰਾਜਨੀਤਕ ਚਾਲਾਂ ਤੇ ਹੇਰਾ ਫੇਰੀਆਂ ਨਾਲ ਲੁਕਾਕੇ ਕਰਦੀ ਹੈ ।"

ਇਸ ਵਿਚ ਝੂਠ ਨਹੀਂ, ਹੋਮ ਮਨਿਸਟਰ ਪਟੇਲ ਸਿਖਾਂ ਨੂੰ ਜਰਾਇਮ ਪੇਸ਼ਾ ਕੌਮ ਕਰਾਰ ਦੇਣ ਲਈ ਤਤਪਰ ਸੀ । ਸਿਖਾਂ ਨੂੰ ਕਿਸੇ ਤਰਾਂ ਦਬਾ ਕੇ ਰਖਣਾ ਬਹੁਤ ਜ਼ਰੂਰੀ ਸੀ । ਔਰੰਗਜ਼ੇਬ ਨੇ ਭਰਾ ਮੁਰਾਦ ਦੀ ਸਹਾਇਤਾ ਨਾਲ ਤਖਤ ਹਾਸਲ ਕੀਤਾ । ਸ਼ੈਨਸ਼ਾਹ ਬਣਦਿਆਂ ਹੀ ਮੁਰਾਦ ਦਾ ਕਤਲ ਕਰਵਾਇਆ । ਕਿਉਂਕਿ ਜਿਹੜਾ ਰਾਜ ਦੁਆ ਸਕਦਾ ਹੈ, ਖੋਹ ਵੀ ਸਕਦਾ ਹੈ, ਖਤਰਾ ਹਮੇਸ਼ਾਂ ਤਾਕਤ ਤੋਂ ਹੁੰਦਾ ਹੈ। ਹੋਰ ਮਿਸਾਲ : ਜਮੀਅਤ ਸਿੰਘ ਸਿੰਗਾਪੁਰ ਦੀ ਲੇਬਰ ਬੰਦਰਗਾਹ ਦਾ ਸੈਕਟਰੀ ਸੀ । ਉਸ ਲੀ ਕੁਆਨ ਨੂੰ ਜਿਤਾਇਆ । ਉਸ ਪ੍ਰਧਾਨ ਬਣਦਿਆਂ ਸਾਰ ਜਮੀਅਤ ਸਿੰਘ ਨੂੰ ਨਗਰੀ ਬੁਆਂਗ (ਜਲਾਵਤਨ) ਕੀਤਾ । ਸਾਨੂੰ ਸਮਝ ਐ, ਪਟੇਲ ਸਾਨੂੰ ਜਰਾ ਇਮ ਪੇਸ਼ਾ ਕਿਉਂ ਬਣਾਉਣ ਲਗਾ ਸੀ । ਜੇ ਕਾਂਗਰਸ ਦੇ ਹਿੰਦੂ ਲੀਡਰ ਮਹਾਤਮਾ ਗਾਂਧੀ ਤੱਕ, ਨੈਸ਼ਨਲਿਸਟ ਹੁੰਦੇ, ਮੁਹੰਮਦ ਅਲੀ ਜਿਨਾਹ ਕਾਂਗਰਸ ਵਿਚੋਂ ਭਜ ਕੇ ਕਦੇ ਨਾ ਜਾਂਦਾ ਅਤੇ ਨਾ ਹੀ ਪਾਕਸਤਾਨ ਬਣਦਾ । ਸਮੁੱਚਾ ਹਿੰਦੋਸਤਾਨ ਆਜ਼ਾਦ ਹੋਕੇ ਦੁਨੀਆਂ ਦੀ ਇਕ ਮਹਾਨ ਤਾਕਤ ਬਣਨ ਵਲ ਵਧਦਾ । ਇਹ ਗਲ ਸਾਮਰਾਜ ਨੂੰ ਵੀ ਨਹੀਂ ਭਾਉਂਦੀ ਸੀ । ਲੀਗ, ਕਾਂਗਰਸ ਤੇ ਸਾਮਰਾਜ, ਲੰਡੇ ਨੂੰ ਮੀਣਾ ਮਿਲ ਗਏ । ਸਾਰੇ ਪੁਆੜੇ ਵਿਡ ਦੀ ਬੇਈਮਾਨੀ ਨੇ ਪੁਆਏ । ਮੁਸਲਮਾਨਾ ਤੁਹਾਡੇ ਵਡੇਰਿਆਂ ਉਤੇ ਇਤਬਾਰ ਨਹੀਂ ਕੀਤਾ ਅਤੇ ਆਪਣਾ ਹਿੱਸਾ ਰਾਜ ਵਿਚੋਂ ਵੰਡਾ-ਲਿਆ । ਅਸੀਂ ਵਿਸ਼ਵਾਸ਼ ਕੀਤਾ-ਕੁਰਬਾਨੀ ਦਿਤੀ ਤੇ ਸਜ਼ਾ ਪਾਈ । ਤੁਹਾਡਾ ਤਾਰੀਖ਼ੀ ਤੇ ਇਖਲਾਕੀ ਪੱਖ ਕਾਲਾ ਹੈ, ਸਾਡਾ ਉਜਲਾ । ਸਾਡੇ ਪੂਰਨ ਨੈਸ਼ਨਲਿਸਟ ਹੋਣ ਦਾ ਇਤਿਹਾਸਕ ਸਬੂਤ ਹੋਰ ਕੀ ਚਾਹੀਦਾ ਹੈ ਕਿ ਅਸਾਂ ਮੁਲਕ ਨੂੰ ਵੰਡਣ ਦਾ ਵਿਰੋਧ ਕੀਤਾ ਅਤੇ ਵੰਡ ਪਿਛੋਂ ਹਿੰਦੋਸਤਾਨ ਨਾਲ ਰਹੇ । ਇਸ ਵਿਚ ਸ਼ਕ ਨਹੀਂ, ਮਿਸਟਰ ਜਿਨਾਹ ਪਾਕਸਤਾਨ ਵਿਚ ਸਿਖਾਂ ਨੂੰ ਖੁਦਮੁਖਤਾਰ ਸਟੇਟ ਦੇਂਦਾ ਸੀ । ਸਗੋਂ ਮਿਸਟਰ ਜਿਨਾਹ ਨੇ ਸਰ ਸ਼ੋਭਾ ਸਿੰਘ ਪਾਸ ਗਿਲਾ ਕੀਤਾ :

"ਸਰਦਾਰ ਸਾਹਿਬ, ਤੁਸਾਂ ਹਿੰਦੂਆਂ ਨੂੰ ਸਾਂਝੀ ਗੁਲਾਮੀ ਦੇ ਸਾਥੀ ਰੂਪ ਵਿਚ ਹੀ ਵੇਖਿਆ ਹੈ ਅਤੇ ਆਪਣੇ ਗੁਲਾਮ ਸਾਥੀ ਦੇ ਤੌਰ ਤੇ ਹੀ ਜਾਣਦੇ ਹੋ। ਪਰ ਹਿੰਦੂ ਨੂੰ ਤੁਸੀਂ ਉਦੋਂ ਹੀ ਜਾਣੋਗੇ; ਜਦੋਂ ਇਹ ਤੁਹਾਡੇ ਹਾਕਮ ਹੋਣਗੇ ਤੁਸੀਂ ਉਨ੍ਹਾਂ ਦੇ ਗੁਲਾਮ।"

ਇਹ ਸੱਚ ਤੁਹਾਡੀਆਂ ਅੱਖਾਂ ਖੋਲ੍ਹ ਦੇਣ ਲਈ ਕਾਫੀ ਹੋਵੇਗਾ। ਮੁਲਕ ਦੀ ਵੰਡ ਸਮੇਂ ਜੇ ਅਸੀਂ ਹਿੰਦੋਸਤਾਨ ਨਾਲ ਨਾਲ ਨਾ ਆਉਂਦੇ, ਤਦ ਪੰਜਾਬ ਤੇ ਬੰਗਾਲ ਕਦੇ ਨਾ ਪਾਟਦੇ ਅਤੇ ਪਾਕਸਤਾਨ ਦੀ ਪੂਰਬੀ ਹੱਦ ਬਿਹਾਰ ਨਾਲ ਆ ਜੁੜਦੀ ਅਤੇ ਪੱਛਮੀ, ਅੰਬਾਲਾ ਟੱਪ ਜਾਂਦੀ। ਫਿਰ ਜੰਮੂ ਕਸ਼ਮੀਰ ਦੇ ਭਾਰਤ ਵਿਚ ਆਉਣ ਦਾ ਸਵਾਲ ਈ ਨਹੀਂ ਪੈਦਾ ਹੁੰਦਾ ਸੀ, ਜੇ ਸਿਖ ਮੁਸਲਮਾਨਾਂ ਨਾਲ ਮੋਢਾ ਜੋੜਦੇ, ਹੁਣ ਹੁਣ ਤੱਕ ਹਿੰਦੋਸਤਾਨ ਹਰ ਪੱਖੋਂ ਸਿਫਰ ਹੋ ਚੁੱਕਾ ਹੁੰਦਾ। ਸਾਡੀ ਸਟੈਂਡ ਨੇ ਭਾਰਤ ਨੂੰ ਮਜ਼ਬੂਤ ਤੇ ਮਹਾਨ ਬਣਾਇਆ। ਵਰਨਾ ਤੁਸਾਂ ਪਾਕਸਤਾਨ ਦੀਆਂ ਜੰਗਾਂ ਕੀ ਜਿੱਤਣੀਆਂ ਸਨ। ਤੁਹਾਡੀ ਬਹਾਦਰੀ ਦੀ ਮਿਸਾਲ ਐਨੀ ਕੁ ਦਿੱਤੀ ਜਾ ਸਕਦੀ ਹੈ, ਚੀਨ ਦੀ ਲੜਾਈ ਸਮੇਂ ਤੁਹਾਡਾ ਪੰਡਤ ਜਰਨੈਲ ਜੁਲਾਬ ਲੈਕੇ ਹਸਪਤਾਲ ਆ ਪਿਆ ਸੀ ਅਤੇ ਸਿਖ ਘੇਰੇ ਵਿਚ ਆਏ ਵੀ ਲੜੀ ਜਾ ਰਹੇ ਸਨ। ਇਸ ਦੀ ਗਵਾਹੀ ਚੀਨ ਦੀਆਂ ਜੰਗੀ ਰੀਪੋਰਟਾਂ ਦੇ ਸਕਦੀਆਂ ਹਨ। ਸਾਨੂੰ ਆਪਣੀ ਬਹਾ-ਦਰੀ ਤੇ ਕੁਰਬਾਨੀ ਦੀ ਬੜ ਨਹੀਂ ਮਾਰਨੀ ਚਾਹੀਦੀ। ਪਰ ਅਸੀਂ ਐਨੇ ਨੀਵੇਂ ਨਰਮਾਣ ਵੀ ਨਹੀਂ ਹੋ ਸਕਦੇ ਕਿ ਸਾਡੀ ਪਗ ਸਿਰੋਂ ਲੱਥ ਪਵੇ। ਹੁਣ ਗੱਲ ਏਥੇ ਅੜੀ ਖੜੀ ਹੈ: ਤੁਸਾਂ ਸਾਨੂੰ ਆਪਣੇ ਬਰਾਬਰ ਦੇ ਭਰਾ ਬਣਾਉਣਾ ਹੈ ਜਾਂ ਸ਼ਰੀਕ ਰਖਣਾ ਹੈ? ਡਾ: ਅੰਬੇਦਕਰ ਜੋ ਆਖਦਾ ਸੀ, ਉਹ ਤਾਂ ਇੰਨ ਬਿੰਨ ਸਹੀ ਹੋਇਆ ਹੈ। ਮਿਸਟਰ ਜਿਨਾਹ ਦੇ ਫਤਵੇ ਅਨੁਸਾਰ ਅਜ ਤੁਸੀਂ ਹਾਕਮ ਹੋ (ਬਾਕੀ ਭੁਲੇਖੇ ਨਵੰਬਰ 1984 ਦੇ ਫ਼ਸਾਦਾਂ ਦੂਰ ਕਰ ਦਿਤੇ) ਅਤੇ ਅਸੀਂ ਆਜ਼ਾਦੀ ਆ ਜਾਣ ਤੋਂ ਲੈ ਕੇ ਹਰ ਪੱਖੋਂ ਗੁਲਾਮੀ ਭੋਗੀ ਹੈ, ਅਸੀਂ ਇਸ ਗੁਲਾਮੀ ਦਾ ਅੰਦਰੂਨੀ ਖੁਦ-ਮੁਖਤਿਆਰੀ ਲੈ ਕੇ ਅੰਤ ਚਾਹੁੰਦੇ ਆਂ। ਜਿੰਨਾ ਚਿਰ ਇਹ ਨਹੀਂ ਮਿਲਦੀ, ਜਦੋ ਜਹਿਦ ਜਾਰੀ ਰਹੇਗੀ। ਜਿੰਨੀ ਤਾਕਤ ਨਾਲ ਤੁਸੀਂ ਦਬਾਉਗੇ, ਓਨੀ ਤਾਕਤ ਨਾਲ ਹੀ ਉਭਰਾਂਗੇ। ਅਸਾਂ ਅਜਿਹੇ ਤਾਰੀਖੀ ਤਮਾਸ਼ੇ ਬੜੇ ਵੇਖੇ ਹਨ। ਅਸਾਂ ਆਪਣੀ ਸਿਖ ਹਸਤੀ ਕਾਇਮ ਰਖਣੀ ਹੈ। ਜਿਹੜੀ ਆਪਣੇ ਵਿਧਾਨ ਤੇ ਨਿਸ਼ਾਨ ਨਾਲ ਹੀ ਕਾਇਮ ਰਹਿ ਸਕਦੀ ਹੈ।

ਫਿਰਕਾਪ੍ਰਸਤਾਂ ਵਾਲਾ ਤੁਹਾਡਾ ਚਿਹਰਾ ਚੱਜ ਨਾਲ ਨੰਗਾ ਹੋ ਚੁਕਾ ਹੈ। ਤੁਹਾਡੀ ਮਾਤਾ ਆਪਣਾ ਰਾਜ ਸਥਿਰ ਰਖਣ ਲਈ ਅੰਦਰਖਾਤੇ ਆਰ.ਐਸ.ਐਸ. ਨਾਲ ਗੰਢ ਤਰੁਪ ਕਰ ਸਕਦੀ ਹੈ । ਸਾਡੇ ਹਰਮੰਦਰ ਸਾਹਿਬ ਤੇ ਹਮਲਾ ਕਰਕੇ ਅਕਾਲ ਤਖਤ ਢਾਹ ਸਕਦੀ ਹੈ। ਬਹਾਨਾ ਸੀ, ਸੰਤ ਭਿੰਡਰਾਂ ਵਾਲੇ ਨੂੰ ਫੜਨ ਦਾ, ਜਿਸ ਨਾਲ ਆਪ ਪਿਛਲੀ ਪਾਰਲੀਮੈਂਟ ਦੀ ਚੋਣ ਵਿਚ ਸਾਂਝੀ ਸਟੇਜ ਤੋਂ ਤਕਰੀਰਾਂ ਕਰਦੀ ਰਹੀ। ਸੰਤ ਭਿੰਡਰਾਂ ਵਾਲੇ ਨੂੰ ਤੁਹਾਡੀ ਮਾਂ ਤੇ ਗਿ: ਜ਼ੈਲ ਸਿੰਘ ਨੇ ਕਾਹਦੇ ਲਈ ਉਸਾਰਿਆ ਅਤੇ ਪਰੈਸ ਰਾਹੀਂ ਉਭਾਰਿਆ । ਇਹ ਸਭ ਕੁਟਲ ਚਾਲਾਂ ਨੰਗੀਆਂ ਹੋ ਚੁਕੀਆਂ ਹਨ, ਲੋਕਾਂ ਤੁਹਾਨੂੰ ਦੂਰ ਤਕ ਜਾਣ ਲਿਆ ਹੈ। ਜਦੋਂ ਸੰਤ ਜਰਨੈਲ ਸਿੰਘ ਨੇ ਦੋਫਾੜੂ ਮੋਹਰਾ ਬਣਨੋਂ ਨਾਂਹ ਕਰ ਦਿੱਤੀ ਅਤੇ ਸਿਖਾਂ ਦੇ ਹੱਕ ਵਿਚ ਸਟੈਂਡ ਲੈ ਲਈ, ਦੋਸਤ ਤੋਂ ਝਟ ਦੁਸ਼ਮਣ ਬਣ ਗਿਆ। ਉਹ ਅਕਾਲੀ ਦਲ ਨੂੰ ਚੋਫਾੜ ਨਾ ਕਰਨ ਦੇ ਦੋਸ਼ ਵਿਚ ਕਾਨੂੰਨੀ ਮੁਜਰਮ ਹੋ ਗਿਆ। ਬਲਿਊ ਸਟਾਰ ਐਕਸ਼ਨ ਤੋਂ ਕੁਝ ਦਿਨ ਪਹਿਲਾਂ ਚੰਡੀਗੜ੍ਹ ਤੇ ਜਨੇਵਾ ਵਿਚ, ਤੁਸਾਂ ਭਿੰਡਰਾਂ ਵਾਲੇ ਨੂੰ ਧਾਰਮਿਕ ਪੁਰਖ ਆਖਿਆ ਸੀ। ਜ਼ਾਹਰ ਹੈ ਉਦੋਂ ਤਕ ਉਹ ਕਿਸੇ ਤਰ੍ਹਾਂ ਦਾ ਦੋਸ਼ੀ ਨਹੀਂ ਸੀ। ਇੰਦਰਾ ਜੀ ਨੇ ਹਮਲੇ ਤੋਂ ਚਾਰ ਦਿਨ ਪਹਿਲਾਂ ਟੀ. ਵੀ. ਤੇ ਆਖਿਆ : "ਦਰਬਾਰ ਸਾਹਿਬ ਤੇ ਹਮਲਾ ਨਹੀਂ ਹੋਵੇਗਾ।" ਹੁਣ ਸਮਝਿਆ ਇਹ ਜਾਵੇ, ਜੋ ਤੁਸੀਂ ਕਹਿੰਦੇ ਹੋ, ਕਰਦੇ ਉਹਦੇ ਉਲਟ ਹੋ। ਤੁਹਾਡੀ ਮਾਤਾ ਨੂੰ ਮੈਂ ਹੀ ਨਹੀਂ, ਸਾਰਾ ਜ਼ਮਾਨਾ ਤੇ ਤਾਰੀਖ ਝੂਠੀ ਆਖੇਗੀ । ਸ਼ਾਇਦ ਤੁਹਾਨੂੰ ਯਾਦ ਨਾ ਹੋਵੇ, ਮੈਂ ਕਰਵਾਉਂਦਾ ਆਂ। ਤੁਹਾਡੀ ਮਾਤਾ ਨੇ ਸੰਜੀਵਾ ਰੈਡੀ ਦਾ ਨਾਂ ਪ੍ਰਧਾਨਗੀ ਚੋਣ ਲਈ ਆਪੂੰ ਤਜਵੀਜ਼ ਕੀਤਾ । ਫਿਰ ਦਿੱਲੀ ਆ ਕੇ ਵੀ.ਵੀ. ਗਿਰੀ ਨੂੰ ਆ ਖਲਾਰਿਆ। ਦੁਨੀਆਂ ਦੀ ਹਾਸੜ ਤਾੜੀ ਵਿਚ ਬਦਲ ਗਈ। ਇਹ ਉਸ ਦੇ ਸੱਚੇ ਸੁਚੇ ਇਖਲਾਕ ਦਾ ਸਬੂਤ ਸੀ। ਮਰਨ ਵਾਲਿਆਂ ਦੀ ਨਿੰਦਾ ਰਾਜੀਵ ਜੀ ਨਰਕਾਂ ਨੂੰ ਲੈ ਜਾਂਦੀ ਹੈ। ਪਰ ਜੇ ਸੱਚ ਆਖਣ ਲਈ ਨਰਕ ਜਾਣਾ ਪਿਆ, ਤਾਂ ਮੈਂ ਉਹ ਵੀ ਝੱਲਾਂਗਾ। ਇੰਦਰਾਂ ਗਾਂਧੀ ਨੂੰ ਸਿਖਾਂ ਵਿਰੁਧ ਐਮਰਜੈਂਸੀ ਵਿਚ ਚਲਾਏ ਮੋਰਚੇ ਦੀ ਕਿੜ ਸੀ । ਉਸ ਉਹ ਗੁਲਾ ਪਵਿੱਤਰ ਦਰਬਾਰ ਸਾਹਿਬ ਉਤੇ ਹਮਲਾ ਕਰਕੇ ਕਢਿਆ। ਤੁਸੀਂ ਉਸਦੇ ਉੱਚੇ ਇਖਲਾਕ ਦੀ ਮਿਣਤੀ ਕਰ ਲਵੋ। ਜਿਹਨਾਂ ਹਿੰਦੂ ਲੀਡਰਾਂ ਦੀ ਚੁੱਕ ਵਿਚ ਆ ਕੇ ਸਿਖਾਂ ਐਮਰਜੈਂਸੀ ਖਿਲਾਫ ਮੋਰਚਾ ਲਾਇਆ ਸੀ, ਇਮਤਿਹਾਨ ਦੀ ਘੜੀ ਵਿਚ ਉਹ ਵੀ ਤੋਤਾ ਚਸ਼ਮ ਹੋ ਗਏ। ਇਵੇਂ ਮੁਰਾਰਜੀ

ਤੇ ਚਰਨ ਸਿਹੁੰ ਪਰਖੇ ਗਏ । ਸਾਡੇ ਲੀਡਰ ਪਹਿਲਾਂ ਵਾਂਗ ਹੀ ਬਗਲੋਲ ਸਨ । ਆਪਣੇ ਲਈ ਨਹੀਂ, ਜੇਹੜੇ ਦੂਜਿਆਂ ਲਈ ਬਹੁਤਾ ਮਰਦਾ ਰਹੇ । ਏਸੇ ਚਰਨ ਸਿੰਘ ਤੇ ਮੁਰਾਰਜੀ ਨੇ ਹਰਮੰਦਰ ਸਾਹਿਬ ਉਤੇ ਹਮਲੇ ਨੂੰ ਜਾਇਜ਼ ਆਖਿਆ । ਇਕ ਭਿੰਡਰਾਂ ਵਾਲੇ ਤੇ ਉਸ ਦੇ ਚੰਦ ਸਾਥੀਆਂ ਨੂੰ ਫੜਨ ਲਈ ਇਤਿਹਾਸਕ ਅਕਾਲ ਤਖਤ ਢਾਹ ਸੁਟਿਆ । ਹਜ਼ਾਰਾਂ ਬਗੁਨਾਹ ਯਾਤਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬੱਚੇ, ਬੁਢੇ ਤੇ ਜਨਾਨੀਆਂ ਨੂੰ ਵੀ ਬੇਦਰਦੀ ਨਾਲ ਕਤਲ ਕੀਤਾ ਗਿਆ । ਛੇ ਜੂਨ ਦੀ ਸਵੇਰ ਨੂੰ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਆਪਣੇ ਸਾਥੀ ਸਿੰਘਾਂ ਸਮੇਤ ਲੜਦਾ ਮਾਰਿਆ ਜਾ ਚੁਕਾ ਸੀ । ਅਗਲੇ ਦਿਨ ਸੱਤ ਜੂਨ ਰਾਇਫਰੈਂਸ ਲਾਇਬਰੇਰੀ ਕਾਹਦੇ ਲਈ ਸਾੜੀ ਗਈ ? ਸੱਤ ਨੂੰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਦਰਬਾਰ ਸਾਹਿਬ ਦੇ ਖਜ਼ਾਨੇ ਲੁਟ ਕੇ ਦਫਤਰ ਕਾਹਤੋਂ ਸਾੜੇ ? ਸੜੀਆਂ ਅਮਾਰਤਾਂ ਤੁਸੀਂ ਹੁਣ ਵੀ ਆ ਕੇ ਦੇਖ ਸਕਦੇ ਹੋ ? ਸਾਡੇ ਅੰਦਰ ਜ਼ਖਮ ਸੜ ਰਹੇ ਐ । ਮਲ੍ਹਮ ਪੱਟੀ ਦੀ ਥਾਂ ਲੂਣ ਭੁਕਿਆ ਗਿਆ । ਅਸੀਂ ਤੁਹਾਨੂੰ ਪੁਛਦੇ ਆਂ, ਸਾਡਾ ਬਦਲਾ ਲੈਣ ਦਾ ਹੱਕ ਹੈ ਜਾਂ ਨਹੀਂ ? ਮਾਂ ਨਾਲੋਂ ਧੀ ਹੇਜਲੀ, ਕਮਿਉਨਿਸਟਾਂ ਵੀ ਹਮਲੇ ਦੀ ਡਟ ਕੇ ਹਮਾਇਤ ਕੀਤੀ । ਕਿਉਂਕਿ ਇਹਨਾਂ ਦਾ ਖਸਮ ਤੁਹਾਡੀ ਪਿੱਠ ਤੇ ਸੀ ਤੇ ਅਕਾਲ ਤਖਤ ਤੇ ਹਰਮੰਦਰ ਸਾਹਿਬ ਨੂੰ ਤਾਂ ਇਹ ਇਟਾਂ ਪੱਥਰਾਂ ਦਾ ਢੇਰ ਸਮਝਦੇ ਐ । ਇੰਦਰਾ ਨੇ ਸਿਖਾਂ ਨੂੰ ਸਬਕ ਸਿਖਾਉਣਾ ਸੀ, ਐਮਰਜੈਂਸੀ ਵਿਚ ਮੋਰਚਾ ਲਾਈ ਰਖਣ ਦਾ । ਜੇ ਐਨੀ ਬਦਲਾ ਲਊ ਭਾਵਨਾ ਦੇਸ਼ ਦੇ ਪ੍ਰਾਈਮ ਮਨਿਸਟਰ ਵਿਚ ਹੋਵੇਗੀ, ਉਥੇ ਬਗਾਵਤ ਨੂੰ ਭੜਕਣੋਂ ਕਿਵੇਂ ਰੋਕਿਆ ਜਾ ਸਕਦਾ ਹੈ । ਅੱਜ ਜੋ ਪੰਜਾਬ ਵਿਚ ਵਾਪਰ ਰਿਹਾ ਹੈ, ਮਾੜਾ ਹੈ ਅਤੀ ਮਾੜਾ । ਪਰ ਹੋ ਸਭ ਕੁਝ ਸਰਕਾਰੀ ਜ਼ੁਲਮ ਦੇ ਪ੍ਰਤੀਕਰਮ ਵਜੋਂ ਰਿਹਾ ਹੈ । ਅਸੀਂ ਇਸ ਰਾਹ ਨਹੀਂ ਪੈਣਾ ਚਾਹੁੰਦੇ, ਪਰ ਪਾ ਤੁਸੀਂ ਰਹੇ ਹੋ । ਤੁਹਾਡੀ ਮਾਤਾ ਤਿੰਨ ਵਾਰ ਸਮਝੌਤਾ ਕਰਕੇ ਮੁਕਰੀ । ਉਹਨਾਂ ਸਮਝੌਤਿਆਂ ਦੇ ਵਿਚੋਲੇ ਇਸ ਮੁਕਰਾਈ ਦੇ ਗਵਾਹ ਮੌਜੂਦ ਹਨ—ਹਾਲੇ ਜਿਉਂਦੇ ਹਨ । ਰਾਜ਼ੀਵ ਜੀ, ਹੁਣ ਅਸੀਂ ਭਾਵੇਂ ਕਿੰਨੇ ਮਰ ਜਾਈਏ, ਗੁਲਾਮੀ ਦੀ ਜ਼ੰਜ਼ੀਰ ਨੂੰ ਤੋੜਾਂਗੇ ਅਤੇ ਅਣਖ ਨਾਲ ਜੀਣ ਦਾ ਹੱਕ ਜ਼ਰੂਰ, ਜ਼ਰੂਰ ਪ੍ਰਾਪਤ ਕਰਾਂਗੇ । ਤੁਸੀਂ ਲਾਰੇ ਲੱਪੇ ਵਾਲੇ ਸਮਝੌਤੇ ਹੋਰ ਵੀ ਕਰ ਸਕਦੇ ਹੋ । ਬਗਲੋਲ ਅਥਵਾ ਖਰੀਦੇ ਸਿਖ ਲੀਡਰ, ਜਿਹੜੇ ਦੂਜੇ ਬੰਨੇ ਕੌਮ ਦੇ ਗਦਾਰ ਹੋਣਗੇ, ਤੁਹਾਡੇ ਹੱਥ ਚੜ੍ਹ ਸਕਦੇ ਹਨ । ਅਜਿਹੇ ਗਦਾਰਾਂ ਨੂੰ ਨਾ ਕਦੇ ਲੋਕਾਂ ਤੇ ਨਾ ਹੀ ਤਾਰੀਖ ਨੇ ਮਾਫ ਕੀਤਾ ਹੈ ।

ਲੌਂਗੋਵਾਲ ਵਾਲੇ ਸਮਝੌਤੇ ਦੀ ਉਡਦੀ ਖੇਹ ਤੁਸਾਂ ਕੌਮੀ ਤੇ ਕੌਮਾਂਤਰੀ ਪੱਧਰ ਤੇ ਵੇਖ ਹੀ ਲਈ ਹੈ, ਜਿਸ ਨੂੰ ਤੁਸੀਂ ਹੱਥੀਂ ਕੀਤਾ ਸੀ। ਜਿਹੋ ਜਿਹਾ ਤੁਹਾਡਾ ਅਮਲ, ਉਸ ਤਰ੍ਹਾਂ ਦਾ ਹੀ ਸਾਡਾ ਵਿਸ਼ਵਾਸ਼, ਅੱਗਾ ਤੁਹਾਡਾ, ਪਿੱਛਾ ਸਾਡਾ। ਆਖਰ ਨੂੰ ਜੈ ਸਚ ਦੀ ਹੋਣੀ ਲਾਜ਼ਮੀ ਹੈ।

ਅਸੀਂ ਜਦ ਸ਼ਾਂਤੀ ਤੇ ਆਉਂਦੇ ਆਂ, ਤਾਂ ਉਸ ਦੀ ਵੀ ਇੰਤਹਾ ਕਰਦੇ ਆਂ। ਪਤਾ ਨਹੀਂ ਇਹ ਇੰਤਹਾ ਸਾਡੇ ਕਰੈਕਟਰ ਨਾਲ ਕਿਥੋਂ ਜੁੜ ਗਈ। ਉਬਲਦੀ ਦੇਗ ਬਹਿਣਾ, ਬੰਦ ਬੰਦ ਕਟਵਾਉਣਾ ਸ਼ਾਇਦ ਤੁਹਾਨੂੰ ਪੁਰਾਣਾ ਇਤਿਹਾਸ ਜਾਪੇ। ਹਾਲੇ ਕਲ ਗੁਰੂ ਕੇ ਬਾਗ ਵਿਚ ਤਾਅੜ ਤਾਅੜ ਡਾਂਗਾਂ ਖਾਈ ਜਾਂਦੇ ਸੀ ਤੇ 'ਵਾਹਿਗੁਰੂ ਵਾਹਿਗੁਰੂ' ਜਪੀ ਜਾਂਦੇ ਸੀ। ਪੰਡਤ ਮਦਨ ਮੋਹਨ ਮਾਲਵੀਆ ਦੀ ਗਵਾਹੀ ਪੜ੍ਹੀ ਜਾ ਸਕਦੀ ਹੈ। ਹੁਣ ਦੇ ਕਸਾਈ ਖਾਨਿਆਂ ਤੋਂ ਰੀਪੋਰਟਾਂ ਮੰਗਵਾ ਲਵੋ : ਕਿਵੇਂ ਜੰਬੂਰਾਂ ਨਾਲ ਨਹੁੰ ਖਿਚਦੇ ਐ—ਚੱਡੇ ਪਾੜਦੇ ਐ। ਨਵੇਂ ਨਵੇਂ ਤਸੀਹੇ ਈਜਾਦ ਕਰਦੇ ਐ। ਅਸੀਂ ਅਮਨਚੈਨ ਨਾਲ ਰਹਿਣਾ ਤੇ ਜਿਉਣਾ ਚਾਹੁੰਦੇ ਆਂ, ਪਰ ਲੰਮੇ ਪੈ ਕੇ ਕਦਾਚਿਤ ਨਹੀਂ। ਹਰ ਸਿਖ ਸਿੰਘ ਸਜਣ ਤੇ ਹਥਿਆਰ ਚੁਕਣ ਤੋਂ ਪਹਿਲਾਂ ਆਪੇ ਨੂੰ ਮੌਤ ਨਾਲ ਤੋਲਦਾ ਹੈ ਕਿ ਹੁਣ ਮੇਰਾ ਸਿਰ ਪੰਥ ਦੀ ਅਮਾਨਤ ਹੈ। ਦੁਨੀਆਂ ਭਰ ਵਿਚ ਕੋਈ ਅੱਤਵਾਦ ਆਪਣੇ ਆਪ ਨਹੀਂ ਪੈਦਾ ਹੁੰਦਾ। ਹਰ ਹਨੇਰੀ ਉਠਣ ਦੇ ਕਾਰਨ ਹੁੰਦੇ ਹਨ। ਤੁਸੀਂ ਆਪਣੇ ਗੁਰੂ ਦੋਸਤ ਸੁਸ਼ੀਲ ਮੁਨੀ ਜੀ ਨੂੰ ਅੱਤਵਾਦ ਬਾਰੇ ਸੁਣੋ : "ਅੱਗ ਬੰਦ ਕਰ ਦੇਵੋ, ਦੁਧ ਉਬਲਣਾ ਆਪਣੇ ਆਪ ਬੰਦ ਹੋ ਜਾਵੇਗਾ।" ਅੱਤਵਾਦ ਤੁਹਾਡੀਆਂ ਪੰਜਾਬ ਨਾਲ ਬੇਇਨਸਾਫੀਆਂ, ਵਿਤਕਰੇ ਤੇ ਪੁਲਸ ਦੇ ਸਿਧੇ ਤਸ਼ੱਦਦ ਦੀ ਪੈਦਾਵਾਰ ਹੈ। ਸ਼ਾਂਤੀ ਰੱਖਣ ਜਾਂ ਗੜਬੜ ਪੈਦਾ ਕਰਨ ਦੀ ਪਹਿਲ ਤੁਹਾਡੇ ਹੱਥ ਹੈ।

ਪੰਜਾਬ ਵਰਗੇ ਉਪਜਾਊ ਸੂਬੇ ਵਿਚ ਬੇਰੋਜ਼ਗਾਰੀ ਕਿਉਂ ? ਜਿਥੇ ਲੱਖਾਂ ਦੀ ਗਿਣਤੀ ਵਿਚ ਲੇਬਰ ਬਾਹਰੋਂ ਆ ਕੇ ਕੰਮ ਕਰਦੀ ਹੈ। ਸਰਕਾਰੀ ਤੇ ਗੈਰ ਸਰਕਾਰੀ ਮਹਿਕਮਿਆਂ ਵਿਚ ਨੌਕਰੀਆਂ ਆਬਾਦੀ ਦੇ ਲਿਹਾਜ਼ ਨਾਲ ਨਹੀਂ ਦਿੱਤੀਆਂ ਜਾਂਦੀਆਂ। ਤੁਸੀਂ ਭਾਵੇਂ ਕਿਸੇ ਵੀ ਵਿਭਾਗ ਦੀ ਪੜਤਾਲ ਕਰਵਾ ਲਵੋ। ਵਿਦਿਆ, ਸਿਹਤ, ਬੈਂਕਾਂ, ਇਨਸ਼ੋਰੈਂਸ, ਰੇਡੀਓ, ਟੀ.ਵੀ. ਗੱਲ ਕੀ ਹਰ ਥਾਂ ਹਿੰਦੂ ਭਾਰੂ ਹਨ। ਹਾਲਾਂ ਕਿ ਪੰਜਾਬ ਵਿਚ ਉਹ ਸਤਾਰਾਂ ਫੀ ਸਦੀ ਤੋਂ ਵੱਧ ਨਹੀਂ। ਪੱਚੀ ਫੀ ਸਦੀ ਹਰੀਜਨ, ਕਿਸੇ ਵਿਭਾਗ ਵਿਚ ਪੂਰੇ ਨਹੀਂ ਉਤਰਦੇ। ਮਲੋ ਮੱਲੀ ਆਪਣੇ

ਵਿਚ ਸ਼ਾਮਲ ਕਰਕੇ ਉਹਨਾਂ ਦੇ ਹੱਕ ਵੀ ਖਾਂਈ ਜਾਂਦੇ ਹੋ । ਕੇਸਾਂ ਦਾਹੜੀਆਂ ਵਾਲੇ ਮਜ਼ਹਬੀ ਤੇ ਰਾਮਦਾਸੀਏ ਸਿਖਾਂ ਨੂੰ ਵੀ ਪਰੇ ਧੱਕ ਰਖਿਆ ਹੈ । ਚੌਥੀ ਜਮਾਤ ਦੀਆਂ ਨੌਕਰੀਆਂ ਵਿਚ ਯੂ ਪੀ. ਬਿਹਾਰ ਨੂੰ ਆਮ ਭਰਿਆ ਜਾ ਰਿਹਾ ਹੈ । ਕਿਉਂ ? ਸੱਚ ਤੇ ਨਿਆਂ ਕਿਥੇ ਖੜੇ ਹਨ ? ਹੋਰ ਵਿਤਕਰਾ ਕੀਹਨੂੰ ਆਖਦੇ ਹਨ ?

ਸਿਖ ਭਾਰਤ ਵਿਚ ਇਕ ਵਿਸ਼ੇਸ਼ ਘਟ ਗਿਣਤੀ ਹੈ । ਜਿਸ ਇਤਿਹਾਸਕ ਤੇ ਆਰਥਿਕ ਪਖੋਂ ਮੱਲਾਂ ਮਾਰੀਆਂ ਹਨ । ਐਨਾ ਲਹੂ ਦੇ ਕੇ ਸਾਬਤ ਕਰ ਦਿੱਤਾ ਹੈ ਕਿ ਅਸੀਂ ਹਿੰਦੂਆਂ ਵਿਚ ਖੁਰਨਾ ਨਹੀਂ ਚਾਹੁੰਦੇ । ਹਿੰਦੂਆਂ ਦੇ ਸਰਕਾਰੀ ਤੇ ਗੈਰ ਸਰਕਾਰੀ ਵਤੀਰੇ ਕਾਰਨ ਸਾਡੇ ਅੰਦਰ ਨਫਰਤ ਦੇ ਅੰਬਾਰ ਉਠ ਪਏ ਹਨ । ਅਸੀਂ ਭਲੀ ਪ੍ਰਕਾਰ ਸਮਝਦੇ ਆਂ ਨਫਰਤ ਮਨੁਖ ਨੂੰ ਨੀਵਾਂ ਕਰਦੀ ਹੈ । ਪਰ ਵਿਰੋਧੀ ਦਾ ਵਿਹਾਰ ਹੀ ਪ੍ਰਤਿਕਰਮ ਵਿਚ ਆਉਣ ਲਈ ਮਜ਼ਬੂਰ ਕਰਦਾ ਹੈ । ਜਿੰਨਾ ਚਿਰ ਬਹੁ-ਗਿਣਤੀ ਆਪਣੇ ਵਿਚੋਂ ਦਵੈਤ. ਉਚਨੀਚ, ਜਾਤ ਬਜਾਤ ਤੇ ਨਫਰਤ ਦੀ ਭਾਵਨਾ ਨਹੀਂ ਤਿਆਗਦੀ, ਘੱਟ ਗਿਣਤੀ ਨੂੰ ਆਪਣੇ ਬਚਾਅ ਦੇ ਉਪਰਾਲਿਆਂ ਤੋਂ ਕਿਵੇਂ ਰੋਕਿਆ ਜਾ ਸਕਦਾ ਏ । ਤੁਸੀਂ ਸਾਨੂੰ ਉਪਦੇਸ਼ ਨਾ ਦੇਵੋ, ਉਹਨਾਂ ਉਤੇ ਆਪ ਅਮਲ ਕਰੋ । ਪੰਜਾਬ ਵਿਚ ਹੀ ਨਹੀਂ, ਸਾਰੇ ਭਾਰਤ ਵਿਚ ਅਮਨ ਹੋ ਜਾਵੇਗਾ । ਜਿਥੇ ਜ਼ੁਲਮ ਤੇ ਅਨਿਆਂ ਵਾਪਰੇਗਾ, ਉਥੇ ਹਾਹਾਕਾਰ ਮਚੇਗੀ । ਜੇ ਸੁਣਵਾਈ ਨਹੀਂ ਹੋਵੇਗੀ, ਲਾਲ ਝੰਡਾ ਆਪਣੇ ਆਪ ਕਿਸੇ ਗੁਠੋਂ ਉਠ ਪਏਗਾ । ਤੁਸੀਂ ਆਪ ਈਮਾਨਦਾਰੀ ਨਾਲ ਦਸੋ, ਭਾਰੀ ਬਹੁ ਗਿਣਤੀ ਨੂੰ ਕੋਈ ਖਤਰਾ ਹੋ ਸਕਦਾ ਹੈ, ਜਦੋਂ ਕਿ ਉਹ ਸਰਕਾਰ ਤੇ ਵੀ ਕਾਬਜ਼ ਹੋਵੇ ? ਜੇ ਨਹੀਂ, ਤਾਂ ਪੰਦਰਾਂ ਲੱਖ ਫੌਜ, ਜਿਹੜੀ ਹਰ ਤਰ੍ਹਾਂ ਦੇ ਅਧੁਨਿਕ ਹਥਿਆਰਾਂ ਨਾਲ ਲੈਸ ਹੈ, ਦੇ ਹੁੰਦਿਆਂ ਆਰ. ਐਸ. ਐਸ, ਹਿੰਦੂ ਮਹਾ ਸਭਾ, ਹਿੰਦੀ ਰਖਸ਼ਾ ਸੰਮਤੀ, ਹਿੰਦੂ ਰਖਸ਼ਾ ਸੰਮਤੀ ਤੇ ਸ਼ਿਵ ਸੈਨਾ ਆਦਿ ਨੀਮ ਫੌਜੀ ਜਥੇਬੰਦੀਆਂ ਕਾਹਦੇ ਲਈ ਖੜੀਆਂ ਕੀਤੀਆਂ ਹਨ ? ਅਸੀਂ ਇਹਨਾਂ ਦਾ ਮਤਲਬ ਇਉਂ ਲੈਂਦੇ ਆਂ, ਪੱਕਾ ਹਿੰਦੂ ਰਾਜ ਕਾਇਮ ਕਰਕੇ ਘੱਟ ਗਿਣਤੀਆਂ ਨੂੰ ਖਤਮ ਕਰਕੇ ਆਪਣੇ ਵਿਚ ਮਿਲਾਉਣਾ ਅਸਲੀ ਮਕਸਦ ਤੇ ਨਿਸ਼ਾਨਾ ਹੈ । ਉਂਝ ਹੁਣ ਵੀ ਬਹੁਗਿਣਤੀ ਦਾ ਰਾਜ ਹੈ, ਜਿਸ ਦਾ ਸਾਫ ਮਤਲਬ ਹਿੰਦੂ ਰਾਜ ਨਿਕਲਦਾ ਹੈ । ਕਰ ਇਹ ਵੀ ਉਹ ਕੁਝ ਰਹੀ ਹੈ, ਜੋ ਫਿਰਕੂ ਹਿੰਦੂ ਪਾਰਟੀਆਂ ਐਲਾਨੀਆਂ ਕਰਨਾ ਚਾਹੁੰਦੀਆਂ ਹਨ । ਪਰ ਧੀਰੇ, ਮਹਾਤਮਾ ਗਾਂਧੀ ਦੀ ਸ਼ਾਂਤੀ ਤੇ ਸਲੋ ਪੋਇਜ਼ਨਿੰਗ ਨਾਲ । ਡੈਮੋਕਰੇਸੀ ਦਾ ਢੌਂਗ ਤਾਂ ਲੋਕਾਂ ਦੀਆਂ ਅੱਖਾਂ ਵਿਚ ਧੂੜ

ਪਾਉਣ ਲਈ ਆੜ ਵਜੋਂ ਰਖਿਆ ਹੈ । ਕਾਂਗਰਸ ਦੇ ਹੁੰਦਿਆਂ ਕਿਸੇ ਹੋਰ ਹਿੰਦੂ ਸੰਸਥਾ ਦੀ ਕੀ ਲੋੜ ਰਹਿ ਜਾਂਦੀ ਹੈ । ਕਾਂਗਰਸ ਫਿਰਕੂ ਜਥੇਬੰਦੀਆਂ ਵਾਲੇ ਸਾਰੇ ਪਾਪੜ ਰਾਜਨੀਤਕ ਚਾਲਾਂ ਨਾਲ ਵੇਲੀ ਜਾ ਰਹੀ ਹੈ । ਸਿਧੇ ਕਤਲ ਨਾਲੋਂ ਕਾਨੂੰਨ ਬਣਾ ਕੇ, ਕਰਫਿਊ ਲਾ ਕੇ ਮਾਰਨਾ ਸਹੀ ਸਮਝਿਆ ਜਾਂਦਾ ਹੈ । ਕਾਂਗਰਸ ਨੂੰ ਪੱਕੀ ਹਿੰਦੂ ਜਮਾਤ ਆਖਣ ਬਾਰੇ ਨਾ ਡਾ: ਅੰਬੇਦਕਰ ਝੂਠਾ ਸੀ ਤੇ ਨਾ ਹੀ ਮਿਸਟਰ ਜਿਨਾਹ । ਘਟ ਗਿਣਤੀਆਂ ਤੋਂ ਹਿੰਦੋਸਤਾਨ ਦੀ ਹਕੂਮਤ ਕਰ ਰਹੀ ਬਹੁ ਗਿਣਤੀ ਨੂੰ ਕੋਈ ਖਤਰਾ ਨਹੀਂ । ਉਹਦੇ ਆਪਣੇ ਇਰਾਦੇ ਨੇਕ ਨਹੀਂ-ਅੰਦਰਲੇ ਪਾਪ ਕੰਬਦੇ ਹਨ । ਉਹ ਪਾਪ ਹਨ, ਅਛੂਤਾਂ, ਮਲੇਸ਼ਾਂ ਤੇ ਹੋਰ ਘਟ ਗਿਣਤੀਆਂ ਨੂੰ ਆਪਣੇ ਥੱਲੇ ਲੇਬਰ ਕਲਾਸ ਬਣਾਈ ਰਖਣਾ—ਉਹਨਾਂ ਦੀ ਲੁਟ ਕਰਦੇ ਜਾਣਾ । ਰਾਜੀਵ ਜੀ ! ਜਿੰਨਾ ਚਿਰ ਇਹ ਹਿੰਦੂ ਨੀਮ ਫੌਜੀ ਦਸਤੇ ਹਮਲਾਵਰ ਰਹਿਣਗੇ, ਘਟ ਗਿਣਤੀਆਂ ਆਪਣੀ ਰਖਿਆ ਲਈ ਹਥਿਆਰ ਚੁਕਣਗੀਆਂ ਤੇ ਅਮਨ ਖਤਰੇ ਵਿਚ ਪਿਆ ਰਹੇਗਾ । ਇਸ ਤੋਰੇ ਤੁਰਦਾ ਭਾਰਤ ਟੁਕੜੇ ਟਕੜੇ ਹੋਣ ਵਲ ਦਿਨੋ ਦਿਨ ਖਿਸਕਦਾ ਜਾ ਰਿਹਾ ਹੈ—ਅਲ ਐਲਾਨੀਆਂ ਗੁੰਡਾ ਗਰਦੀ ਵਧਦੀ ਜਾ ਰਹੀ ਹੈ । ਅਮਲ ਕਰਨਾ ਤੁਹਾਡੇ ਬਸ ਹੈ । ਘਟ ਗਿਣਤੀਆਂ ਨੂੰ ਜਬਰ ਤਸ਼ੱਦਦ ਨਾਲ ਨਹੀਂ ਪਿਆਰ ਸਤਿਕਾਰ ਤੇ ਬਰਾਬਰ ਦੇ ਸਲੂਕ ਨਾਲ ਗਲ ਲਾਓ । ਅਵਤਾਰਾਂ, ਪੈਗੰਬਰਾਂ ਤੇ ਮਹਾਂ ਪੁਰਸ਼ਾਂ ਦੇ ਪਰਵਚਨ ਸਾਡੇ ਵਾਸਤੇ ਹੀ ਨਹੀਂ, ਤੁਹਾਡੇ ਤੇ ਬਹੁ ਗਿਣਤੀ ਵਾਸਤੇ ਵੀ ਬਰਾਬਰ ਹਨ । ਤਾੜੀ ਕਿਤੇ ਵੀ ਇਕ ਹੱਥ ਨਾਲ ਨਹੀਂ ਬਜਦੀ, ਸਖਤੀ ਲਾਹਨਤ ਹੈ, ਕਰਨੀ ਤੇ ਸਹਿਣੀ, ਦੋਹਾਂ ਪੱਖਾਂ ਤੋਂ । ਅਸੀਂ ਸਿਖ ਤਾਂ "ਭੈ ਕਾਹੂ ਕੋ ਦੇਤ ਹੈ, ਨਹਿ ਭੈ ਮਾਨਤਿ ਆਨ ।" ਦੀ ਉਮਤ ਆਂ । ਇਹ ਪਰਵਚਨ ਗੁਰੂ ਤੇਗ ਬਹਾਦਰ ਦੇ ਹਨ, ਜਿਹੜੇ ਤੁਹਾਡੇ ਪੁਰਖਿਆਂ ਦਾ ਧਰਮ ਬਚਾਉਣ ਲਈ ਦਿੱਲੀ ਵਿਚ ਸ਼ਹੀਦ ਹੋਏ ਸਨ । ਉਸ ਦਿੱਲੀ ਵਿਚ, ਜਿਥੇ ਤੁਹਾਡੀ ਲਾਡਲੀ ਕਾਂਗਰਸ ਨੇ ਦਸ ਹਜ਼ਾਰ ਸਿਖਾਂ ਦਾ ਕਤਲਾਮ ਕੀਤਾ ਤੇ ਧਰਮ ਅਸਥਾਨ ਸਾੜੇ ।

ਇਕ ਹੋਰ ਤੌਖਲਾ ਨਹੀ, ਸਚਾਈ । ਪੰਜਾਬੀ ਸੂਬਾ ਬਣਾਉਣ ਤੋਂ ਲੈ ਕੇ ਹੁਣ ਤਕ ਸਾਨੂੰ ਘਟ ਗਿਣਤੀ ਦੀਆਂ ਕੁਚਾਲਾਂ ਚਲੀਆਂ ਗਈਆਂ ਹਨ । ਅਸੀਂ ਇਸ ਨੂੰ ਛੋਟਾ ਕਰਨ ਲਈ ਕਦੇ ਨਹੀਂ ਆਖਿਆ ਤੇ ਮੰਗਿਆ ਸੀ । ਸਗੋਂ ਮੁਗਲ ਤੇ ਪਠਾਣ ਰਾਜਾਂ ਸਮੇਂ ਸਰਹੰਦ ਸੂਬੇ ਦੀ ਹੱਦ ਸਰਸਵਤੀ ਨਦੀ ਹੁੰਦੀ ਸੀ । ਅਸੀਂ

ਆਸ ਕਰਦੇ ਸਾਂ, ਪੰਜਾਬੀ ਸੂਬੇ ਦੀ ਹੱਦ ਮਾਰਕੰਡੇ ਤਕ ਜ਼ਰੂਰ ਜਾਵੇਗੀ। ਪਰ
ਗੁਲਜ਼ਾਰੀ ਲਾਲ ਨੰਦਾ (ਜਿਹੜਾ ਪੰਜਾਬੀ ਸੀ) ਅਤੇ ਆਰੀਆ ਸਮਾਜੀਆਂ ਦੀ
ਮਿਹਰਬਾਨੀ ਨਾਲ ਕਟ ਕਟਾ ਕੇ ਤਾਰੀਖੀ ਪੰਜਾਬ ਨੂੰ ਸੂਬੀ ਬਣਾ ਕੇ ਰਖ ਦਿੱਤਾ।
1961 ਦੀ ਮਰਦਮ ਸ਼ੁਮਾਰੀ ਨੂੰ ਅਧਾਰ ਰਖਕੇ ਲੀਕਾਂ ਵਾਹੀਆਂ ਗਈਆਂ। ਜਿਸ
ਨੂੰ ਜਵਾਹਰ ਲਾਲ ਨੇ ਫਿਰਕੂ ਆਖਿਆ ਸੀ। ਪਾਕਿਸਤਾਨ ਵਾਂਗ ਐਨ ਫਿਰਕੂ
ਲੀਹਾਂ ਤੇ ਪੰਜਾਬੀ ਸੂਬਾ ਉਲੀਕਿਆ ਗਿਆ। ਪੰਜਾਬੀ ਹੁੰਦਿਆਂ ਹਿੰਦੂਆਂ ਨੇ ਆਪਣੀ
ਜ਼ਬਾਨ ਮਹਾਸ਼ਿਆਂ ਦੇ ਪ੍ਰਾਪੇਗੰਡੇ ਦੇ ਜ਼ੋਰ ਹਿੰਦੀ ਲਿਖਵਾਈ ਸੀ। ਉਹ ਨੈਸ਼ਨਲਿਜ਼ਮ
ਸਾਨੂੰ ਕਿਤੇ ਨਹੀਂ ਦਿਸਿਆ, ਜਿਸ ਦੀ ਦੋਹਾਈ ਦੇਂਦਾ ਪੰਡਤ ਜਵਾਹਰ ਲਾਲ ਮਰ
ਗਿਆ। ਫਿਰਕਾ ਪ੍ਰਸਤਾਂ ਨੂੰ ਹੁਣ ਇਹ ਸੂਬੀ ਵੀ ਸੂਲ ਵਾਂਗ ਚੁਭਦੀ ਹੈ। ਹਾਲਾਂਕਿ
ਸਾਰਾ ਕਾਂਗੜਾ, ਕਾਲਕਾ ਤੇ ਊਨਾ ਸਿਕੇ ਬੰਦ ਪੰਜਾਬੀ ਬੋਲਦੇ ਹਨ। ਉਹਨਾਂ ਦੇ
ਮਿਠੇ ਲੋਕ ਗੀਤ ਸਾਰੇ ਪਰਦੇ ਫਾਸ਼ ਕਰ ਦੇਂਦੇ ਹਨ। ਭਾਸ਼ਾ ਵਿਗਿਆਨ ਨੂੰ ਖੂਹ
ਪਾ ਕੇ, ਇਹ ਇਲਾਕੇ ਹਿਮਾਚਲ ਤੇ ਹਰਿਆਣੇ ਨਾਲ ਜੋੜ ਦਿਤੇ। ਤੁਹਾਡੇ ਵਡੇਰੇ
ਸਾਨੂੰ ਏਹੋ ਜਿਹਾ ਨਿਆਂ ਦੇਂਦੇ ਰਹੇ ਐ। ਮਾੜੇ ਨੂੰ ਕਦੇ ਨਿਆਂ ਨਹੀਂ ਮਿਲਿਆ। ਏਸੇ
ਕਾਰਨ ਤਾਰੀਖੀ ਲੜਾਈਆਂ ਦਾ ਮੁਢ ਬਝਦਾ ਗਿਆ। ਅਸੀਂ ਆਪਣੀ ਪੰਜਾਬੀ
ਜ਼ਬਾਨ ਨੂੰ ਉਨਾ ਹੀ ਪਿਆਰ ਕਰਦੇ ਆਂ, ਜਿੰਨਾ ਕੋਈ ਦੇਸ਼ ਭਗਤ ਜਮਾਤ ਕਰ ਸਕਦੀ
ਹੈ। ਜੇ ਕੋਈ ਆਪਣੀ ਮਾਂ ਬੋਲੀ ਤੋਂ ਮੁਨਕਰ ਹੈ, ਇਸ ਦਾ ਇਹ ਇਲਾਜ ਤਾ ਨਹੀਂ
ਕਿ ਅਸੀਂ ਬੇਰੜੇ ਬਣ ਜਾਈਏ ਤੇ ਸਕੀ ਮਾਂ ਨੂੰ ਘਰੋਂ ਟਾਹ ਦੇਈਏ। ਕਿੰਨੀਆਂ ਹੋਰ
ਨਵੀਆਂ ਛਾਉਣੀਆਂ ਪੰਜਾਬ ਵਿਚ ਬਣਾ ਧਰੀਆਂ ਹਨ ਤੇ ਲੱਖਾਂ ਏਕੜ ਭੋਏਂ ਤੋਂ
ਪੰਜਾਬੀ ਕਿਸਾਨਾਂ ਨੂੰ ਉਠਾਇਆ ਗਿਆ, ਜਿਹਨਾਂ ਨੂੰ ਯੂ.ਪੀ. ਮੱਧ ਪ੍ਰਦੇਸ਼ ਤੇ
ਰਾਜਸਥਾਨ ਵਿਚ ਜ਼ਮੀਨਾਂ ਲੈ ਕੇ ਨਿਰਬਾਹ ਕਰਨ ਲਈ ਮਜ਼ਬੂਰ ਹੋਣਾ ਪਿਆ।
ਕੇਂਦਰ ਦੀ ਪਾਲਿਸੀ ਸੀ, ਸਿਖਾਂ ਨੂੰ ਖਿੰਡਾਅ ਦਿੱਤਾਂ ਜਾਵੇ। ਸਾਡੇ ਹੁੰਦਿਆਂ
ਪੰਜਾਬ ਵਿਚ ਹੋਰ ਛਾਉਣੀਆਂ ਦੀ ਕੀ ਲੋੜ ਹੈ। ਪੰਜਾਬ ਦਾ ਹਰ ਪਿੰਡ ਹੀ
ਆਪਣੇ ਆਪ ਵਿਚ ਇਕ ਛਾਉਣੀ ਹੈ। ਲੜਦੀਆਂ ਕੇਵਲ ਫੌਜਾਂ ਹੀ ਨਹੀਂ—ਲੋਕ
ਬਰਾਬਰ ਜੂਝਦੇ ਹਨ। ਪਾਕਿਸਤਾਨ ਦੀਆਂ ਹੋਈਆਂ ਲੜਾਈਆਂ ਵਿਚ ਸਾਬਤ ਹੋ
ਚੁਕਾ ਹੈ। ਤੁਹਾਡੇ ਮਦਰਾਸੀ ਤੇ ਮਰਾਠੇ ਭਜ ਨਿਕਲੇ ਸਨ। ਪਰ ਸਿਖ ਫੌਜ ਤੇ
ਪਿੰਡਾਂ ਦੇ ਲੋਕ ਚਟਾਨ ਵਾਂਗ ਹਿੱਕ ਡਾਹ ਕੇ ਪੈਟਨ ਟੈਂਕਾਂ ਅਗੇ ਡਟੇ ਰਹੇ। ਇਉਂ
ਪੰਜਾਬ ਵਿਚੋਂ ਸਿਖ ਹਿਜਰਤ ਕਰਦੇ ਗਏ। ਬੇਰੋਜ਼ਗਾਰੀ ਹਥੋਂ ਤੰਗ ਲੱਖਾਂ ਪੰਜਾਬੀ,

ਦੇਸ਼ ਆਜ਼ਾਦ ਹੋਣ ਪਿਛੋਂ, ਜਿਹਨਾਂ ਵਿਚ ਅੱਸੀ ਫੀਸਦੀ ਸਿਖ ਸਨ, ਇੰਗਲੈਂਡ, ਕਨੇਡਾ ਤੇ ਅਮਰੀਕਾ ਵਿਚ ਕੰਮਾਂ ਕਾਰਾਂ ਜਾ ਲਗੇ ਅਤੇ ਲੱਖਾਂ ਦੀ ਗਿਣਤੀ ਵਿਚ ਯੂ.ਪੀ. ਬਿਹਾਰ ਦੀ ਲੇਬਰ ਨੇ ਪੰਜਾਬ ਵਿਚ ਆ ਡੇਰੇ ਲਾਏ। ਵਧ ਮਜ਼ਦੂਰੀ ਦੇ ਲਾਲਚ ਕਾਰਨ ਹੁਣ ਉਹ ਪਿਛਾਂਹ ਨੂੰ ਨਹੀਂ ਜਾਣਗੇ। ਸਰਕਾਰ ਤੇ ਫਿਰਕੂ ਹਿੰਦੂ ਏਹੋ ਚਾਹੁੰਦਾ ਹੈ। ਉਹਨਾਂ ਦਾ ਓਪਰਾ ਕਲਚਰ ਤੇ ਬੋਲੀ ਸਾਡੀ ਸਭਿਅਤਾ ਨੂੰ ਬਦਰੰਗ ਕਰਨਗੇ। ਇਉਂ ਪੰਜਾਬੀਅਤ ਘਟ ਗਿਣਤੀ ਬਣ ਜਾਣ ਨਾਲ ਸਾਹ ਕਰੋਲਦੀ ਸਾਹ ਹੀ ਤੋੜ ਦੇਵੇਗੀ। ਹਿੰਦੂ ਪੰਜਾਬੀ ਤੋਂ ਉਂ ਹੀ ਇਨਕਾਰੀ ਹੈ। ਸਿਖ ਪੰਜਾਬੀਆਂ ਦੇ ਲਗਾਤਾਰ ਬਾਹਰ ਜਾਣ ਨਾਲ ਸਥਿਤੀ ਹੋਰ ਵਿਗੜਦੀ ਹੈ। ਇਉਂ ਸਲੋ ਪੁਆਇਜ਼ਨਿੰਗ ਵਾਲੀ ਵਿਉਂਤ ਨਾਲ ਸਿਖਾਂ ਨੂੰ ਪੰਜਾਬ ਵਿਚ ਹੀ ਘਟ ਗਿਣਤੀ ਕਰਕੇ ਸਿਆਸੀ ਮੌਤ ਮਾਰਿਆ ਜਾ ਰਿਹਾ ਹੈ। ਪੰਜਾਬੀ ਸੂਬਾ ਲਿਆ ਸੀ, ਆਪਣੀ ਜ਼ਬਾਨ, ਸਭਿਆਚਾਰ, ਧਰਮ ਤੇ ਅਰਥਚਾਰੇ ਨੂੰ ਬਚਾਉਣ ਵਾਸਤੇ। ਜੇ ਇਸ ਨੂੰ ਘਟ ਗਿਣਤੀ ਹੀ ਕਰ ਦੇਣਾ ਹੈ, ਤਦ ਵੱਡਾ ਸੂਬਾ ਕੀ ਬੁਰਾ ਸੀ ? ਹੁਣ ਤਕ ਜਾਇਜ਼ ਮੰਗਾਂ ਲਈ ਵੀ ਕਾਂਗਰਸ ਸਰਕਾਰ ਨੇ ਪੰਜਾਬ ਨੂੰ ਮੋਰਚਿਆਂ ਦੇ ਰਾਹ ਪਾਈ ਰਖਿਆ ਹੈ। ਬਣਦੇ ਕੁਦਰਤੀ ਨਿਆਂ ਨਾਲ ਸਾਡੇ ਹੱਕ ਸਾਨੂੰ ਨਹੀਂ ਦਿਤੇ। ਸਾਰੇ ਹਿੰਦੁਸਤਾਨ ਨੂੰ ਜ਼ਬਾਨ ਦੇ ਅਧਾਰ ਤੇ ਵੰਡਿਆ, ਪਰ ਪੰਜਾਬ ਆ ਕੇ ਇਸ ਅਸੂਲ ਨੂੰ ਛਿਕੇ ਟੰਗ ਦਿੱਤਾ। ਭਲਾ ਕਿਉਂ ? ਕਿਉਂਕਿ ਜ਼ਬਾਨ ਦੇ ਅਧਾਰ ਤੇ ਬਣੇ ਸੂਬੇ ਵਿਚ ਸਿਖਾਂ ਦਾ ਕੁਝ ਕੁ ਹੱਥ ਉਤੇ ਹੁੰਦਾ ਸੀ। ਇਹ ਗੱਲ ਜਵਾਹਰ ਲਾਲ ਤੇ ਉਸ ਦੀ ਵਜ਼ੀਰ ਮੰਡਲੀ ਨੂੰ ਕਿਵੇਂ ਵੀ ਵਾਰਾ ਨਹੀਂ ਖਾਂਦੀ ਸੀ। ਪੰਜਾਬ ਦੇ ਆਰਥਿਕ ਵਸੀਲੇ ਮਜ਼ਬੂਤੀ ਨਾਲ ਘੁਟੀ ਰਖੇ। ਜੇ ਲੁਧਿਆਣੇ ਨੇ ਇੰਡਸਰੀ ਪਖੋਂ ਮਾੜਾ ਮੋਟਾ ਸਿਰ ਚੁਕਿਆ ਤਾਂ ਲੋਕਾਂ ਦੇ ਨਿੱਜੀ ਸਰਮਾਏ ਕਾਰਨ। ਸਰਕਾਰ ਕਾਣੀ ਕੌਡੀ ਦੀ ਸਹਾਈ ਨਹੀਂ ਹੋਈ। ਅਜਿਹਾ ਕਿਉਂ ਕੀਤਾ ਗਿਆ ਕਿਉਂਕਿ ਪੰਜਾਬ ਉਤੇ ਤੇ ਖਾਸ ਕਰ ਸਿਖਾਂ ਉਤੇ ਕੇਂਦਰ ਸਰਕਾਰ ਨੂੰ ਭਰੋਸਾ ਨਹੀਂ ਸੀ। ਹੁਣ ਤੁਸੀਂ ਹੀ ਦਸੋ, ਅਜਿਹੀ ਕਮੀਨੀ ਸੋਚ ਉਤੇ ਸਿਖ ਕਿਵੇਂ ਇਤਬਾਰ ਕਰਨ। ਪੰਜਾਬ ਆਪਣੀ ਕਿਰਤ ਦੇ ਸਿਰ ਤੇ ਖਾਂਦਾ ਪੀਂਦਾ ਸੂਬਾ ਹੈ। ਭਾਰਤ ਵਿਚ ਸੱਠ ਲੱਖ ਹਿੰਦੂ ਸਾਧ ਹੋਇਆ ਮੁਫਤਖੋਰ ਫਿਰਦਾ ਹੈ, ਤੇ ਪੰਜਾਬ ਦੇ ਬੱਚੇ ਤਕ ਖੇਤਾਂ ਵਿਚ ਜੁਟੇ ਹੋਏ ਹਨ। ਔਸਤ ਆਮਦਨ ਦੇ ਹਿਸਾਬ ਕੇਂਦਰੀ ਬਜਟ ਨੂੰ ਪੰਜਾਬ ਦੀ ਦੇਣ ਸਭ ਤੋਂ ਵਧ ਹੈ। ਮੈਂ ਕਿਤੇ ਲਿਖਿਆ ਹੈ : ਕੇਂਦਰ ਪੰਜਾਬ ਵਿਚੋਂ ਪੰਡਾਂ ਬੰਨ੍ਹ ਕੇ ਚੁਕਦਾ ਹੈ ਤੇ ਦੇਂਦਾ ਮੁਠੀਆਂ

ਮੀਰ ਮੀਰ ਹੈ, ਟਕਰਾਅ ਵਾਲੀ ਸੋਚ ਨਾਲ ਸਾਡਾ ਦੋਹਾਂ ਧਿਰਾਂ ਦਾ ਗੁਜ਼ਾਰਾ ਨਹੀਂ। ਇਸ ਗੱਲ ਨੂੰ ਅਸੀਂ ਤਾਂ ਦਰੁਸਤ ਮੰਨਦੇ ਆਂ, ਪਰ ਤੁਸੀਂ ਤੇ ਤੁਹਾਡੇ ਸਾਥੀ ਨਹੀਂ। ਜਿਸ ਕਾਰਨ ਪੰਜਾਬ ਕੁਚਲੂ ਪਾਲਿਸੀ ਵਿਚ ਭੋਰਾ ਫਰਕ ਨਹੀਂ ਆਇਆ। ਉਹੀ ਵਹਿਆਂ-ਕੁਹਾੜੀ, ਉਹੀ ਜੰਗਲ ਦਾ ਨਾਸ। ਤੁਸੀਂ ਇਸ ਸਮਰਥ ਹੋ ਕਿ ਇਹਨਾਂ ਕੁਚਾਲਾਂ ਨੂੰ ਇਕਦਮ ਰੋਕ ਸਕੋ। ਮੇਰਾ ਵਿਸ਼ਵਾਸ਼ ਐ, ਜਿੰਨੀ ਛੇਤੀ ਰੋਕ ਲਓਗੇ, ਓਨੀ ਛੇਤੀ ਹੀ ਸਾਰੇ ਰੇੜਕੇ ਮੁਕਦੇ ਹੋ ਜਾਣਗੇ। ਅਸੀਂ ਆਪਣੇ ਧਰਮ, ਸਭਿਆ-ਚਾਰ ਜ਼ਬਾਨ ਅਤੇ ਅਰਥਚਾਰੇ ਨੂੰ ਸੁਰੱਖਤ ਕਰਨਾ ਚਾਹੁੰਦੇ ਆਂ—ਆਪਣੀ ਆਜ਼ਾਦ ਹਸਤੀ ਹਿੰਦੋਸਤਾਨ ਵਿਚ ਮਾਣ ਸਤਿਕਾਰ ਵਾਲੀ ਵੇਖਣਾ। ਅਸੀਂ ਮੰਗਖਾਣੀ ਕੌਮ ਨਹੀਂ। ਕਿਸੇ ਨੂੰ ਕੁਝ ਦੇ ਨਸ਼ੰਗ ਦੇਈਏ। ਕਿਰਤ ਕਰਨਾ ਤੇ ਵੰਡ ਛਕਣਾ ਸਿਖੀ ਦੇ ਬੁਨਿਆਦੀ ਅਸੂਲਾਂ ਵਿਚ ਸ਼ਾਮਲ ਹੈ। ਆਪਣੀ ਹਸਤੀ ਨੂੰ ਕਾਇਮ ਰਖਣਾ ਬਹਾਦਰ ਕੌਮਾਂ ਦਾ ਲਖਸ਼ ਐ। ਤੁਸੀਂ ਹੀ ਦਸੋ, ਅਸੀਂ ਅਜਿਹਾ ਕਰਕੇ ਕੋਈ ਗੁਨਾਹ ਕਰ ਰਹੇ ਆਂ ?

ਅੰਦਰੂਨੀ ਖੁਦ ਮੁਖਤਿਆਰੀ ਬਿਨਾਂ ਅਸੀਂ ਨਹੀਂ ਪਲਦੇ, ਕਿਵੇਂ ਵੀ ਸੁਰੱਖਤ ਨਹੀਂ ਹੁੰਦੇ। ਹੋਰ ਕੋਈ ਵੀ ਲਾਰਾ ਲੱਪਾ ਸਾਨੂੰ ਸੰਤੁਸ਼ਟ ਨਹੀਂ ਕਰਦਾ। ਅਸੀਂ ਲਾਰਿਆਂ ਤੇ ਫੋਕੇ ਦਮ-ਦਲਾਸਿਆਂ ਦੇ ਮਾਰੇ ਹੀ ਇਥੋਂ ਤੱਕ ਪੁੱਜੇ ਆਂ। ਦੇਸ਼ ਤੋਂ ਵਖ ਹੋਣਾ ਅਸੀਂ ਸੋਚ ਨਹੀਂ ਸਕਦੇ। ਦਸ ਜ਼ਿਲ੍ਹਿਆਂ ਦਾ ਸੂਬਾ ਆਪਣੀ ਆਜ਼ਾਦੀ ਕਾਇਮ ਨਹੀਂ ਰਖ ਸਕਦਾ। ਜਦੋਂ ਕਿ ਉਹਦੇ ਸੱਜੇ ਖੱਬੇ ਭੁੱਖੇ ਬਘਿਆੜ ਤਾਕ ਵਿਚ ਬੈਠੇ ਹੋਣ। ਅਸੀਂ ਭਾਰਤ ਨਾਲ ਰਹਿਕੇ ਹੀ ਤਰੱਕੀ ਕਰ ਸਕਦੇ ਆਂ ਤੇ ਸਮੁੱਚੇ ਭਾਰਤ ਨੂੰ ਮਜ਼ਬੂਤੀ ਦੇ ਸਕਦੇ ਆਂ। ਅਸਾਂ ਭੂਤ ਵਿਚ ਅਜਿਹਾ ਕਰਕੇ ਵਖਾ-ਇਆ ਹੈ। ਜਿਹੜੇ ਆਖਦੇ ਹਨ ਇਉਂ ਦੇਸ਼ ਕਮਜ਼ੋਰ ਹੋ ਜਾਵੇਗਾ, ਉਹ ਦੰਭੀ ਹਨ। ਸੱਚ ਨੂੰ ਝੂਠ ਦਾ ਪਰੇਥਣ ਲਾਉਂਦੇ ਹਨ। ਭਲਾ ਫੈਡਰਲ ਢਾਂਚੇ ਨਾਲ ਅਮਰੀਕਾ, ਕਨੇਡਾ ਤੇ ਰੂਸ ਆਦਿ ਕਿੰਨੇ ਕੁ ਕਮਜ਼ੋਰ ਹੋ ਗਏ ? ਦੇਖੋ, ਫੈਡਰਲ ਢਾਂਚੇ ਦਾ ਅਸੂਲ ਮੰਨਣਾ ਨਾ ਮੰਨਣਾ ਵੱਖਰੀ ਗੱਲ ਐ, ਪਰ ਸਾਨੂੰ ਜਾਗਦਿਆਂ ਨੂੰ ਪੈਂਦ ਪਾਉਣ ਦੀ ਚੁਸਤ ਕੋਸ਼ਿਸ ਨਾ ਕਰੋ, ਜਿਹੜੇ ਅਜਿਹੀਆਂ ਹੇਰਾ ਫੇਰੀਆਂ ਵਾਲੀਆਂ ਦਲੀਲਾਂ ਦੇਂਦੇ ਹਨ, ਅਸੀਂ ਉਹਨਾਂ ਨੂੰ ਦੰਭੀ, ਕਮੀਨੇ ਤੇ ਦੇਸ਼ ਧਰੋਹੀ ਹੀ ਨਹੀਂ, ਸਗੋਂ ਜਾਣ ਬੁਝਕੇ ਦੇਸ਼ ਨੂੰ ਖੰਡ ਖੰਡ ਕਰਨ ਦੇ ਰਾਹ ਪਾਉਣ ਵਾਲੇ ਸਮਝਦੇ ਆਂ। ਰਾਜੀਵ ਜੀ, ਜਿੰਨਾ ਚਿਰ ਤੁਸੀਂ ਸਾਡੇ ਨੇੜੇ ਨਹੀਂ ਹੁੰਦੇ, ਤੁਹਾਨੂੰ

ਪਿੱਤਲ ਤੇ ਸੋਨੇ ਵਿਚ ਫਰਕ ਦਾ ਪਤਾ ਨਹੀਂ ਲਗ ਸਕਦਾ। ਆਨੰਦਪੁਰ ਦਾ ਮਤਾ ਦੇਸ਼ ਨੂੰ ਜੋੜਨ ਤੇ ਤਕੜਿਆਂ ਕਰਨ ਵਾਲਾ ਹੈ।

ਅਸੀਂ ਬਾਰ ਬਾਰ ਆਖਦੇ ਆਂ, ਤੁਹਾਡੇ ਸਲਾਹੀ ਈਮਾਨਦਾਰ ਨਹੀਂ, ਤੁਹਾਨੂੰ ਗਲਤ ਰਾਹ ਪਾਉਂਦੇ ਹਨ। ਉਹਨਾਂ ਛਾਨਣੀ ਵਿਚ ਰੋੜ ਪਾ ਰਖੇ ਹਨ। ਜਦੋਂ ਪੰਜਾਬ ਦੇ ਹੱਕ ਸੱਚ ਦੀ ਗੱਲ ਅੱਗੇ ਆਉਂਦੀ ਐ ਛਾਨਣੀ ਖੜਕਾ ਛਡਦੇ ਹਨ। ਜੇ ਤੁਸੀਂ ਸਾਡੇ ਨੇੜੇ ਹੋਵੋ, ਸੱਚ ਝੂਠ ਦਾ ਨਿਰਣਾ ਆਪਣੇ ਆਪ ਹੋ ਜਾਵੇ। ਇਹ ਗੱਲ ਫਿਰਕੂ ਜੁੰਡੀ ਨੂੰ ਮਨਜ਼ੂਰ ਨਹੀਂ। ਅਸੀਂ ਤਾਂ ਸ਼ਹਿਦ ਦੀਆਂ ਮੱਖੀਆਂ ਹਾਂ। ਜੇ ਥੋੜਾ ਡੰਗ ਵੀ ਮਾਰਦੀਆਂ ਹਾਂ, ਤਾਂ ਸ਼ਹਿਦ ਵੀ ਦੇਂਦੀਆਂ ਹਾਂ। ਪਰ ਤੇਰੇ ਯਾਰ, ਜੁੰਡੀਦਾਰ, ਨਿਰੀ ਬੀਮਾਰੀ ਫੈਲਾਉਣ ਵਾਲੀਆਂ ਮੱਖੀਆਂ ਤੇ ਮਛਰ ਹਨ। ਮਨੁਖਤਾ ਦੇ ਦੋਸਤ ਦੁਸ਼ਮਣ ਦੀ ਪਛਾਣ ਤੁਸੀਂ ਆਪ੍ਰੂ ਕਰ ਸਕਦੇ ਹੋ। ਸਾਰਿਆਂ ਦੇ ਕਿਰਦਾਰ ਨੰਗੇ ਚਿੱਟੇ ਹਨ। ਪਰ ਸੱਚ ਇਹ ਹੈ ਭਰਾਵਾ, ਸਾਡਾ ਅਨੰਦਪੁਰ ਮਤੇ ਦੀ ਪ੍ਰਾਪਤੀ ਬਿਨਾਂ ਗੁਜ਼ਾਰਾ ਨਹੀਂ। ਹੋਰ ਸਭ ਲਾਲਚ ਸਾਨੂੰ ਝੂਠ, ਧਰੋਹ ਤੇ ਕੌਮ ਨਾਲ ਗਦਾਰੀ ਜਾਪਦੇ ਹਨ। ਜਿੰਨੀ ਛੇਤੀ ਇਸ ਨੂੰ ਪਰਵਾਨ ਕਰੋਗੇ, ਓਨੀ ਛੇਤੀ ਸ਼ਾਂਤੀ, ਖੁਸ਼ਹਾਲੀ ਤੇ ਦੇਸ਼ ਦੀ ਮਜ਼ਬੂਤੀ ਬਣੇਗੀ। ਨਹੀਂ ਤਾਂ ਖੰਡ ਖੰਡ ਕਰਨ ਦਾ ਭਾਂਡਾ ਤੁਹਾਡੇ ਸਿਰ ਭੱਜੇਗਾ। ਭਾਵੇਂ ਦੇਸ਼ ਨੂੰ ਤੋੜਨ ਮਰੋੜਨ ਦੀਆਂ ਕੁਚਾਲਾਂ ਪਿਛਲੀਆਂ ਦੋ ਪੀਹੜੀਆਂ ਤੋਂ ਵਿੱਢੀਆਂ ਹੋਈਆਂ ਹਨ। ਚੋਰ ਉਹ ਬਣ ਜਾਂਦਾ ਹੈ, ਜਿਸ ਕੋਲੋਂ ਮਾਲ ਫੜਿਆ ਜਾਵੇ। ਕਿਉਂਕਿ ਅਜ ਦੇ ਪ੍ਰਾਈਮਨਿਸਟਰ ਤੁਸੀਂ ਹੋ, ਇਸ ਲਈ ਨਫੇ ਨੁਕਸਾਨ ਦੇ ਤਾਰੀਖੀ ਦੋਸ਼ ਤੋਂ ਭੱਜ ਨਹੀਂ ਸਕਦੇ। ਦੁਨੀਆਂ ਦੇ ਜਿਹਨਾਂ ਦੇਸ਼ਾਂ ਵਿਚ ਫੈਡਰਲ ਢਾਂਚਾ ਚਲ ਰਿਹਾ ਹੈ, ਉਹ ਕਿੰਨੇ ਕੁ ਕਮਜ਼ੋਰ ਹੋ ਗਏ ਹਨ। ਰੂਸ ਨੇ ਆਪਣੀਆਂ ਛੇ ਰਿਆਸਤਾਂ ਨੂੰ ਯੂ. ਐਨ. ਓ. ਤਕ ਵਿੱਚ ਵੋਟ ਦੇਣ ਦੇ ਅਧਿਕਾਰ ਦੇ ਰਖੇ ਹਨ। ਰੂਸ ਤਾਂ ਤੁਹਾਡਾ ਦੋਸਤ ਹੈ। ਯਾਰ ਦੇ ਔਗੁਣ ਨਾ ਸਹੀ ਗੁਣ ਅਪਣਾਉਣ ਦਾ ਡਰ ਨਹੀਂ। ਖਾਲਸਤਾਨ ਮੰਗਣ ਵਾਲੇ ਕੇਵਲ ਤੁਹਾਡੇ ਗਲਤ ਰਵੱਈਏ ਦੇ ਪ੍ਰਤਿਕਰਮ ਵਿਚ ਆਏ ਹੋਏ ਐ, ਉਸਨੂੰ ਹਵਾ ਦੇਣ ਵਾਲੇ ਤੁਹਾਡੇ ਫਿਰਕੂ ਪ੍ਰੈਸ ਐ। ਤੁਸੀਂ ਅਨੰਦਪੁਰ ਦੇ ਮਤੇ ਨੂੰ ਪ੍ਰਵਾਨਗੀ ਦੇ ਦੇਵੋ, ਸਾਰਾ ਸਿੱਖ ਜਗਤ ਹੀ ਸੰਤੁਸ਼ਟ ਹੋ ਜਾਵੇਗਾ। ਸਗੋਂ ਭਾਰਤ ਖੁਸ਼ਹਾਲੀ ਦੇ ਰਵਾਂ ਰਵੀਂ ਰਾਹ ਪੈ ਜਾਵੇਗਾ।

ਆਰਥਿਕ ਪੱਖੋਂ ਪੰਜਾਬ ਨੂੰ ਕੰਮਜ਼ੋਰ ਕਰਨ ਦੀ ਨੀਤੀ ਕੇਂਦਰ ਨੇ

ਮੁੱਢ ਤੋਂ ਹੀ ਅਪਣਾਈ ਰਖੀ ਹੈ। ਕਿਉਂ ? ਕਿਉਂਕਿ ਪੰਜਾਬ ਦੇ ਮਜ਼ਬੂਤ ਹੋਣ ਨਾਲ ਸਿਖ ਵੀ ਤਕੜੇ ਹੁੰਦੇ ਸਨ। ਤੁਹਾਨੂੰ ਨਾ ਸਹੀ, ਰਾਜ ਕਰਦੀ ਬਹੁਗਿਣਤੀ ਹਿੰਦੂ ਜਮਾਤ ਨੂੰ ਇਹ ਕਿਵੇਂ ਵੀ ਵਾਰਾ ਨਹੀਂ ਖਾਂਦਾ ਸੀ। ਆਪਣੇ ਮਨ ਬੇਈਮਾਨ ਹੋਣ ਕਾਰਨ ਸਿੱਖਾਂ ਤੇ ਵਿਸ਼ਵਾਸ ਨਹੀਂ। ਉਹ ਚਾਹੁੰਦੇ ਸਨ ਇਹ ਚੁਪਚਾਪ ਖੇਤਾਂ ਵਿਚ ਕਮਾਈ ਕਰੀ ਜਾਣ ਅਤੇ ਸਾਲ ਭਰ ਦੀ ਜਿਣਸ ਦੇ ਸਾਡੇ ਅਗੇ ਢੇਰ ਲਾਂਦਿਆ ਕਰਨ। ਇਹ ਖੇਤਾਂ ਦੀ ਮਿੱਟੀ ਨਾਲ ਮੱਥਾ ਮਾਰਨ ਵਾਲੇ ਮੁਜ਼ਾਰੇ ਰਹਿਣ ਅਤੇ ਅਸੀਂ ਬਾਜ਼ਾਰ ਦੇ ਸ਼ਾਹ ਬਣੇ ਰਹੀਏ। ਵਸਤ ਵੇਚਣ ਅਤੇ ਖਰੀਦਣ ਸਮੇਂ ਇਹ ਪੰਜ ਤਿੰਨ ਨਾ ਕਰਿਆ ਕਰਨ, ਭਾਵੇਂ ਅਸੀਂ ਪਾਸਕੂ ਵੀ ਮਾਰ ਲਿਆ ਕਰੀਏ। ਤੁਹਾਡਾ ਐਗਰੀਕਲਚਰ ਪ੍ਰਾਈਸ ਕਮਿਸ਼ਨ ਕੀ ਧੰਦਾ ਕਰਦਾ ਹੈ ? ਕੇਵਲ ਤੁਹਾਡੀ ਮਨਮਰਜ਼ੀ ਨਾਲ ਮਿਥੀ ਕੀਮਤ ਉਤੇ ਅੰਗੂਠਾ ਲਾਉਂਦਾ ਹੈ। ਚਾਰ ਮੈਂਬਰਾਂ ਵਿਚੋਂ ਇਕ ਕਿਸਾਨਾਂ ਦੀ ਨੁਮਾਇੰਦਗੀ ਕਰਦਾ ਹੈ। ਉਹ ਵੀ ਤੁਹਾਡਾ ਨਾਮਜ਼ਦ ਕੀਤਾ, ਭਾਵ ਇਕ ਤਰ੍ਹਾਂ ਖਰੀਦਿਆ ਹੋਇਆ। ਇਉਂ ਕਿਸਾਨਾਂ ਦਾ ਬੋਹਲ ਤੁਸੀਂ ਤੇ ਬਪਾਰੀ ਚੁੱਕ ਲੈਂਦੇ ਹੋ। ਨਿੱਤ ਵਰਤੋਂ ਦੀਆਂ ਚੀਜ਼ਾਂ ਕਿਸਾਨ ਨੂੰ ਬਲੈਕ ਵਿਚ ਖਰੀਦਣੀਆਂ ਪੈਂਦੀਆਂ ਹਨ। ਕੰਟਰੋਲ ਰੇਟ ਦੀਆਂ ਸਸਤੀਆਂ ਚੀਜ਼ਾਂ ਅਫਸਰ ਤੇ ਕਾਂਗਰਸੀ ਲੀਡਰ ਰੋਹਬ ਨਾਲ ਬਜ਼ਾਰੋਂ ਚੁਕ ਲੈਂਦੇ ਹਨ। ਬਾਕੀ ਮਾਲ ਬਪਾਰੀਆਂ ਨੂੰ ਬਲੈਕ ਵਿਚ ਵੇਚਣ ਦਾ ਹੱਕ ਮਿਲ ਜਾਂਦਾ ਹੈ। ਸਈਆਂ ਭਏ ਕੋਤਵਾਲ ਫਿਰ ਡਰ ਕਾਹੇ ਕਾ। ਜਦੋਂ ਕੋਤਵਾਲ ਕਾਣੇ ਕਰ ਲਏ, ਫਿਰ ਐਕਸ਼ਨ ਕੀਹ ਨੇ ਲੈਣਾ ਹੋਇਆ।

ਦੋਹਰੀਆਂ ਕੀਮਤਾਂ ਰੱਖਣ ਦਾ ਮਤਲਬ ਐ, ਵਰਗਾਂ ਨੂੰ ਪਾੜ ਕੇ ਰੱਖਣਾ। ਇਕ ਨੂੰ ਰਜਾਅ ਕੇ ਇਲੈਕਸ਼ਨਾਂ ਵਿਚ ਵਰਤਣਾ ਅਤੇ ਦੂਜੇ ਦਾ ਰੱਜ ਲਹੂ ਪੀਣਾ। ਇਹ ਹੈ ਰਾਜ ਕਰਨ ਵਾਲੀਆਂ ਨੀਤੀਆਂ ਦਾ ਕਾਣ। ਕਹਿੰਦੇ ਤੁਹਾਡੇ ਯਾਰ ਰੂਸ ਵਿਚ ਸਾਰਾ ਸਾਲ ਹੀ ਵਸਤਾਂ ਦੇ ਇਕ ਭਾ ਰਹਿੰਦੇ ਹਨ। ਪਰ ਭਾਰਤ ਵਿਚ ਹੀ ਅੰਨ੍ਹੀ ਲੁੱਟ ਕਿਉਂ ਮੱਚੀ ਹੋਈ ਹੈ ? ਜਦੋਂ ਫਸਲ ਖੇਤਾਂ ਵਿਚੋਂ ਨਿਕਲਦੀ ਹੈ, ਸਸਤੀ ਅਤੇ ਫਿਰ ਇਕ ਦਮ ਤੇਜ਼ੀ ਫੜ ਜਾਂਦੀ ਹੈ, ਵਪਾਰੀ ਬਿਨਾਂ ਕੱਖ ਭੰਨੇ, ਬੈਂਕਾਂ ਤੋਂ ਪੈਸਾ ਚੁੱਕ ਕੇ ਹੀ ਲਾਖੀ ਕਰੋੜੀ ਬਣੀ ਜਾਂਦੇ ਹਨ। ਜਿਣਸ ਦਾ ਤਅੱਲਕ ਸਿੱਧਾ ਕਿਸਾਨ ਤੇ ਦੇਸ਼ ਦੇ ਲੋਕਾਂ ਨਾਲ ਕਿਉਂ ਨਹੀਂ ? ਵਿਚਕਾਰੋਂ ਡੂਢੇ ਸਵਾਏ ਕਰਨ ਵਾਲੇ ਮਿਡਲ ਮੈਨ ਦਾ ਕੀ ਕੰਮ ? ਪਰ ਤੁਹਾਡੇ ਸਰਮਾਏਦਾਰੀ ਸਿਸਟਮ ਦਾ ਤਰੀਕਾ ਹੈ, ਇਕ ਲੁੱਟੇ ਤੇ ਦੂਜਾ ਲੁਟਿਆ ਜਾਵੇ। ਇਕ ਤਾਂ ਇਉਂ ਲੋਕ ਪਾਟੇ

ਰਹਿੰਦੇ ਹਨ ਤੇ ਰਾਜ ਉਤੇ ਜਕੜ ਮਜ਼ਬੂਤ ਰਹਿੰਦੀ ਹੈ ਅਤੇ ਦੂਜੇ ਕਾਂਗਰਸੀ ਨੇਤਾਵਾਂ ਦੇ ਚੌਲੀ ਵਿਆਹ ਹੋ ਜਾਂਦੇ ਹਨ। ਐਗਰੀਕਲਚਰ ਪ੍ਰਾਈਸ ਕਮਿਸ਼ਨ ਨਰੋਲ ਕਿਸਾਨਾਂ ਦਾ ਕਿਉਂ ਨਾ ਹੋਵੇ ? ਸਾਰੀ ਦੀ ਸਾਰੀ ਜਿਣਸ ਸਰਕਾਰ ਕਿਉਂ ਨਾ ਖਰੀਦੇ ? ਰੇਟ ਸਾਰਾ ਸਾਲ ਇਕ ਕਿਉਂ ਨਾ ਰਖੇ ਜਾਣ ? ਘਟੋ ਘਟ ਤੁਹਾਡੀਆਂ ਖੇਤੀ ਯੂਨੀਵਰ-ਸਟੀਆਂ ਦੇ ਮਾਹਰ ਦੱਸ ਸਕਦੇ ਐ, ਖਾਦਾਂ, ਦਵਾਈਆਂ, ਬੀ ਬਹੋੜਾ, ਬਿਜਲੀ ਬਿਲਾਂ, ਤੇਲ ਤੇ ਮਜ਼ਦੂਰੀ ਆਦਿ ਦਾ ਜੋੜ ਜੋੜ ਕੇ ਕਿਸਾਨ ਨੂੰ ਜਿਣਸ ਕਿਸ ਭਾ ਪੈਂਦੀ ਐ, ਪਰ ਉਹਨਾਂ ਦੀ ਰਾਇ ਕਿਉਂ ਲਾਜ਼ਮੀ ਨਹੀਂ ਸਮਝੀ ਗਈ ? ਆਂਹਦੇ ਕਪੜੇ ਦੀਆਂ ਕੀਮਤਾਂ ਮਿੱਥਣ ਸਮੇਂ ਰੂੰ, ਮਜ਼ਦੂਰੀ ਅਤੇ ਮਸ਼ੀਨਾਂ ਤੱਕ ਦੀ ਘਸਾਈ ਪਾਉਣ ਪਿਛੋਂ ਉਹਨਾਂ ਨੂੰ ਦਸ ਪਰਸੈਂਟ ਮੁਨਾਫਾ ਦੇ ਕੇ ਕੀਮਤਾਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ। ਕਿਉਂ ? ਕਿਉਂਕਿ ਉਹ ਰਾਜ ਕਰਦੀ ਸਿਆਸੀ ਪਾਰਟੀ ਨੂੰ ਇਲੈਕਸ਼ਨਾਂ ਆਉਣ ਤੇ ਕਰੋੜਾਂ ਰੁਪਏ ਦੇ ਖੁਲ੍ਹੇ ਗੱਫੇ ਦੇ ਛੱਡਦੇ ਹਨ। ਜੇ ਕਿਸਾਨਾਂ ਨੂੰ ਉਹਨਾਂ ਦਾ ਬਣਦਾ ਜਾਇਜ਼ ਹੱਕ ਹੀ ਦੇ ਛੱਡੋ, ਪੰਡ ਤਾਂ ਉਹ ਵੀ ਦੇਣ ਜੋਗੇ ਹੋ ਸਕਦੇ ਹਨ। ਜਿਹਨਾਂ ਤੋਂ ਕਰੋੜਾਂ ਰੁਪਏ ਫੰਡ ਲਏ ਜਾਣਗੇ, ਮੇਰੇ ਭਾਈ ਉਹਨਾਂ ਨੂੰ ਬਲੈਕ ਕਰਨੋ, ਕਿਵੇਂ ਰੋਕੋਗੇ ? ਇਹ ਸਹੀ ਨਹੀਂ, ਤੁਹਾਡਾ ਕਾਨੂੰਨ ਡਾਢਿਆਂ ਅਗੇ ਵਿਚਾਰਾ ਹੋ ਕੇ ਰਹਿ ਜਾਂਦਾ ਹੈ ਅਤੇ ਕਮਜ਼ੋਰਾਂ ਉਤੇ ਹਿਣਕ ਕੇ ਚੜ੍ਹ ਜਾਂਦਾ ਹੈ। ਅਖਬਾਰਾਂ ਵਾਲੇ ਦਸਦੇ ਐ, ਸਰਮਾਏਦਾਰਾਂ ਨੂੰ ਇਨਕਮ ਟੈਕਸ ਵਿਚੋਂ ਲੱਖਾਂ ਕਰੋੜਾਂ ਦੀਆਂ ਛੋਟਾਂ ਹੋ ਜਾਂਦੀਆਂ ਹਨ। ਪਰ ਜੱਗੂ ਨੂੰ ਕਦੇ ਮਾਲੀਏ ਅਥਵਾ ਆਬੀਆਨੇ ਵਿਚੋਂ ਕਿਸੇ ਦੁਆਨੀ ਨਹੀਂ ਛੱਡੀ। ਕਿਸਾਨ ਕੋਲ ਕੁਝ ਹੋਵੇ, ਉਹ ਤੁਹਾਡੀ ਪਾਰਟੀ ਦੀ ਜ਼ਰੂਰ ਮਦਦ ਕਰ ਦੇਵੇ। ਪਰ ਵਿਚਾਰੇ ਦਾ ਤਾਂ ਅਸਲ ਵੀ ਵਾਪਸ ਨਹੀਂ ਆਉਂਦਾ। ਅੰਗਰੇਜ਼ਾਂ ਦੀ ਗੁਲਾਮੀ ਵਿਚ ਉਹ ਹੁਣ ਨਾਲੋਂ ਕਿਤੇ ਸੁਖੀ ਸੀ। ਅਜ ਉਹ ਕਰਜੇ ਨਾਲ ਵਾਲ ਵਾਲ ਵਿੰਨ੍ਹਿਆ ਪਿਆ ਹੈ। ਕੋਆਪ੍ਰੇਟਿਵ ਤੇ ਮੋਰਗੇਜ਼ ਬੈਂਕਾਂ ਉਹਦੀ ਜ਼ਮੀਨ ਨੱਪੀ ਆ ਰਹੀਆਂ ਹਨ। ਸੱਤਰ ਫੀਸਦੀ ਕਿਸਾਨ ਬੈਂਕਾਂ, ਖਾਦ ਕੰਪਨੀਆਂ ਤੇ ਟਰੈਕਟਰਾਂ ਵਾਲਿਆਂ ਦਾ ਕਰਜ਼ਾਈ ਹੋ ਚੁੱਕਾ ਹੈ। ਤੁਹਾਡਾ ਰਾਜ ਰਿਹਾ, ਨੀਤੀਆਂ ਵੀ ਏਹੀ ਰਹੀਆਂ ਤਾਂ ਬਾਕੀ ਬਚਦਾ ਕਿਸਾਨ ਵੀ ਗਹਿਣੇ-ਬੈ ਕਰਕੇ ਡਾਂਗ ਤੇ ਡੇਰਾ ਕਰ ਲਵੇਗਾ। ਦੇਖਣ ਵਾਲਿਆਂ ਨੂੰ ਟਰੈਕਟਰ ਟਰਾਲੀ ਤੇ ਬੈਠਾ ਕਿਸਾਨ ਰਾਜਾ ਲਗਦਾ ਹੈ, ਪਰ ਉਸ ਦਾ ਆਪਣਾ ਕੁਝ ਵੀ ਨਹੀਂ ਹੁੰਦਾ। ਅੱਠ-ਦਸ ਸਾਲ ਕਿਸ਼ਤਾਂ ਮੋੜਦਿਆਂ ਜਦੋਂ ਸੰਦ ਫ਼ਰੀ ਹੁੰਦੇ ਹਨ, ਉਦੋਂ ਤੱਕ ਕਬਾੜੀਆਂ ਦੇ ਜੋਗੇ ਵੀ

ਨਹੀਂ ਰਹਿੰਦੇ। ਇਸ ਨਾਲੋਂ ਉਹ ਆਪਣੇ ਗੱਡੇ ਸੁਹਾਗੇ ਉਤੇ ਖ਼ਲੋਤਾ ਕੀ ਮਾੜਾ ਸੀ। ਥੋੜ੍ਹੀ ਬਹੁਤ ਜ਼ਮੀਨ ਹੁੰਦਿਆਂ ਵੀ ਗੁਜ਼ਾਰਾ ਹੋ ਕੇ ਰਹਿ ਗਿਆ ਹੈ। ਹਰਾ ਇਨਕਲਾਬ ਲਿਆ ਕੇ ਕਿਸਾਨ ਦੀ ਮਿਹਨਤ ਤੇ ਹਿੰਮਤ ਨੇ ਸਰਕਾਰ ਦੀ ਖੁਰਾਕ ਪਖੋਂ ਸਿਰਦਰਦੀ ਤਾਂ ਮਕਾ ਦਿਤੀ, ਬਾਕੀ ਸ਼ਾਹੂਕਾਰਾਂ, ਬੈਂਕਾਂ ਤੇ ਕੰਪਨੀਆਂ ਦੇ ਘਰ ਭਰ ਦਿੱਤੇ, ਪਰ ਖ਼ਾਲੀ ਪਿੰਜਰ ਲਈ ਤੁਹਾਡੇ ਸਾਹਮਣੇ ਡਰਨਾ ਬਣਿਆ ਖ਼ਲੋਤਾ ਹੈ। ਹਰਾ ਇਨਕਲਾਬ ਕਿਥੇ ਗਿਆ? ਕੀਹਨੂੰ ਤਾਰ ਗਿਆ? ਬੈਂਕਾਂ, ਕੰਪਨੀਆਂ ਤੇ ਸ਼ਾਹੂਕਾਰਾਂ ਦੇ ਮੁਨਾਫੇ ਕਿਵੇਂ ਅਸਮਾਨ ਜਾ ਚੜ੍ਹੇ, ਕਦੇ ਤੁਸਾਂ ਹਿਸਾਬ ਚੈੱਕ ਕਰਨ ਦੀ ਖੇਚਲ ਕੀਤੀ ਹੈ? ਤੁਹਾਡੀ ਜਾਣੇ ਬਲਾ। ਕਿਸਾਨ ਗਹਿਣੈ-ਬੈ ਹੁੰਦਾ ਗਿਆ। ਜਿਹਨਾਂ ਨੂੰ ਕੋਈ ਵਸੀਲਾ ਜੁੜਿਆ, ਪਰਦੇਸ਼ਾਂ ਨੂੰ ਭਜ ਗਏ। ਬਾਕੀਆਂ ਮੰਗ ਕੇ ਮਰਨ ਨਾਲੋਂ, ਖੋਹ ਕੇ ਮਰਨਾ ਮਿੱਥ ਲਿਆ। ਪੰਜਾਬ ਵਿਚ ਨੱਬੇ ਫੀਸਦੀ ਅਬਤਰੀ ਫੈਲਾਉਣ ਵਾਲੇ ਉਹੀ ਵਿਹਲੜ ਹਨ। ਹੁਣ ਕਰਨ ਤਾਂ ਕੀ ਕਰਨ। ਤੁਸਾਂ ਪੰਜਾਬ ਨੂੰ ਹਿੱਸੇ ਆਉਂਦੀ ਇੰਡਸਟਰੀ ਹੀ ਦਿੱਤੀ ਹੁੰਦੀ। ਬੇਰੋਜ਼ਗਾਰਾਂ ਦੀ ਧਾੜ ਕੁਝ ਉਹਦੇ ਵਿਚ ਹੀ ਸਮਾ ਜਾਂਦੀ। ਪਰ ਸੈਂਟਰ ਨੇ ਤਾਂ ਪੰਜਾਬ ਨੂੰ ਇੰਡਸਟਰੀ ਨਾ ਦੇਣ ਦੀ ਸੌਂਹ ਹੀ ਖਾ ਛੱਡੀ ਸੀ। ਹਿੰਦੂ ਸਾਮਰਾਜੀਅਤ ਘਟ ਗਿਣਤੀਆਂ ਨੂੰ ਕੇਵਲ ਲੇਬਰ ਕਲਾਸ ਬਣਾ ਕੇ ਰੱਖਣਾ ਚਾਹੁੰਦੀ ਐ। ਏਹੋ ਕਾਰਨ ਹੈ, ਜਿਥੇ ਕਿਤੇ ਮੁਸਲਮਾਨ ਛੋਟੀ ਮੋਟੀ ਇੰਡਸਟਰੀ ਲਾਉਣ ਦੀ ਕੋਸ਼ਿਸ਼ ਕਰਦਾ ਹੈ, ਉਥੇ ਹੀ ਫਸਾਦ ਕਰਵਾਕੇ ਉਹ ਤਬਾਹ ਕਰਵਾ ਦਿੱਤੀ ਜਾਂਦੀ ਹੈ।

ਸਰਕਾਰ ਬਣੀ ਸੀ ਹਥਿਆਰਾਂ ਨਾਲ ਲੈਸ ਹੋ ਕੇ, ਮਾੜੇ ਨੂੰ ਨਿਆਂ ਦੁਆਉਣ ਲਈ। ਉਲਟਾ ਕੁੱਟਣਾ ਤੇ ਕੁਚਲਣਾ ਕਮਜ਼ੋਰਾਂ ਨੂੰ ਹੀ ਸ਼ੁਰੂ ਕਰ ਦਿੱਤਾ। ਪੰਜਾਬ ਕੋਲ ਲੈ ਦੇ ਕੇ ਇਕ ਦਰਿਆਵਾਂ ਦੇ ਪਾਣੀ ਦਾ ਵਸੀਲਾ ਸੀ, ਜਿਸਨੂੰ ਖੋਹ ਕੇ ਹਰਿਆਣੇ, ਰਾਜਸਥਾਨ ਅਤੇ ਦਿੱਲੀ ਵਿਚ ਵੰਡ ਦਿੱਤਾ। ਹਾਲੇ ਹੋਰ ਇਰੈਡੀ ਕਮਿਸ਼ਨ ਬਹਾ ਧਰਿਆ ਹੈ, ਤਾਂ ਜੋ ਪੰਜਾਬ ਟੁਕ ਖਾਂਦਾ ਨਾ ਰਹਿ ਜਾਵੇ। ਬਿਜਲੀ ਵਖ ਖੋਹ ਖਿੰਜ ਛੱਡੀ ਹੈ ਤਾਂ ਜੋ ਪੰਜਾਬ ਮਾੜੀ ਮੋਟੀ ਇੰਡਸਟਰੀ ਨਾ ਖੜੀ ਕਰ ਲਵੇ। ਪੰਜ-ਆਬ ਕਰਕੇ ਪੰਜਾਬ ਦਾ ਨਾਂ ਦੁਨੀਆਂ ਭਰ ਵਿਚ ਪ੍ਰਸਿੱਧ ਹੋਇਆ, ਭਾਵ ਪੰਜ ਦਰਿਆਵਾਂ ਦਾ ਮਾਲਕ। ਇਹ ਮਾਲਕੀ ਕਿਥੇ ਐ? ਹਰਿਆਣਾ ਸਤਵੰਜਾ ਦੇ ਗਦਰ ਤੋਂ ਪਹਿਲਾਂ ਪੰਜਾਬ ਦਾ ਹਿੱਸਾ ਨਹੀਂ ਸੀ। ਇਸ ਨੂੰ ਸਜ਼ਾ ਦੇ ਤੌਰ ਤੇ ਮੇਰਠ ਤੇ ਤੇ ਆਗਰਾ ਡਵੀਯਨ ਨਾਲੋਂ ਤੋੜ ਕੇ ਪੰਜਾਬ ਨਾਲ ਲਾਇਆ ਸੀ। ਉਹ ਦਰਿਆਵਾਂ

ਦਾ ਹਿੱਸੇਦਾਰ ਕਿਵੇਂ ਬਣ ਗਿਆ ? ਜਿਸ ਨੂੰ ਤੁਸੀਂ ਆਟੇ ਦਾ ਸ਼ੀਂਹ ਬਣਾ ਧਰਿਆ ਹੈ। ਤੁਸਾਂ ਕਾਂਗਰਸ ਜਮਾਤ ਰਾਹੀਂ ਪੰਜਾਬ ਵਿਚੋਂ ਗਦਾਰ ਲੱਭੇ ਅਤੇ ਮੈਂਬਰੀਆਂ-ਵਜ਼ੀਰੀਆਂ (ਜਿਹੜੀਆਂ ਅਸਲ ਵਿਚ ਪੱਕੀਆਂ ਨੌਕਰੀਆਂ ਵੀ ਨਹੀਂ ਹੁੰਦੀਆਂ) ਰਾਹੀਂ ਪਾਣੀ ਤੇ ਬਿਜਲੀ ਹੜੱਪ ਲਏ। ਜਿਹੜੀ ਸਰਕਾਰ ਸਾਰੀਆਂ ਧਿਰਾਂ ਨੂੰ ਦੋਹੀਂ ਅੱਖੀਂ ਨਾ ਵੇਖੇ. ਉਹ ਕਾਣੀ ਹੁੰਦੀ ਐ। ਵਿਤਕਰੇ ਕਰੇ, ਨਿਆਂ ਦੇਣ ਲਈ ਟਾਲ ਮਟੋਲ ਕਰੇ ਅਤੇ ਹੱਕ ਸੱਚ ਦਾ ਰਾਹ ਛੱਡ ਖਲੋਵੇ, ਉਹਦੇ ਵਿਰੁਧ ਪਹਿਲੋਂ ਦਾਦ ਫਰਿਆਦ ਹੁੰਦੀ ਐ, ਫਿਰ ਮੁਕੰਮਲ ਰੋਸ। ਜਦ ਕਿਵੇਂ ਵੀ ਸੁਣਵਾਈ ਨਾ ਹੋਵੇ, ਬਲਵੇ ਸ਼ੁਰੂ ਹੋ ਜਾਂਦੇ ਹਨ। ਇਸ ਦੀ ਪੁਸ਼ਟੀ ਦੀਆਂ ਸ਼ਹਾਦਤਾਂ ਤਾਰੀਖ ਦੇਂਦੀ ਐ। ਇਹ ਕੁਝ ਤੁਸੀਂ ਭਲੀ ਭਾਂਤ ਜਾਣਦੇ ਵੀ ਹੋ। ਸੱਚ ਤੁਹਾਡੇ ਸਾਹਮਣੇ ਚਿੱਟੀ ਦੁਪਹਿਰ ਬਣਿਆ ਖਲੋਤਾ ਹੈ। ਤੁਸੀਂ ਹੀ ਅੱਖਾਂ ਨਾ ਮਿਲਾਓ ਵਖਰੀ ਗੱਲ ਐ। ਹੁਣ ਤੁਹਾਨੂੰ ਤੇ ਤੁਹਾਡੀ ਸਰਕਾਰ ਨੂੰ ਅੰਧੇਰ ਨਗਰੀ ਤੇ ਚੌਪਟ ਰਾਜਾ ਸਮਝੀਏ ?

ਜਦੋਂ ਕੋਈ ਕੌਮ ਆਰਥਿਕ ਬਲੋਂ ਹਾਰ ਜਾਵੇ, ਆਪਣਾ ਧਰਮ ਛੱਡਣ ਲਈ ਮਜ਼ਬੂਰ ਹੋ ਜਾਂਦੀ ਹੈ। ਤੁਹਾਡੇ ਆਪਣੇ ਦੇਸ ਵਿਚ ਇਹ ਕੁਝ ਵਾਪਰਿਆ ਹੈ। ਸਾਮਰਾਜ ਨੇ ਅਫਰੀਕਾ ਦੀ ਉਪਜਾਊ ਧਰਤੀ ਨੱਪ ਲਈ। ਸੋਨੇ ਤੇ ਹੀਰੇ ਦੀਆਂ ਕਾਨਾਂ ਖੋਹ ਲਈਆਂ। ਦੇਸ਼ ਦੇ ਅਸਲੀ ਵਾਰਸਾਂ ਨੂੰ ਆਪਣੀ ਲੇਬਰ ਬਣਾ ਲਿਆ। ਅਫਰੀਕਾ ਦੀ ਸਾਰੀ ਦੌਲਤ ਹੱਥਿਆ ਕੇ ਉਥੋਂ ਦੀ ਵਸੋਂ ਦੇ ਹੱਥ ਬਾਈਬਲ ਫੜਾ ਦਿੱਤੀ। ਤੁਹਾਡੀ ਹਿੰਦੂ ਸਰਮਾਏਦਾਰੀ, ਐਨ. ਸਾਮਰਾਜ ਦੇ ਨਕਸ਼ੇ ਕਦਮ ਤੇ ਚਲ ਰਹੀ ਹੈ। ਨੌਕਰਸ਼ਾਹੀ ਵਿਚ ਸਿੱਖਾਂ ਨੂੰ ਕੇਸ ਕਤਲ ਕਰਵਾਉਣ ਲਈ ਉਤਸ਼ਾਹਤ ਕਰਨਾ ਫੈਸ਼ਨ ਬਣ ਗਿਆ ਹੈ। 'ਸ਼ੇਵ ਕਰਵਾਕੇ ਯਾਰ ਤੂੰ ਕਿੰਨਾ ਖੂਬ-ਸੂਰਤ ਨਿਕਲ ਆਇਆ ਏਂ, ਇਕ ਦਮ ਹੀਰੋ।' ਪੰਜਾਬ ਵਿਚ ਨੱਬੇ ਫੀਸਦੀ ਕਮਿਊ-ਨਿਸਟ ਸਿਖ ਹਨ। ਪਰ ਉਹਨਾਂ ਵਿਚੋਂ ਗਿਣਤੀ ਦੇ ਹੀ ਧਰਮ ਵਿਚ ਯਕੀਨ ਰਖਦੇ ਹੋਣਗੇ। ਬਾਕੀਆਂ ਦੇ ਕੇਸ ਕਤਲਾਂ ਤੋਂ ਬਿਨਾਂ ਸਿਗਰਟਾਂ ਵੀ ਮੂੰਹ ਤੁੰਨੀਆਂ ਹੋਈਆਂ ਹਨ। ਜਦੋਂ ਕਿ ਤੰਬਾਕੂ ਸਿੱਖਾਂ ਲਈ ਕੁਰਹਿਤ ਹੈ। ਮੈਂ ਸਮਝਦਾ ਆਂ, ਇਹ ਹੱਲਾਸ਼ੇਰੀ ਸਰਕਾਰ ਦੀ ਨਹੀਂ। ਪਰ ਜੇ ਪੰਜਾਬ ਵਿਚ ਸਿੱਖਾਂ ਦਾ ਬੋਲ ਬਾਲਾ ਹੁੰਦਾ, ਧਰਮ ਭਰਿਸ਼ਟੀ ਦੀ ਇਹ ਬਵਾ ਕਦੇ ਨਹੀਂ ਫੈਲਣੀ ਸੀ। ਕਿਸੇ ਹਿੰਦੂ ਕੁੜੀ ਨਾਲ ਵਿਆਹ ਕਰਵਾਕੇ ਸਿੱਖ ਨੌਜਵਾਨ ਆਪਣੇ ਧਰਮ ਤੋਂ ਗਿਆ ਹੀ ਗਿਆ। ਮਾਹੌਲ ਤੇ ਬਹੁਗਿਣਤੀ ਦਾ ਪ੍ਰਭਾਵ ਕਾਰਾ ਕਰਦਾ ਹੀ ਕਰਦਾ ਹੈ। ਮੁਗ਼ਲ ਪਠਾਣਾਂ ਦੇ

ਰਾਜ ਵਿਚ, ਲੜਾਕੂ ਸਿੱਖ ਬਾਗੀਆਂ ਨੂੰ ਡੌਲੂ ਆਫਰ ਕੀਤੇ ਜਾਂਦੇ ਸਨ । ਪਰ ਸ਼ਰਤ ਮੁਸਲਮਾਨ ਹੋਣ ਦੀ ਪਹਿਲਾਂ ਰਖੀ ਜਾਂਦੀ ਸੀ। ਪਰ ਧਰਮ ਤੋਂ ਡਿਗਣ ਦੀ ਇਕ ਮਿਸਾਲ ਤਾਰੀਖ ਫਰੋਲਿਆਂ ਨਹੀਂ ਮਿਲਦੀ। ਪਰ ਹੁਣ ਜੇ ਵਿਆਹ ਹੁੰਦਾ ਹੈ ਤਾਂ ਸਿੱਖ ਫੌਰੀ ਹਿੰਦੂ ਨਹੀਂ ਬਣਨਾ ਪੈਂਦਾ, ਪਰ ਪਿਆਰ ਦੀ ਕੋਮਲ ਪੁਚਕਾਰ ਅੱਥਰੇ ਘੋੜੇ ਉਤੇ ਵੀ ਕਾਠੀ ਪਾ ਲੈਂਦੀ ਹੈ। ਇਸ ਤਰ੍ਹਾਂ ਦੇ ਅੰਤਰਾਜੀ ਵਿਆਹ ਘਟ ਗਿਣਤੀਆਂ ਲਈ ਮੌਤ ਦੇ ਵਾਰੰਟਾਂ ਉਤੇ ਦਸਖਤ ਕਰਨ ਵਾਲੀ ਗੱਲ ਐ । ਅਸੀਂ ਇਹਨਾਂ ਨੂੰ ਰੋਕ ਇਸ ਲਈ ਨਹੀਂ ਸਕਦੇ ਕਿ ਆਜ਼ਾਦੀ ਦੇ ਮਾਲਕਾਨਾਂ ਹਕੂਕ ਵਿਚ ਸਾਡਾ ਹਿੱਸਾ ਨਹੀਂ। ਆਜ਼ਾਦੀ ਦੀ ਵੰਡ ਕਿਉਂਕਿ ਫਿਰਕੂ ਲੀਹਾਂ ਉਤੇ ਹੋਈ ਹੈ ਤੇ ਉਹੀ ਸੋਚਣੀ ਤਰੱਕੀ ਕਰਦੀ, ਕਰਦੀ ਅਜ ਆਪਣੀ ਸਿਖਰ ਤੇ ਪਹੁੰਚ ਗਈ ਹੈ। ਜਿਸ ਕਾਂਗਰਸ ਨੇ ਕੌਮੀਅਤ ਦਾ ਢੰਡੋਰਾ ਪਿੱਟਿਆ, ਉਸ ਹੀ ਫਿਰਕੂ ਤਨਾਅ ਨੂੰ ਬਹੁਤੀ ਹਵਾ ਦਿੱਤੀ। ਗਰਮੀ ਦੀ ਇਕ ਸਟੇਜ ਹੁੰਦੀ ਹੈ, ਜਦੋਂ ਲੋਹਾ ਵੀ ਪਿਘਲ ਜਾਂਦਾ ਹੈ ਤੇ ਨਵੀਂ ਸ਼ਕਲ ਅਖਤਿਆਰ ਕਰ ਲੈਂਦਾ ਹੈ । ਤੁਹਾਡੀਆਂ ਤਿੰਨ ਪੀਹੜੀਆਂ ਦੀ ਫਿਰਕੂ ਨੀਤੀਆਂ ਕੁਰੀਤੀਆਂ ਦੀ ਅੱਗ ਲਾਵੇ ਦਾ ਮੁਹਾਣ ਬਣ ਚੁੱਕੀ ਹੈ। ਇਹ ਕੀ ਸ਼ਕਲ ਫੜੇਗਾ, ਫੈਸਲਾ ਤਾਰੀਖ ਕਰੇਗੀ। ਮੈਂ ਇਕ ਪੰਜਾਬੀ ਲੇਖਕ ਦੇ ਨਾਤੇ ਤੁਹਾਨੂੰ ਹਿੰਦੋਸਤਾਨ ਦੀ ਏਕਤਾ, ਆਜ਼ਾਦੀ ਤੇ ਖੁਸ਼ਹਾਲੀ ਦੇ ਨਾਤੇ ਖਬਰਦਾਰ ਕਰਦਾ ਹਾਂ, ਗਲਤ ਪਾਲਿਸੀਆਂ ਬਦਲੇ ਘਟ ਗਿਣਤੀਆਂ ਨੂੰ ਦਬਾਉਣਾ ਤੇ ਲਾਲਚਾਂ ਨਾਲ ਭਰਮਾਉਣਾ ਛੱਡੋ ਅਤੇ ਨਿਆਂਕਾਰੀ ਸਾਰਥਕ ਪਾਲਿ-ਸੀਆਂ ਤੇ ਆ ਜਾਓ । ਮੂੰਹ ਵਿਚ ਰਾਮ ਰਾਮ ਤੇ ਬਗਲ ਵਿਚ ਛੁਰੀ ਹੀ ਸਾਰੇ ਪੁਆੜੇ ਦੀ ਜੜ੍ਹ ਹੈ। ਇਕ ਗੱਲ ਹੋਰ ਕਹਿ ਦੇਵਾਂ, ਬਲਦੀ ਅੱਗ ਨਾਲੋਂ, ਅੰਡਰ-ਗਰਾਉਂਡ ਹੋਈ ਅੱਗ ਕਿਤੇ ਵਖ ਖਤਰਨਾਕ ਹੁੰਦੀ ਹੈ। ਹੱਕ ਸੱਚ ਦੀ ਲੜਾਈ ਕਦੇ ਦਬੀ ਨਹੀਂ, ਭਾਵੇਂ ਆਰਮੀ, ਰਿਜ਼ਰਵ ਪੋਲੀਸ ਤੇ ਬੀ. ਐਸ. ਐਫ ਰਾਹੀਂ ਦਬਾ ਪਾ ਲਵੋ। ਤੁਸਾਂ ਇਹ ਵੀ ਜਦੋਜਹਿਦ ਸਾਡੇ ਦਿਲ ਦਿਮਾਗ ਵਿਚ ਉਤਾਰ ਦਿੱਤੀ ਹੈ। ਇਹਦਾ ਅੰਤ, ਸੱਚ ਹੱਕ ਦਾ ਨਿਆਂ ਪੂਰਬਕ ਫੈਸਲਾ ਹੈ।

ਇਹ ਗੱਲ ਹੁਣ ਸਮਾਂ ਵਿਹਾਅ ਚੁੱਕੀ ਹੈ ਕਿ ਸਿਖ ਹਿੰਦੂ ਧਰਮ ਨੂੰ ਬਚਾਉਣ ਲਈ ਪੈਦਾ ਹੋਏ ਸਨ। ਜਿਹੜੇ ਇਸ ਦੇ ਹਵਾਲੇ ਦਿੰਦੇ ਹਨ, ਅਸਲ ਵਿਚ ਬੁਜ਼ਦਿਲ ਹਨ ਤੇ ਇਕ ਤਰਾਂ ਆਪਣਾ ਬਲ ਹਾਰ ਕੇ ਪਨਾਹ ਮੰਗਦੇ ਹਨ। ਚੜ੍ਹਦੀ ਕਲਾ ਦਾ ਤਿਆਗ ਹੀ ਸਿਖ ਕੌਮ ਦੀ ਮੌਤ ਹੈ। ਕਿਸੇ ਸਿਖ ਦੇ ਮਨ ਵਿਚ ਇਹ ਹੀਣ ਭਾਵ

ਆਉਣਾ ਹੀ ਸਿਖ ਧਰਮ ਤੋਂ ਪਤਿਤ ਹੋਣਾ ਹੈ। ਸਾਡਾ ਰੌਲਾ ਹੀ ਇਹ ਹੈ ਕਿ ਅਸੀਂ ਬਤੌਰ ਸਿਖ, ਗੌਰਵ ਨਾਲ ਜੀਣਾ ਚਾਹੁੰਦੇ ਆਂ। ਸਾਨੂੰ ਅਜਿਹਾ ਜੀਵਨ ਨਾ ਮਿਲਿਆ, ਤੰਗ ਆਮਦ, ਮਜੰਗ ਆਮਦ ਵਾਲੀ ਅਵਸਥਾ ਪੈਦਾ ਹੋ ਸਕਦੀ ਹੈ। ਅਜਿਹੀ ਬਗਾਵਤ ਨੂੰ ਸਰਕਾਰਾਂ ਆਪ ਸੱਦਾ ਦੇਂਦੀਆਂ ਹਨ। ਮੇਰਾ ਅਗਾਊਂ ਖੁਲ੍ਹੀ ਚਿੱਠੀ ਅਥਵਾ ਜ਼ਫਰਨਾਮਾ ਨੰਬਰ ਦੋ ਲਿਖਣ ਦਾ ਭਾਵ ਹੀ ਇਹ ਹੈ, ਨੌਬਤ ਏਥੋਂ ਤੱਕ ਨਹੀਂ ਆਉਣੀ ਚਾਹੀਦੀ। ਬਗਾਵਤ ਸਿਰ ਤੇ ਖੱਫਣ ਪਹਿਲਾਂ ਬੰਨਦੀ ਹੈ ਤੇ ਨਤੀਜੇ ਹਮੇਸ਼ਾਂ ਲਹੂ ਭਿੱਜੇ ਹੁੰਦੇ ਹਨ। ਤੁਸੀਂ ਤਾਕਤ ਦੇ ਅਭਿਮਾਨ ਵਿਚ ਅਜਿਹਾ ਨਹੀਂ ਸੋਚੋਗੇ। ਸਿਰ ਤੇ ਖੱਫਣ ਬੰਨ੍ਹਣਾ ਮਖੌਲ ਨਹੀਂ ਹੁੰਦਾ। ਦੂਜੇ ਬੰਨੇ ਤੁਹਾਡੀ ਗੱਲਬਾਤੀ ਦਾਲ ਵਿਚ ਹਾਲੇ ਤੱਕ ਟੋਹਿਆਂ ਵੀ ਸੱਚ ਦਾ ਦਾਣਾ ਨਹੀਂ ਮਿਲਿਆ। ਤੁਸੀਂ ਹੱਥੋਂ ਛੱਡਣ ਲਈ ਕੁਝ ਵੀ ਤਿਆਰ ਨਹੀਂ। ਸਾਡੇ ਲੀਡਰ ਹੁਣ ਤੱਕ ਪੋਚਾ ਪਾਚੀ ਦੀਆਂ ਗੱਲਾਂ ਵਿਚ ਵਰਗਲਾਈਦੇ ਰਹੇ ਹਨ, ਅਤੇ ਤੁਹਾਡੀ ਚਾਹ ਨਾਲ ਬੂਰ ਦੇ ਰੰਗੇ ਲੱਡੂ ਖਾ ਕੇ, ਦਿੱਲੀਓਂ ਮੁੜ ਆਉਂਦੇ ਰਹੇ ਹਨ। ਜਿਹੜੇ ਪੰਜਾਬ ਦਾ ਗਲ ਹੀ ਨਹੀਂ ਫੜਦੇ, ਸਗੋਂ ਪੇਟ ਵਿਚ ਗੜਬੜ ਵੀ ਉਠਾਉਂਦੇ ਹਨ। ਦਰਬਾਰ ਸਾਹਿਬ ਉਤੇ ਜਾਣ ਬੁਝ ਕੇ ਕੀਤਾ ਹਮਲਾ, ਗਿਣਮਿਥ ਕੇ ਸਾਡੇ ਧਰਮ ਉਤੇ ਹੱਲਾ ਸੀ। ਸਾਡਾ ਧਾਰਮਕ ਜਜ਼ਬਾ ਲਹੂਲੁਹਾਣ ਹੈ। ਤੁਸਾਂ ਸੁਖਾਵੀਂ ਮਲ੍ਹਮ ਪੱਟੀ ਵੀ ਨਹੀਂ ਕੀਤੀ, ਇਹ ਧਾਰਮੁਕ ਜਜ਼ਬਾ ਉਬਲਦਾ ਜ਼ਹਿਰ ਬਣੇਗਾ। ਫੱਟਣ ਤੋਂ ਪਹਿਲਾਂ ਇਸ ਗੈਸ ਨੂੰ ਸਾਰਥਕ ਨਿਕਾਸ ਦੇ ਦਿਉ। ਏਹੋ ਸਮੇਂ ਦੀ ਮੰਗ ਤੇ ਰਾਜਨੀਤੀ ਹੈ। ਅਸੀਂ ਬਾਰਬਾਰ ਕਹਿ ਰਹੇ ਆਂ, ਸਾਨੂੰ ਨਿਆਂ ਨਹੀਂ ਮਿਲਿਆ। ਇਸ ਰਾਜ ਵਿਚ ਸਾਨੂੰ ਬਰਾਬਰ ਦਾ ਮਾਣ ਨਾ ਮਿਲਿਆ, ਸਾਡੀ ਸੋਚਣੀ ਕੁਦਰਤੀ ਇਸ ਫਿਰਕੂ ਰਾਜ ਨੂੰ ਖਤਮ ਕਰਨ ਵਾਲੀ ਹੋਵੇਗੀ। ਇਹ ਸੋਚਣੀ ਭਾਵੇਂ ਕਿਸੇ ਫਿਰਕੇ ਦੀ ਹੋਵੇ, ਏਕਤਾ ਤੇ ਅਜ਼ਾਦੀ ਨੂੰ ਤਬਾਹ ਕਰੂ ਹੈ। ਜਿਹਨਾਂ ਦਾ ਧਰਮ ਕੇਵਲ ਰਾਜ ਸੱਤਾ ਹਾਸਲ ਕਰੀ ਰਖਣਾ ਹੈ, ਉਹ ਸਾਨੂੰ ਸਾਡੇ ਧਰਮ ਤੋਂ ਨਹੀਂ ਡੇਗ ਸਕਦੇ। ਜੇ ਆ ਈ ਪਏ ਹੋਰ ਤਰੀਖੀ ਇਮਤਿਹਾਨ ਵੀ ਭੁਗਤਾ ਲਵਾਂਗੇ। ਹੁਣ ਤੱਕ ਕੱਟੀਦੇ ਵੱਢੀਦੇ ਹੀ ਰਹੇ ਆਂ, ਲਹੂ ਦਾ ਛੇਵਾਂ ਦਰਿਆ ਵੀ ਪਾਰ ਕਰ ਲਵਾਂਗੇ। ਕਿਸੇ ਘਟ ਗਿਣਤੀ ਨੂੰ ਨਿਰੀ ਘਟ ਗਿਣਤੀ ਨਾ ਸਮਝੋ। ਚੁਆਤੀ ਦੀ ਸ਼ਕਤੀ ਭਾਂਬੜਾਂ ਦੀ ਮਾਂ ਹੁੰਦੀ ਹੈ। ਸਾਡੀ ਹੋਰ ਪ੍ਰੀਖਿਆ ਨਾ ਲਵੋ ਤਾਂ ਚੰਗਾ ਹੈ। ਦੇਸ਼ ਦੇ ਹਿਤ ਵਿਚ ਹੈ। ਦਿਲ ਅੰਦਰਲੀ ਫਿਰਕੂ ਬਦਨੀਤੀ ਛੱਡੋ। ਅਸੀਂ ਜ਼ਿੰਦਗੀ ਦੇਣ ਵਾਲੇ ਗੁਰੂ ਗੋਬਿੰਦ

ਸਿੰਘ ਦਾ ਮਾਰਗ ਨਹੀਂ ਤਿਆਗ ਸਕਦੇ । ਅਸੀਂ ਸਾਰੇ ਧਰਮਾਂ ਦੀ ਇੱਜਤ ਕਰਦੇ ਆਂ । ਏਹੋ ਸਾਡੇ ਧਰਮੀ ਹੋਣ ਦੀ ਪੱਕੀ ਨਸ਼ਾਨੀ ਹੈ । ਸਾਡੇ ਦਰਬਾਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਫਕੀਰ ਰਖਦਾ ਹੈ । ਹਰਮੰਦਰ ਸਾਹਿਬ ਦੇ ਚੋਹਾਂ ਦਰਵਾਜ਼ਿਆਂ ਰਾਹੀਂ ਆਉਣ ਦਾ ਲੋਕਾਈ ਨੂੰ ਹੋਕਾ ਦਿੱਤਾ ਹੈ। ਕੋਈ ਰੋਕ ਨਹੀਂ, ਟੋਕ ਨਹੀਂ । ਵੱਡੇ ਛੋਟੇ ਦਾ ਲਿਹਾਜ਼ ਨਹੀਂ । ਕਰਬਲਾ ਵਿਚ ਮੈਨੂੰ ਹੁਸੈਨ ਦੇ ਮਕਬਰੇ ਵਿਚੋਂ ਕਾਫਰ ਸਮਝਕੇ ਬਾਹਰ ਕਢ ਦਿੱਤਾ ਸੀ । ਕੰਨਿਆ ਕੁਮਾਰੀ ਦੇ ਮੰਦਰ ਮੈਨੂੰ ਸ਼ਰਤਾਂ ਨਾਲ ਅੰਦਰ ਜਾਣ ਦਿੰਦੇ ਸਨ । ਤੁਹਾਡੇ ਪਿਛੇ ਉਸੇ ਪੁਰਾਣੀ ਸੋਚ ਵਾਲੇ ਸਲਾਹਕਾਰ ਖਲੋਤੇ ਹਨ, ਜਿਹਨਾਂ ਕਦੇ ਆਖਿਆ ਸੀ, ਦੇਸ਼ ਆਜ਼ਾਦ ਹੋਣ ਤੇ ਹਿੰਦੂ ਧਰਮ ਤੋਂ ਨਸ ਕੇ ਪਤਿਤ ਹੋਇਆਂ ਨੂੰ ਮੁੜ ਸ਼ੁਧ ਕਰ ਲਿਆ ਜਾਵੇਗਾ । ਇਸ ਵਿਚਾਰਧਾਰਾ ਨੇ ਹੀ ਸਾਰੇ ਸਿਆਪੇ ਖੜੇ ਕੀਤੇ, ਮੁਲਕ ਪਾੜਿਆ ਲੱਖਾਂ ਦੀ ਕਤਲਾਮ ਕਰਵਾਈ, ਆਬਾਦੀਆਂ ਦੇ ਤਬਾਦਲੇ ਹੋਏ ਅਤੇ ਹਜ਼ਾਰਾਂ ਸਤਵੰਤੀਆਂ ਦੀ ਬੇਪਤੀ ਹੋਈ । ਉਸ ਅਜ਼ੀਮ ਨੁਕਸਾਨ ਤੋਂ ਕੁਝ ਤਾਂ ਸਿਖਿਆ ਹੁੰਦਾ । ਕੌੜਾ ਸੱਚ ਆਖਾਂ : ਸਿਆਸਤਦਾਨ, ਜੱਲਾਦਾਂ ਨਾਲੋਂ ਕਿਤੇ ਵੱਡਾ ਬੇਰਹਿਮ ਤੇ ਕਾਤਲ ਹੁੰਦਾ ਹੈ । ਆਪਣੀ ਜਿੱਤ ਅਥਵਾ ਕਾਮਯਾਬੀ ਲਈ ਉਹ ਮਨੁਖਤਾ ਨੂੰ ਮੱਖੀਆਂ ਮੱਛਰਾਂ ਵਾਂਗ ਮਰਦਿਆਂ ਵੇਖ ਬਾਛਾਂ ਖੋਲ੍ਹਕੇ ਹੱਸ ਸਕਦਾ ਹੈ । ਪਰ ਇਹ ਸਾਡੇ ਵੇਦਾਂ ਦੀ ਸਭਿਅਤਾ ਨਹੀਂ । ਰਾਜੀਵ ਸਾਹਿਬ, ਫਿਰਕੂ ਸਲਾਹਕਾਰਾਂ ਤੁਹਾਨੂੰ ਤਾਂ ਕੇਵਲ ਅਮਨ-ਏਕਤਾ ਦੀਆ ਅਪੀਲਾਂ ਕਰਨ ਵਾਸਤੇ ਹੀ ਅੱਗੇ ਰਖਿਆ ਹੈ, ਜਦੋਂ ਚਾਹੁਣ ਪਾਸੇ ਵੀ ਕਰ ਦੇਣ । ਜੇ ਉਹਨਾਂ ਦੀ ਪੈੜ ਵਿਚ ਪੈੜ ਰਖਕੇ ਨਹੀਂ ਤੁਰੋਗੇ, ਤੁਹਾਨੂੰ ਕਦੇ ਵੀ ਬੱਚਿਆਂ ਸਮੇਤ ਇਟਲੀ ਨੂੰ ਤੋਰ ਦੇਣਗੇ । ਤੁਹਾਡੀ ਨਵੀਨਤਾ ਰਾਹੀਂ, ਉਹੀ ਪੁਰਾਣੀਆਂ ਨੀਤੀਆਂ ਅੱਗੇ ਡਾਹੀਆਂ ਜਾ ਰਹੀਆਂ ਹਨ । ਜਿਹੜੀਆਂ ਦੇਸ਼ ਨੂੰ ਤਬਾਹੀ ਵਲ ਖਿੱਚੀ ਜਾ ਰਹੀਆਂ ਹਨ । ਇਹਦੇ ਵਿਚ ਸ਼ਕ ਨਹੀਂ, ਬਹੁਤਾ ਨੁਕਸਾਨ ਘਟ ਗਿਣਤੀਆਂ ਦਾ ਹੋਵੇਗਾ । ਪਰ ਮਰਨ ਮਾਰਨ ਦੀ ਹਾਲਤ ਵਿਚ ਘਟ ਗਿਣਤੀਆਂ ਕੁਦਰਤੀ ਬਾਰੂਦ ਬਣਨਗੀਆਂ। ਅਜਿਹੀ ਮਾਰੂ ਸਥਿਤੀ ਵਿਚ ਹਰ ਸਿਖ ਬੰਬ ਵਾਂਗ ਫਟ ਸਕਦਾ ਹੈ । ਸਾਨੂੰ ਸਾਡੇ ਗੁਰੂ ਨੇ ਸਿਖਾਇਆ ਹੀ ਇਹ ਹੈ ਕਿ ਸਿਰ ਕਟਵਾ ਦਿਓ, ਧਰਮ ਨਹੀਂ ਹਾਰਨਾ । ਲਹੂ ਦੀ ਧਾਰ ਵਿਚੋਂ ਪੈਦਾ ਹੋਇਆ ਸੰਘਊ, ਹਾਨੀ ਵਾਲਾ ਜ਼ਖਮ ਕਿਵੇਂ ਬਰਦਾਸ਼ਤ ਕਰੇਗਾ ? ਰਾਜੀਵ ਜੀ ਰਾਜਨੀਤਕ ਸਿਆਣਪ ਇਸ ਵਿਚ ਹੈ, ਸਿਖਾਂ ਨੂੰ ਆਪਣੇ ਪਿਛਲੱਗਾਂ ਦੇ ਆਖੇ ਵੇਖੇ ਦੁਸ਼ਮਣ ਨਾ ਬਣਾਓ । ਸਗੋਂ ਦੇਸ਼

ਦੀ ਸਿੱਕੇਬੰਦ ਖੜਗ ਭੁਜਾ ਨੂੰ ਆਪਣੀ ਮਿੱਤਰ ਬਣਾਕੇ ਗਲ ਲਾਉ । ਅਸੀਂ ਧਰਮ ਨਹੀਂ ਹਾਰਾਂਗੇ, ਬਾਕੀ ਸਭ ਕੁਝ ਦਾਅ ਤੇ ਲਾ ਦੇਵਾਂਗੇ ।

ਸਾਡੀ ਆਰਥਿਕ ਰੀੜ ਬਿਜਲੀ ਪਾਣੀ ਉਤੇ ਹਰਿਆਣੇ ਤੇ ਰਾਜਸਥਾਨ ਦਾ ਕੋਈ ਹੱਕ ਨਹੀਂ । ਤੁਸੀਂ ਮੱਲੋਜ਼ੋਰੀ, ਖਰੀਦੇ ਹੋਏ ਪੰਜਾਬੀਆਂ ਤੋਂ ਦਸਖਤ ਕਰਵਾ ਕੇ ਇਹ ਅਨਰਥ ਨਾ ਕਰਵਾਓ । ਤੁਹਾਡੇ ਅਤੇ ਸਿੱਖਾਂ ਵਿਚਕਾਰ ਪਾੜਾ ਵਧੇਗਾ । ਆਪਣੇ ਕੁਦਰਤੀ ਹੱਕ ਕਾਇਮ ਰਖਦੇ ਅਸੀਂ ਹਰ ਕਿਸਮ ਦੇ ਪਾੜੇ ਮੇਟਣਾ ਚਾਹੁੰਦੇ ਆਂ । ਸਾਡੇ ਰੁੱਸਣ ਤੇ ਦੁਸ਼ਮਣ ਬਣਨ ਨਾਲ, ਦੇਸ਼ ਦਾ ਅਥਾਹ ਨੁਕਸਾਨ ਹੁੰਦਾ ਹੈ । ਅਸੀਂ ਮੁਲਕ ਵਿਚ ਏਕਤਾ, ਸ਼ਾਂਤੀ ਤੇ ਖੁਸ਼ਹਾਲੀ ਚਾਹੁੰਦੇ ਆਂ । ਖੁਸ਼ਹਾਲੀ ਦਾ ਖਾਹਸ਼ਮੰਦ ਬਰਬਾਦੀ ਕਿਵੇਂ ਵੇਖੇ ? ਪੰਜਾਬੀ ਵਿਚ ਇਕ ਲੋਕ ਬੋਲੀ ਹੈ :

'ਹਾਰ ਕੇ ਜੇਠ ਨਾਲ ਲਾਈਆਂ, ਮਰਦੀ ਨੇ ਅੱਕ ਚੱਬਿਆ ।'

ਜਦੋਂ ਤੁਸੀਂ ਸਾਡੀਆਂ ਹੱਕੀ ਮੰਗਾਂ ਨਹੀਂ ਮੰਨੋਗੇ, ਤਾਕ ਵਿਚ ਬੈਠਾ ਦੁਸ਼ਮਣ ਇਸ ਦਾ ਨਜਾਇਜ਼ ਲਾਭ ਉਠਾ ਸਕਦਾ ਹੈ । ਤੇਲ ਤੇ ਗੈਸ ਦੇ ਕੁਦਰਤੀ ਸਾਧਨਾਂ ਉਤੇ ਰਾਜਾਂ ਨੂੰ ਸਤਾਰਾਂ ਪਰਸੈਂਟ ਰਾਇਲਟੀ ਦਿੱਤੀ ਜਾਂਦੀ ਹੈ । ਪਰ ਪੰਜਾਬ ਨੂੰ ਉਸ ਦੇ ਕੁਦਰਤੀ ਸਾਧਨ ਉਤੇ ਕੀ ਦਿੱਤਾ ਜਾਂਦਾ ਹੈ ? ਠਣ-ਠਣ ਗੋਪਾਲ । ਅਸੀਂ ਆਪਣੀ ਲੋੜ ਤੋਂ ਫਾਲਤੂ ਪਾਣੀ ਮੁੱਲ ਦਿਆਂਗੇ, ਮੁਫਤ ਨਹੀਂ ਤੁਸੀਂ ਜ਼ਬਰਦਸਤੀ ਦੁਆਉਗੇ, ਧੱਕਾ ਮਿਥਿਆ ਜਾਵੇਗਾ । ਸੈਂਟਰ ਦੇ ਅਜਿਹੇ ਧੱਕਿਆਂ ਦੇ ਪਹਿਲਾਂ ਹੀ ਅੰਬਾਰ ਲਗੇ ਪਏ ਹਨ । ਤੁਹਾਨੂੰ ਸਾਡੀ ਬਰਦਾਸ਼ਤ ਦਾ ਇਮਤਿਹਾਨ ਨਹੀਂ ਲੈਣਾ ਚਾਹੀਦਾ । ਹੁਣ ਤੱਕ ਸਾਨੂੰ ਮਿੱਠੇ ਪੋਚਿਆਂ ਨਾਲ ਵਰਾਇਆ ਗਿਆ ਏ, ਜਿਵੇਂ ਅਸੀਂ ਬੱਚੇ ਸਾਂ । ਪਰ ਪੰਜਾਬ ਦੇ ਅਰਥਚਾਰੇ ਦੀ ਵਾਧ ਵਾਲਾ ਪਰਨਾਲਾ ਉਥੇ ਦਾ ਉਥੇ ਹੀ ਰੱਖਿਆ ਹੈ । ਮਜ਼ਬੂਤ ਆਰਥਿਕਤਾ ਬਿਨਾ ਧਰਮ ਖਟੇ ਪੈ ਜਾਂਦਾ ਹੈ । ਧਰਮ ਦੀ ਮਜ਼ਬੂਤੀ ਲਈ ਅਸੀਂ ਆਪਣੀ ਆਰਥਿਕਤਾ ਨੂੰ ਆਜ਼ਾਦ ਕਰਨਾ ਚਾਹੁੰਦੇ ਆਂ । ਪੈਰਾਂ ਸਿਰ ਹੋਇਆ ਧਰਮ; ਦੇਸ਼ ਦੀ ਆਜ਼ਾਦੀ ਦੀ ਰਾਖੀ ਦੇ ਸਹੀ ਅਰਥਾਂ ਵਿਚ ਸਮਰਥ ਹੁੰਦਾ ਹੈ । ਆਰਥਿਕਤਾ ਤੇ ਧਰਮ ਦੀ ਪਰਫੁਲਤਾ ਲਈ ਸਾਨੂੰ ਫੈਡਰਲ ਢਾਂਚਾ ਅਥਵਾ ਅੰਦਰੂਨੀ ਖੁਦਮੁਖਤਾਰੀ ਹੀ ਸਾਵੇਂ ਕਰ ਸਕਦੀ ਹੈ । ਏਹੀ ਖੁਦਮੁਖਤਾਰੀ ਸਾਡੀ ਮਿੱਤਰਤਾ ਦੀਆਂ ਗੰਢਾਂ ਪੀਚ ਸਕਦੀ ਹੈ। ਅਸੀਂ ਮਜ਼ਬੂਤ ਮਿੱਤਰਤਾ ਲਈ ਹੱਥ ਅੱਗੇ ਵਧਾਉਂਦੇ ਆਂ-ਬਾਹਾਂ ਖੋਲ੍ਹਦੇ ਆਂ । ਫੜਨਾ, ਗਲਵਕੜੀ ਪਾਉਣਾ ਤੁਹਾਡੇ ਤੇ ਛੱਡਦੇ ਆਂ । ਫੋਕੀਆਂ ਦਿਲਬਰੀਆਂ ਅਸਾਂ ਬਹੁਤ ਹੰਢਾ ਲਈਆਂ । ਸਿਖ ਹਸਤੀ

ਦੀ ਸੁਰੱਖਿਆ ਦਾ ਠੋਸ ਅਮਲ ਹੀ ਸਾਨੂੰ ਗੂੜ੍ਹੀ ਮਿੱਤਰਤਾ ਵਿਚ ਹੇਲਮੇਲ ਕਰ ਸਕਦਾ ਹੈ। ਤਾਮਲਾਂ ਨੂੰ ਤੁਸੀਂ ਏਹੀ ਹੱਕ ਦੁਆਣ ਲਈ ਤਰਲੋ ਮੱਛੀ ਹੋ ਰਹੇ ਹੋ। ਪਰ ਆਪਣੇ ਦੇਸ਼ ਵ੍ਹਾਸੀਆਂ ਉਤੇ ਏਹੀ ਹੱਕ ਮੰਗਣ ਤੇ ਫੌਜਾਂ ਚਾੜ੍ਹਦੇ ਹੋ। ਦੁਨੀਆਂ ਤੁਹਾਡੀ ਦੋਗਲੀ ਨੀਤੀ ਉਤੇ ਹਸ ਰਹੀ ਹੈ, ਇਕ ਜ਼ਬਾਨ, ਇਕ ਮਾਰਗ, ਅਸੂਲ ਵਾਲੇ ਬੰਦਿਆਂ ਦਾ ਧਰਮ ਹੁੰਦਾ ਹੈ। ਘਰ ਵਿਚ ਹੋਰ ਬਾਹਰ ਹੋਰ, ਇਹ ਬਦਰੰਗ ਨੀਤੀ ਫਿਰਕੂਆਂ ਨੂੰ ਖੁਸ਼ ਕਰਨ ਵਾਲੀ ਹੈ। ਸ਼ਾਇਦ ਤੁਹਾਨੂੰ ਹਕੂਮਤ ਕਰਨ ਲਈ ਬਹੁਗਿਣਤੀ ਦੀਆਂ ਵੋਟਾਂ ਦੀ ਲੋੜ ਹੈ। ਤੁਸੀਂ ਬਾਹਰ ਜਾ ਕੇ ਵਾਹਵਾ ਖਟਦੇ ਹੋ। ਪੰਜਾਬ ਬਾਰੇ ਪੁੱਛੇ ਸਵਾਲਾਂ ਨੂੰ ਤੋੜ ਮਰੋੜ ਕੇ ਗੋਲ ਕਰ ਜਾਂਦੇ ਹੋ। ਬਾਹਰਲੀ ਪ੍ਰਸ਼ੰਸਾ ਭੁਕਾਨੇ ਦੀ ਫੂਕ ਵਰਗੀ ਹੁੰਦੀ ਐ। ਇਹ ਫੂਕ ਤੁਸੀਂ ਤਿੰਨਾਂ ਪੀਹੜੀਆਂ ਤੋਂ ਹੀ ਛਕਦੇ ਆ ਰਹੇ ਹੋ, ਪਰ ਦੇਸ਼ ਦੀ ਗਰੀਬੀ ਸ਼ੈਤਾਨ ਦੀ ਪੂਛ ਵਾਂਗ ਲੰਮੀ ਹੀ ਲੰਮੀ ਹੁੰਦੀ ਗਈ। ਘਰੋਗੀ ਆਰਥਿਕ ਮਜਬੂਤੀ ਹੀ ਸਹੀ ਪ੍ਰਸ਼ੰਸਾ ਦੇ ਸਕਦੀ ਹੈ।

ਮਿਸਟਰ ਭੁੱਟੋ ਨਾਲ ਤੁਹਾਡੀ ਮਾਤਾ ਨੇ ਇਕ ਸਮਝੌਤਾ ਕੀਤਾ ਤੇ ਅਗਲੇ ਦਿਨ ਹੀ ਦੁਸ਼ਮਣ ਦੇਸ਼ ਦੇ ਤਰਾਨਵੇਂ ਹਜ਼ਾਰ ਕੈਦੀ ਛੱਡ ਦਿੱਤੇ। ਜਿਹਨਾਂ ਸਾਡੇ ਦੇਸ਼ ਉਤੇ ਹਮਲਾ ਕੀਤਾ ਸੀ-ਤਬਾਹੀ ਮਚਾਈ ਸੀ। ਫਿਰ ਤੁਸਾਂ ਸੰਤ ਲੌਂਗੋਵਾਲ ਨਾਲ ਸਮਝੌਤਾ ਕੀਤਾ, ਜਿਸ ਵਿਚ ਬੈਰਕਾਂ ਛੱਡਣ ਵਾਲੇ ਫਜੀ ਰਿਹਾ ਕਰਨਾ ਇਕ ਮੱਦ ਸੀ। ਉਹ ਹਾਲੇ ਤੱਕ ਜੋਧਪੁਰ, ਅਜਮੇਰ ਤੇ ਭਾਗਲਪੁਰ ਦੀਆਂ ਜੇਲ੍ਹਾਂ ਵਿਚ ਤਸੀਹੇ ਸਹਿ ਰਹੇ ਹਨ। ਸਮਝੌਤੇ ਨੂੰ ਪੂਰਾ ਸਾਲ ਬੀਤ ਚੁੱਕਾ ਹੈ। ਉਹਨਾਂ ਦਾ ਦੋਸ਼ ਇਹ ਸੀ, ਦਰਬਾਰ ਸਾਹਿਬ ਅਥਵਾ ਧਰਮ ਅਸਥਾਨ ਉਤੇ ਹਮਲੇ ਨੂੰ ਜਰ ਨਹੀਂ ਸਕੇ। ਜਿਸ ਨੂੰ ਬਚਾਉਣਾ ਹਰ ਸਿਖ ਦਾ ਧਰਮ ਹੈ। ਧਰਮ ਦੇ ਕਾਰਜ ਅਤੇ ਦੇਸ਼ ਉਤੇ ਹੱਲਾ ਕਰਨ ਵਾਲਿਆਂ ਵਿਚ ਤੁਸਾਂ ਅੰਤਰ ਹੀ ਕੋਈ ਨਾ ਸਮਝਿਆ ? ਇਹ ਸਮਝੌਤਾ ਸੀ ਜਾਂ ਸਿਖ ਕੌਮ ਨਾਲ ਮਖੌਲ, ਜਿਹੜਾ ਆਹਮਣੀਆਂ ਸਾਹਮਣੀਆਂ ਦਵੱਲੀ ਦਸਖਤਾਂ ਨਾਲ ਵੀ ਪਰਵਾਨ ਨਾ ਚੜ੍ਹਿਆ ? ਖਮ ਕਰਨ ਸੈਕਟਰ ਵਿਚੋਂ ਮੋਰਚੇ ਛੱਡਕੇ ਭੱਜੇ ਮਦਰਾਸੀਆਂ ਤੇ ਮਰਾਠਿਆਂ ਨੂੰ ਸਰਕਾਰ ਨੇ ਕੋਈ ਸਜ਼ਾ ਨਹੀਂ ਦਿੱਤੀ। ਕਿਉਂ ? ਤੇ ਧਰਮ ਬਚਾਉਣ ਲਈ ਬੈਰਕਾਂ ਛੱਡਣ ਵਾਲਿਆਂ ਨੂੰ ਸਾਲਾਂ ਬੱਧੀ ਤਸੀਹੇ। ਇਹ ਵਰਤਾਅ ਘਟ ਗਿਣਤੀ ਕਰਕੇ ਕੀਤਾ ਜਾ ਰਿਹਾ ਹੈ ?" ਕੀ ਸਮਝਿਆ ਇਹ ਜਾਵੇ, ਸਮਝੌਤੇ ਰੱਦੀ ਦੀ ਟੋਕਰੀ ਵਿਚ ਸੁੱਟੇ ਜਾਣ ਵਾਲੇ ਕਾਗਜ ਦੇ ਟੁਕੜੇ ਹੁੰਦੇ ਹਨ ਤੇ ਫੈਸਲਾ ਕਰੂ ਤੱਤ ਤਾਕਤ ਹੁੰਦੀ ਹੈ ? ਹੁਣ ਮਿਹਰਬਾਨੀ ਕਰਕੇ

ਤੁਸੀਂ ਹੀ ਦੱਸੋ, ਅਸੀਂ ਆਪਣੇ ਕੁਦਰਤੀ ਹੱਕ ਲੈਣ ਲਈ, ਗੱਲਬਾਤੀ ਢੰਗ ਤੇ ਤੇ ਵਿਸ਼ਵਾਸ ਕਰੀਏ ਜਾਂ ਤਾਕਤ ਤੇ ? ਤੁਹਾਡੇ ਉਤੇ ਸ਼ਕ ਕਰੀਏ ? ਜਿਥੇ ਸ਼ਕ ਆ ਜਾਣ, ਉਥੇ ਸੁਲਾਹ ਸਫਾਈ ਦੇ ਰਾਹ ਧੁੰਦਲਾ ਜਾਂਦੇ ਹਨ। ਅਸੀਂ ਚਾਹੁੰਦੇ ਆਂ ਕਲੀਨ ਸਾਹਬ, ਤੁਸੀਂ ਸਾਰੇ ਕੈਦੀ ਛੱਡਕੇ ਅੰਦਰੋਂ ਬਾਹਰੋਂ ਕਲੀਨ ਹੋਣ ਦਾ ਸਬੂਤ ਪੇਸ਼ ਕਰੋ। ਦੱਖਣੀ ਅਫਰੀਕਾ ਦੀ ਅਜ਼ਾਦੀ ਅਤੇ ਕੈਦੀਆਂ ਦੀ ਰਿਹਾਈ ਲਈ ਤੁਸਾਂ ਕਿੰਨਾ ਵਾਵੇਲਾ ਕੀਤਾ। ਨੈਲਸਨ ਮੰਡੇਲਾ ਨੂੰ ਆਜ਼ਾਦੀ ਦਾ ਹੀਰੋ ਮੰਨ ਕੇ ਸਾਡੀ ਸਰਕਾਰ ਨੇ ਸਨਮਾਨਿਆ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ, ਭਾਗਲਪੁਰ ਦੀ ਜੇਲ੍ਹ ਵਿਚ ਸਿਖਾਂ ਦਾ ਵੀ ਇਕ ਨੈਲਸਨ ਮੰਡੇਲਾ ਕੈਦ ਹੈ। ਉਹ ਵੀ ਆਪਣੀ ਘਟ ਗਿਣਤੀ ਦੀ ਪੱਕੀ ਸੁਰੱਖਿਆ ਚਾਹੁੰਦਾ ਹੈ। ਦੋਸ਼ ਇਹ ਸੀ, ਉਸ ਰਾਸ਼ਟਰਪਤੀ ਨੂੰ ਦਰਬਾਰ ਸਾਹਿਬ ਦੇ ਹਮਲੇ ਪਿਛੋਂ ਇਕ ਰੋਸ ਪੱਤਰ ਲਿਖਿਆ। ਉਹ ਪੱਤਰ ਹਰ ਸਿਖ ਦੇ ਦਿਲ ਦੀ ਭਾਵਨਾ ਸੀ। ਉਸ ਨੂੰ ਪਤਾ ਸੀ, ਮੈਨੂੰ ਆਈ. ਪੀ. ਐਸ. ਦੀ ਸਰਕਾਰੀ ਨੌਕਰੀ ਵਿਚ ਨਹੀਂ ਰਖਣਾ। ਫਿਰ ਵੀ ਉਸ ਸੂਰਬੀਰ ਸਿੰਘ ਵਾਲਾ ਕਰ-ਤੱਵ ਪਾਲ਼ਿਆ। ਸਿਖ ਕੌਮ ਤੇ ਤਾਰੀਖ ਨੂੰ ਉਹਦੇ ਕਾਰਨਾਮੇ ਉਤੇ ਸਦਾ ਮਾਣ ਰਹੇਗਾ। ਤੁਹਾਨੂੰ ਕਿਉਂ ਖਿਆਲ ਨਹੀਂ ਆਇਆ ਇਹ ਵੀ ਨੈਲਸਨ ਮੰਡੇਲਾ ਵਾਂਗ ਆਜ਼ਾਦੀ ਦਾ ਪਰਵਾਨਾ ਹੈ ? ਮੰਡੇਲਾ ਆਪਣੀ ਕੌਮ ਨੂੰ ਘਟ ਗਿਣਤੀ ਦੇ ਦਾਬੇ ਹੇਠੋਂ ਕੱਢਣਾ ਚਾਹੁੰਦਾ ਹੈ। ਪਰ ਸਿਮਰਨਜੀਤ ਸਿੰਘ ਮਾਨ ਬਹੁ ਗਿਣਤੀ ਦੀ ਜਕੜ ਵਿਚੋਂ ਘਟ ਗਿਣਤੀ ਨੂੰ ਛੁਡਾਇਆ ਚਾਹੁੰਦਾ ਹੈ। ਤੁਹਾਡੀ ਹਮਾਇਤੀ ਪਾਲਿਸੀ ਹਾਥੀ ਦੇ ਦੰਦ ਦਖਾਉਣ ਵਾਲੇ ਹੋਰ ਖਾਣ ਵਾਲੇ ਹੋਰ। ਪਿਆਰੇ, ਪ੍ਰੀਖਿਆ ਸਾਡੇ ਨਾਲੋਂ ਬਹੁਤੀ ਤੁਹਾਡੀ ਕਲੀਨਤਾ ਨੂੰ ਆ ਪਈ ਹੈ। ਕੌਮ ਦੇ ਸੂਰਬੀਰਾਂ ਦੇ ਜੇਲਾਂ ਵਿਚ ਸੜਦੇ ਰਹਿਣ ਨਾਲ ਕਾਹਦੀ ਸੁਲਾਹ ਤੇ ਕਾਹਦਾ ਸਮਝੌਤਾ ? ਸੰਤ ਹਰਚੰਦ ਸਿੰਘ ਭਲਾ ਆਦਮੀ ਸੀ ਅਤਿ ਦਰਜੇ ਦਾ ਸ਼ਰੀਫ ਤੇ ਭੋਲਾ। ਉਸ ਤੁਹਾਡੇ ਉਤੇ ਵਿਸ਼ਵਾਸ਼ ਕੀਤਾ, ਜਿਸ ਦਾ ਘਾਤ ਹੋ ਗਿਆ। ਉਸ ਦੇ ਕਤਲ ਪਿਛੋਂ ਸੈਂਟਰ ਨੇ ਅੱਖਾਂ ਹੀ ਫੇਰ ਲਈਆਂ। ਹਾਲਾਂ ਕਿ ਉਹ ਕਤਲ ਵੀ ਸਮਝੌਤੇ ਕਾਰਨ ਹੀ ਹੋਇਆ ਸੀ। ਤੁਸਾਂ ਬੜੀ ਵਫਾ ਪਾਲ਼ੀ। ਰਾਜਨੀਤੀ ਵਿਚ ਇਤਬਾਰ ਆਖਰ ਧੋਖਾ ਸਾਬਤ ਹੁੰਦਾ ਹੈ। ਤੁਸੀਂ ਪ੍ਰਾਈਮ ਮਨਿਸਟਰ ਸੀ ਤੇ ਤੁਹਾਨੂੰ ਦਸਖਤ ਕਰਦਿਆਂ ਨੂੰ ਟੀ. ਵੀ. ਉਤੇ ਸਾਰੀ ਦੁਨੀਆਂ ਨੇ ਦੇਖਿਆ ਸੀ। ਹਰਚੰਦ ਸਿੰਘ ਦੀ ਸੰਤਤਾਈ ਅਤੇ ਭਲਮਾਣਸੀ ਖੂਹ ਪਾ ਦਿਤੀਆਂ। 'ਨੈਂ ਲੰਘੀ ਖੁਆਜਾ ਵਿਸਰਿਆ' ਪਰ ਰਾਜੀਵ

ਜੀ, ਬੇਇੰਸਾਫੀ ਤੇ ਜੁਲਮ ਦੀਆਂ ਲਹਿਰਾਂ ਮੁੜ ਕਦੇ ਵੀ ਜਵਾਰਭਾਟੇ ਨੂੰ ਉਠਾ ਸਕਦੀਆਂ ਹਨ। ਅਬੀ ਤੋ ਨਾਓ ਸਮੁੰਦ ਮੇਂ, ਕਿਆ ਜਾਣ ਕਿਆ ਹੋਏ। ਸਮੇਂ ਦੇ ਸਮੁੰਦਰਾਂ ਵਿਚ ਕਦੋਂ ਤੁਫਾਨਾਂ ਦਾ ਕਾਲ ਪਿਆ ਹੈ। ਅਨਿਆਂ, ਬਖੇੜਿਆਂ ਭਰੀ ਲੜਾਈ ਦਾ ਮੁੱਢ ਬੰਨਦਾ ਹੈ। ਸਾਨੂੰ ਆਜ਼ਾਦ ਹੋਣ ਤੋਂ ਲੈ ਕੇ ਹੁਣ ਤਕ ਇਨਸਾਫ ਨਹੀਂ ਮਿਲਿਆ। ਹੀਰ ਦੇ ਕਰਤਾ ਵਾਰਸਸ਼ਾਹ ਦੀ ਇਕ ਲਾਈਨ ਹੈ :

"ਦੇਣੇਦਾਰ ਮਵਾਸ ਹੋ ਵਿਹਰ ਬੈਠਾ, ਲਹਿਣੇਦਾਰ ਹੁਣ ਅੱਕ ਕੇ ਆਇਆ ਈ।"

ਮਨੂੰ ਦੀ ਜ਼ਾਤ ਵਜ਼ਾਤ ਦੇ ਬੀਜੇ ਕੰਡੇ ਸਭ ਤੋਂ ਪਹਿਲਾਂ ਬੁੱਧ ਭਗਵਾਨ ਨੂੰ ਚੁਗਣੇ ਪਏ। ਸਾਰੀ ਮਨੁੱਖ ਜਾਤ ਨੂੰ ਸਮਾਨ ਆਖਿਆ। ਸ਼ੂਦਰਾਂ ਨਾਲ ਖਾਣ-ਪਾਣ ਦੀ ਭਿਆਲੀ ਪਾਈ। ਅਸ਼ੋਕ ਦੇ ਬੁਧ ਮਤ ਧਾਰਨ ਨਾਲ ਬ੍ਰਾਹਮਣ ਦਬ ਗਏ, ਪਰ ਦਿਲੋਂ ਬਹੁਤ ਔਖੇ ਸਨ। ਗੁਪਤਿਆਂ ਦੇ ਜ਼ਮਾਨੇ ਵਿਚ ਉਹਨਾਂ ਦੀਆਂ ਮੁੜ ਚੜ੍ਹ ਮੱਚੀਆਂ। ਸ਼ੂਦਰਾਂ ਵਿਚਾਰਿਆਂ ਦੀ ਸ਼ਾਮਤ, ਗੁਲਾਮੀ ਦਰ ਗੁਲਾਮੀ ਦਰ ਗੁਲਾਮੀ ਭੋਗਦੇ ਰਹੇ। ਬੁੱਧਮਤ ਨੇ ਬ੍ਰਾਹਮਣਵਾਦ ਨੂੰ ਭਾਜ ਤਾਂ ਦਿਤੀ, ਪਰ ਜੜੋਂ ਨਾ ਪੁੱਟ ਸਕਿਆ। ਭਗਤੀ ਲਹਿਰ ਮਨੁਖਵਾਦੀ ਲਹਿਰ ਸੀ। ਉਸ ਵੀ ਬ੍ਰਾਹਮਣਵਾਦ ਦੇ ਮੂੰਹ ਤੇ ਮਾਰੀਆਂ। ਕਿਉਂਕਿ ਜਾਤ ਬਜਾਤ ਦਾ ਸੰਚਾਲਕ ਬ੍ਰਾਹਮਣ ਸੀ। ਰਾਜੇ ਨੂੰ ਤਿਲਕ ਦਾ ਵਰਦਾਨ ਦੇ ਕੇ ਬ੍ਰਾਹਮਣ ਸਮਾਜ ਤੇ ਹਾਵੀ ਹੋ ਜਾਂਦਾ ਸੀ। ਭਾਰਤ ਦੇ ਸਾਰੇ ਸੂਬਿਆਂ ਨਾਲੋਂ ਛੂਤਛਾਤ ਦਾ ਚੱਕਰ ਸਭ ਤੋਂ ਘਟ ਪੰਜਾਬ ਵਿਚ ਹੈ। ਕਿਉਂ ? ਕਿਉਂਕਿ ਸਾਡੇ ਦਸੇ ਗੁਰੂ ਜਾਤ ਪਾਤ ਦੇ ਵਿਰੋਧੀ ਹੀ ਨਹੀਂ ; ਸਗੋਂ ਜਥੇਬੰਦ ਹੋ ਕੇ ਵਿਚਾਰਧਾਰਕ ਪੱਖੋਂ ਇਸ ਨੂੰ ਲਲਕਾਰਿਆ ਤੇ ਤੋੜਿਆ। ਕੁਦਰਤ ਦੇ ਸਭ ਬੰਦੇ ਦੇ ਸਿਧਾਂਤ ਨੂੰ ਪ੍ਰਚਲਤ ਕੀਤਾ। ਹਰਮੰਦਰ ਸਾਹਿਬ ਦੀ ਬੁਨਿਆਦੀ ਇੱਟ ਮੁਸਲਮਾਨ ਸੂਫ਼ੀ ਫਕੀਰ ਮੀਆਂ ਮੀਰ ਤੋਂ ਰਖਵਾਈ, ਜਿਹੜਾ ਬ੍ਰਾਹਮਣ ਭਾਸ਼ਾ ਵਿਚ ਮਲੇਸ਼ ਸੀ। ਸਿਖ ਧਰਮ ਨੂੰ ਸਾਰੀ ਲੋਕਾਈ ਦਾ ਸਾਂਝਾ ਧਰਮ ਬਣਾਇਆ। ਮਨੁੱਖ ਨਹੀਂ, ਹਮੇਸ਼ਾ ਨੀਅਤ ਨੀਚ ਹੁੰਦੀ ਹੈ। ਸਿਖੀ ਅਸੂਲ ਨੇ ਦਸਾਂ ਨਹੁਆਂ ਦੀ ਕਿਰਤ ਕਰਨ ਵਾਲੇ (ਸ਼ੂਦਰ ਤੇ ਵੈਸ਼) ਨੂੰ ਵਡਿਆ ਕੇ ਸੁੱਚਾ ਮੋਤੀ ਆਖਿਆ। ਦਰਬਾਰ ਸਾਹਿਬ ਦਾ ਲੰਗਰ ਉਹ ਸਿਖ ਤਿਆਰ ਕਰਦੇ ਹਨ ; ਜਿਨ੍ਹਾਂ ਨੂੰ ਬ੍ਰਾਹਮਣ ਕਦੇ ਸ਼ੂਦਰ ਆਖਦੇ ਸਨ। ਉਹਨਾਂ ਦਾ ਬਣਾਇਆ ਲੰਗਰ ਸਭ ਬਿਨਾ ਭਿੰਨ ਭੇਤ ਦੇ ਛਕਦੇ ਹਨ। ਰਾਜੀਵ ਜੀ, ਅਸੀਂ ਸਿਖ ਜਾਤ ਪਾਤ ਦੇ ਵਿਰੋਧੀ ਹੀ ਨਹੀਂ,

ਸਗੋਂ ਇਸ ਕੁਲਹਿਣੀ ਜੱਕੜ ਨੂੰ ਪੁੱਟਣ ਵਾਲੇ ਵੀ ਹਾਂ। ਇਸ ਬੀਮਾਰੀ ਨੇ ਹੀ ਮਜ਼ਬੂਤ ਹਿੰਦੋਸਤਾਨ ਨੂੰ ਪਾਸ਼ ਪਾਸ਼ ਕਰ ਰੱਖਿਆ ਹੈ। 'ਜਿਵੇਂ ਇਹ ਦਿਸਦਾ ਹੈ, ਇਸ ਨੂੰ ਸਿਉ ਵਾਂਗ ਗੱਠਿਆ ਨਾ, ਸਗੋਂ ਸੰਗਤਰੇ ਵਾਂਗ ਅੰਦਰੋਂ ਫਾੜੀ ਫਾੜੀ ਹੋਇਆ ਸਮਝੋ। ਜਿੰਨਾ ਚਿਰ ਦੂਈ ਦੀ ਮੈਲ ਨਹੀਂ ਧੋਤੀ ਜਾਂਦੀ, ਬਖੇੜਿਆਂ ਦਾ ਚੱਕਰ ਬੰਦ ਨਹੀਂ ਹੋਣਾ। ਬਹੁਗਿਣਤੀ ਦੇ ਸਾਫ ਦਿਲ ਹੋ ਕੇ ਪਹਿਲ ਕਰੇ ਬਿਨਾ ਕਿਵੇਂ ਵੀ ਨਹੀਂ ਸਰਨਾ। ਜਦੋਂ ਬਹੁਗਿਣਤੀ ਹੀ ਆਪੇ ਨੂੰ ਖਤਰੇ ਵਿਚ ਸਮਝ ਕੇ ਸ਼ਿਵ ਸੈਨਾ, ਆਰ. ਐਸ. ਐਸ ਤੇ ਹਿੰਦੂ ਸੁਰਖਸ਼ਾ ਸੰਮਤੀਆਂ ਆਦਿ ਨੀਮ ਫੌਜੀ ਜਥੇਬੰਦੀਆਂ ਖੜੀਆਂ ਕਰ ਰਹੀ ਹੋਵੇ ; ਉਸ ਸੂਰਤ ਵਿਚ ਘਟ ਗਿਣਤੀਆਂ ਸੋਚੋ, ਕੀ ਕਰਨਗੀਆਂ ? ਜਿਹਨਾਂ ਦੀ ਨੀਅਤ ਬਦ ਅਤੇ ਫਿਰਕੂ ਹੋ ਜਾਵੇ ; ਉਹਨਾਂ ਵਿਚੋਂ ਚੁਣੀ ਬਹੁਗਿਣਤੀ ਦੀ ਸਰਕਾਰ ਦਾ ਅਸਲੀ ਚਲਣ ਕਿਹੋ ਜਿਹਾ ਹੋਵੇਗਾ ? ਹੁਣ ਤਾਂ ਇਹ ਗਲ ਨਹੀਂ, ਕਿਸੇ ਘਟ ਗਿਣਤੀ ਨੂੰ ਫਿਰਕੂ ਪਾਲਿਸੀ ਬਾਰੇ ਅੰਨ੍ਹੇਰਾ ਰਹਿ ਗਿਆ ਹੋਵੇ। ਦੇਸ਼ ਦੀ ਰਾਜਧਾਨੀ ਤੇ ਬਾਕੀ ਸੂਬਿਆਂ ਵਿਚ ਹੋਈ ਸਿਖ ਕਤਲਾਮ ਨੇ ਸਾਰੇ ਅੰਨ੍ਹੇਰੇ ਚੁੱਕ ਦਿੱਤੇ ਹਨ। ਮੁਸਲਮਾਨਾਂ ਨਾਲ ਫਿਰਕੂ ਫਸਾਦ ਆਏ ਦਿਨ ਤਰੱਕੀ ਹੀ ਕਰਦੇ ਜਾਂਦੇ ਹਨ। ਬਹੁਤੀ ਮਾਰ ਹਮੇਸ਼ਾ ਘਟ ਗਿਣਤੀਆਂ ਨੂੰ ਹੀ ਪੈਂਦੀ ਹੈ। ਹਰੀਜਨਾਂ ਨੂੰ ਠਾਕਰਾਂ ਵਲੋਂ ਉਹਨਾਂ ਦੀਆਂ ਝੁੱਗੀਆਂ ਵਿਚ ਹੀ ਜਿਉਂਦਿਆਂ ਨੂੰ ਸਾੜਿਆ ਜਾਂਦਾ ਰਿਹਾ ਹੈ। ਉਹਨਾਂ ਦੀਆਂ ਜਨਾਨੀਆਂ ਦੀ ਦਿਨ ਦਿਹਾੜੇ ਪੱਤ ਲੁੱਟੀਦੀ ਹੈ। ਵਿਚਾਰੇ ਡਰਦੇ ਮਾਰੇ ਦਾਦ ਫਰਿਆਦ ਕੀਹਦੇ ਕੋਲ ਕਰਨ। ਤੁਹਾਡੀ ਸਰਕਾਰ ਦੀ ਖੁਲ੍ਹਦਿਲੀ ਵਾਲੀ ਪਾਲਿਸੀ ਫ਼ਿਰਕੂ ਜਨੂੰਨੀਆਂ ਨੂੰ ਨੱਥਣ ਦੀ ਥਾਂ ਲਾਮਬੰਦ ਕਰ ਰਹੀ ਹੈ। ਜੇ ਭਿੰਡਰਾਂ ਵਾਲਾ ਪੰਜਾਬ ਦੇ ਦੋਖੀਆ ਨੂੰ ਨਿਕਲ ਜਾਣ ਲਈ ਆਖੇ ਤਾਂ ਦੋਸ਼ੀ। ਜੇ ਹਰਿਆਣੇ ਤੇ ਰਾਜਸਥਾਨ ਦੇ ਨੇਤਾ ਸਿਖਾਂ ਨੂੰ ਨਿਕਲ ਜਾਣ ਦੀਆਂ ਧਮਕੀਆਂ ਦੇਣ ਸਾਫ ਸ਼ਹਿਰੀ। ਉਹਨਾਂ ਨੂੰ ਨਾ ਸਰਕਾਰ ਨੇ ਤੇ ਨਾਲ ਹੀ ਪ੍ਰੈਸ ਨੇ ਫਿੱਟੇ ਮੂੰਹ ਤਕ ਨਹੀਂ ਆਖਿਆ। ਇਹ ਰਾਜ ਕਰਦੀ ਬਹੁਗਿਣਤੀ ਦੇ ਅਭਿਮਾਨ ਦਾ ਕ੍ਰਿਸ਼ਮਾ ਹੈ। ਨੀਮ ਫੌਜੀ ਜਥੇਬੰਦੀਆਂ ਦੇ ਪ੍ਰਤਿਕਰਮ ਵਜੋਂ ਘਟ ਗਿਣਤੀਆਂ ਵੀ ਮੁਹਾਜ਼ ਖੜਾ ਕਰਨਗੀਆਂ। ਮਾੜਿਆਂ, ਤਕੜਿਆਂ ਤੋਂ ਬਚਾ ਤਾਂ ਕਰਨਾ ਹੀ ਹੈ। ਮੈਂ ਤੁਹਾਨੂੰ ਪੁੱਛਦਾ ਆਂ, ਇਉਂ ਮਾਰਧਾੜ, ਕਤਲ, ਅਗਜਨੀ ਆਦਿ ਮੁਲਕ ਨੂੰ ਟੋਟੇ ਕਰਨ ਵਲ ਨਹੀਂ ਤੋਰੀ ਜਾ ਰਹੀਆਂ ? ਸਾਰੇ ਸਿਆਪੇ ਦੀ ਜੜ੍ਹ ਜਾਤ ਪਾਤ ਹੈ। ਇਸ ਨੂੰ ਖਤਮ ਕਰਨ ਦਾ ਹੀਲਾ? ਨੀਮ ਫੌਜੀ ਜਥੇਬੰਦੀਆਂ ਉੱਤੇ ਪਾਬੰਦੀ ?

ਤੁਹਾਡੇ ਪੁਰਖਿਆਂ ਅਤੇ ਉਹਨਾਂ ਦੇ ਵਾਰਸਾਂ ਆਪਣੀ ਤਹਿਜ਼ੀਬ ਨੂੰ ਅਸਮਾਨੇ ਚਾੜ੍ਹ ਰਖਿਆ ਹੈ। ਵੇਦ ਸਭਿਅਤਾ ਦੀ ਦੋਹਾਈ ਦੇਂਦੇ ਹਨ। ਦੁਨੀਆਂ ਨੂੰ ਇਹ ਵੀ ਪਤਾ ਹੈ, ਤੁਹਾਡੀ ਤੀਜਾ ਹਿੱਸਾ ਆਬਾਦੀ ਬਿਨਾ ਛੱਤ, ਭੁੰਜੇ ਸੌਂਦੀ ਹੈ। ਤੇ ਏਨੇ ਲੋਕ ਹੀ ਇਕ ਵੇਲੇ ਵੀ ਰੱਜ ਕੇ ਰੋਟੀ ਨਹੀਂ ਖਾਂਦੇ। ਤੁਹਾਡੇ ਇਤਿਹਾਸ ਵਿਚ ਕਾਲਖ ਦਾ ਦਾਗ ਦਿਨੋਂ ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਨਹਿਰੂ ਦੀ ਸੋਚ ਸੀ ਵਧ ਰਹੀ ਆਰਥਿਕ ਮੰਦਹਾਲੀ ਕਾਰਨ, ਹਕੂਮਤ ਦੀ ਵਾਗਡੋਰ ਇਕ ਦਿਨ ਖੱਬਾ ਫਰੰਟ ਖੋਹੇਗਾ। ਉਸ ਪਹਿਲਾਂ ਹੀ ਸੋਸ਼ਲਿਜ਼ਮ ਲਿਆਉਣ ਦਾ ਐਲਾਨ ਕਾਂਗਰਸ ਦੇ ਪਹਿਲੇ ਚੋਣ ਮੈਨੀਫੈਸਟੋ ਵਿਚ ਕਰ ਮਾਰਿਆ, ਫਿਰ ਕਾਂਗਰਸ ਦੇ ਇਜਲਾਸ ਵਿਚ ਬਾਕਾਇਦਾ ਮਤਾ ਬਣਾ ਦਿੱਤਾ। ਉਹ ਮਤਾ ਹਰ ਕਾਂਗਰਸ ਤੇ ਇਲੈਕਸ਼ਨ ਵਿਚ ਜ਼ੋਰਸ਼ੋਰ ਨਾਲ ਦੋਹਰਾਈਦਾ ਰਿਹਾ। ਪਰ ਰਿਹਾ ਕਾਗਜ਼ਾਂ ਤੇ ਹੀ। ਜਦ ਕਾਂਗਰਸ ਦੋਫਾੜ ਹੋਈ ਅਤੇ ਇੰਦਰਾ ਗਾਂਧੀ ਦੀ ਪੋਜ਼ੀਸ਼ਨ ਜ਼ੀਰੋ ਤੇ ਹੀਰੋ ਦੇ ਸਿਰਿਆਂ ਉਤੇ ਡਾਵਾਂਡੋਲ ਸੀ; ਉਸ ਗਰੀਬੀ ਹਟਾਓ ਦਾ ਦੰਭ ਰਚ ਲਿਆ। ਤੁਸੀਂ ਆਰਥਿਕ ਮਾਹਰਾਂ ਨੂੰ ਪੁੱਛ ਲਵੋ; ਉਸ ਦੇ ਦੌਰ ਵਿਚ ਗਰੀਬੀ ਕਿੰਨੇ ਗੁਣਾ ਵਧੀ ਹੈ ਅਤੇ ਸਰਮਾਏਦਾਰੀ ਕਿੰਨੇ ਗੁਣਾ ਆਫਰੀ ਹੈ। ਉਸ ਦੀ ਗਰੀਬੀ ਹਟਾਓ ਮੁਹਿਮ ਨੇ ਦੇਸ਼ ਨੂੰ ਭੁੰਜੇ ਲਾਹ ਕੇ ਰਖ ਦਿੱਤਾ। ਬਿਨਾ ਛੱਤ, ਭੁੰਜੇ ਤੇ ਭੁੱਖੇ ਢਿਡ ਸੌਣ ਵਾਲਿਆਂ ਦੀ ਗਿਣਤੀ ਆਂਹਦੇ ਸਾਰੀ ਦੁਨੀਆਂ ਨਾਲੋਂ ਪਵਿੱਤਰ ਭਾਰਤ ਵਿਚ ਵਧ ਹੈ। ਇਹ ਕਿੰਨੀ ਕੁ ਉੱਚੀ ਤੇ ਸੁੱਚੀ ਸਭਿਅਤਾ ਹੈ, ਜਿਸ ਦਾ ਗੌਰਵ ਕਰਨ ਵਾਲਾ ਬ੍ਰਾਹਮਣ-ਵਾਦ ਸ਼ਰਮਿੰਦਾ ਨਹੀਂ। ਇਕ ਖੁਦਾਈ ਨੂਰ ਤਾਂ ਉਪਜੀ ਭੁੱਖੀ ਸੰਤਾਨ ਨੂੰ ਤੁਹਾਡੀ ਸਾਫ-ਸਵੱਛ ਪਾਲਿਸੀ, ਕਦੋਂ ਤਕ ਰੋਟੀ ਤੇ ਮਕਾਨ ਦੇ ਸਕੇਗੀ ? ਸਾਂਝੀਵਾਲਤਾ ਬਿਨਾ ਦੇਸ਼ ਦੀ ਕਿਵੇਂ ਵੀ ਕਲਿਆਣ ਨਹੀਂ। ਤੁਹਾਡੀਆਂ ਪਹਿਲੀਆਂ ਦੋ ਪੀੜ੍ਹੀਆਂ ਲੋਕਾਂ ਨਾਲ ਫਰਾਡ ਮਾਰਦੀਆਂ ਰਹੀਆਂ—ਉਨ੍ਹਾਂ ਦੀਆਂ ਭੁੱਖੀਆਂ ਭਾਵਨਾਵਾਂ ਨਾਲ ਖੇਡਦੀਆਂ ਰਹੀਆਂ। ਹਾਂ, ਖੱਬੀਆਂ ਪਾਰਟੀਆਂ ਨੂੰ ਗੁੱਠੇ ਲਾਉਣ ਵਾਲੀ ਖੱਟੀ ਜ਼ਰੂਰ ਖੱਟ ਲਈ। ਤੇ ਹੁਣ ਰੂਸ ਨਾਲ ਯਾਰੀ ਹੋਰ ਪੱਕੀ ਕਰਕੇ ਉਹਨਾਂ ਨੂੰ ਕੁਸਕਣ ਜੋਗਿਆਂ ਨਹੀਂ ਛੱਡਿਆ। ਰਾਜੀਵ ਜੀ ਭੁੱਖ ਤਾਂ ਨਿਰੀ ਅੱਗ ਹੁੰਦੀ ਐ। ਜੇ ਇਸ ਨੂੰ ਜ਼ੁਲਮ ਜਬਰ ਦੇ ਕੱਖਾਂ ਵਿਚ ਦੱਬਣ ਦੀ ਕੋਸ਼ਿਸ਼ ਕੀਤੀ ਜਾਵੇ; ਪਹਿਲੋਂ ਧੂਏਂ ਦੇ ਵਰੋਲੇ ਉਠਦੇ ਹਨ ਤੇ ਪਿਛੋਂ ਅਸਮਾਨ ਛੋਂਦੀਆਂ ਲਾਟਾਂ ਵਾਲਾ ਇਨਕਲਾਬ ਅਗੇ ਆ ਜਾਂਦਾ ਹੈ। ਇਨਕਲਾਬਾਂ ਦੀ ਤਾਰੀਖ ਤੋਂ ਪੁੱਛ ਵੇਖੋ।

ਜਿੰਨਾ ਝੂਠਾ, ਫਿਰਕੂ ਤੇ ਗੰਦਾ ਤੁਹਾਡਾ ਕੌਮੀ ਪ੍ਰੈਸ ਹੈ, ਇਹਦੀ ਮਿਸਾਲ ਦੁਨੀਆਂ ਵਿਚ ਕਿਧਰੇ ਨਹੀਂ ਮਿਲਦੀ। ਭਾਵੇਂ ਝੂਠ ਯੂਰਪ ਤੇ ਅਮਰੀਕਾ ਵਿਚ ਵੀ ਮਹਿੰਗੇ ਭਾਅ ਵਿਕਦਾ ਹੈ ; ਪਰ ਜਿਸ ਕਮੀਨਗੀ ਨਾਲ ਭਾਰਤ ਦਾ ਪ੍ਰੈਸ ਬਗਲ ਵਿਚ ਛੁਰੀ ਤੇ ਮੂੰਹ ਵਿਚ ਰਾਮ ਰਾਮ ਕਰਦਾ ਹੈ ; ਇਹਦੇ ਵਰਗਾ ਹੋਰ ਦੰਭੀ ਤੇ ਖਤਰਨਾਕ ਕੋਈ ਨਹੀਂ। ਸਾਡਾ ਕੋਈ ਨਹੀਂ, ਪੰਜਾਬ ਦਿਆਂ ਜੰਮਿਆ, ਨਿੱਤ ਮੁਹਿੰਮਾਂ। ਪਰ ਇਹ ਪ੍ਰੈਸ ਇਕ ਦਿਨ ਤੁਹਾਡੀ ਸਾਫ ਤੇ ਖੂਬਸੂਰਤ ਪਰਸਨੈਲਿਟੀ ਦੀ ਵੀ ਇੱਟ ਇੱਟ ਕਰੇਗਾ। ਸ਼ਾਇਦ ਇਹਦੇ ਝੂਠੇ ਤੇ ਫਿਰਕੂ ਹੋਣ ਦਾ ਤੁਹਾਨੂੰ ਉਦੋਂ ਹੀ ਅਹਿਸਾਸ ਹੋਵੇ। ਤੁਹਾਡੀ ਪ੍ਰੈਸ ਵਿਚ ਜਸਟਸ ਅਜੀਤ ਸਿੰਘ ਬੈਂਸ ਫਿਰਕੂ ਹੈ ਭਾਵੇਂ ਉਸਦੇ ਚੇਅਰਮੈਨੀ ਹੇਠਲੇ ਕਮਿਸ਼ਨ ਵਿਚ ਦੋ ਚੋਟੀ ਦੇ ਹਿੰਦੂ ਵਕੀਲ ਸਨ। ਤੁਹਾਡੀ ਪ੍ਰੈਸ ਵਿਚ ਸ੍ਰ. ਖੁਸ਼ਵੰਤ ਸਿੰਘ ਵੀ ਫਿਰਕੂ ਹੈ। ਜਿਸ ਦੀ ਲਿਆਕਤ ਨੂੰ ਮੁਖ ਰਖਦਿਆਂ ਕਾਂਗਰਸ ਸਰਕਾਰ ਨੇ ਰਾਜ ਸਭਾ ਲਈ ਮੈਂਬਰ ਨਾਮਜ਼ਦ ਕੀਤਾ ਸੀ। ਹਰਮੰਦਰ ਸਾਹਿਬ ਦੇ ਹਮਲੇ ਵਿਚ ਅਕਾਲ ਤਖਤ ਦੇ ਢਹਿ ਢੇਰੀ ਹੋ ਜਾਣ ਤੋਂ ਦੁਖੀ ਹੋ ਕੇ, ਉਸ ਸਰਕਾਰ ਦਾ ਖਿਤਾਬ ਮੋੜਦਿਆਂ, ਖਰੀਆਂ ਖਰੀਆਂ ਮੂੰਹ ਤੇ ਮਾਰ ਦਿੱਤੀਆਂ। ਬਸ ਫਿਰ ਕੀ ਸੀ ਕੌਮੀ ਪ੍ਰੈਸ ਨੇ ਵਾਵੇਲਾ ਚੁੱਕ ਲਿਆ। ਜਿਸ ਦੀ ਨਜ਼ਰ ਵਿਚ ਹਰ ਸਿਖ ਫਿਰਕੂ ਹੈ, ਅਤਿਵਾਦੀ ਤੇ ਬਾਗ਼ੀ। ਏਹੋ ਪ੍ਰੈਸ ਐਚ. ਕੇ. ਐਲ. ਭਗਤ ਤੇ ਜਗਦੀਸ਼ ਟਾਇਟਲਰ ਦੇ ਨੈਸ਼ਨਲ ਹੋਣ ਦੇ ਸੋਹਲੇ ਗਾਉਂਦੀ ਹੈ। ਡੈਮੋਕਰੇਟਿਕ ਰਾਈਟਸ ਸਭਾ ਤੇ ਹੋਰ ਲੋਕ ਜਥੇਬੰਦੀਆਂ ਦਿੱਲੀ ਦੀ ਸਿਖ ਕਤਲਾਮ ਵਿਚ ਇਹਨਾਂ ਦਾ ਨੰਗਾ ਚਿੱਟਾ ਹੱਥ ਦਸਦੀਆਂ ਹਨ। ਤੁਸਾਂ ਇਹਨਾਂ ਨੂੰ ਵਜ਼ੀਰੀ ਦੀਆਂ ਕੁਰਸੀ ਦੇ ਕੇ ਬਰਾਬਰ ਦੇ ਸਾਥੀ ਬਣਾ ਰਖਿਆ ਹੈ। ਸ਼ਾਇਦ ਤੁਸਾਂ ਉਹਨਾਂ ਦੀ ਕੌਮੀ ਸੇਵਾ ਦਾ ਫਲ ਦਿੱਤਾ ਹੈ। ਕਿਥੇ ਵਿਚਾਰਾ ਖੁਸ਼ਵੰਤ ਸਿੰਘ ਫਿਰਕੂ ਸਿਖ ਤੇ ਕਿਥੇ ਮਾਨਜੋਗ ਭਗਤ ਤੇ ਟਾਇਟਲਰ ਵਰਗੇ ਦੇਸ਼ ਭਗਤ। ਇਹ ਖਿਤਾਬ ਤੇ ਫਤਵੇ ਕੇਵਲ ਭਾਰਤ ਦੀ ਕੌਮੀ ਪ੍ਰੈਸ ਹੀ ਦੇ ਸਕਦੀ ਹੈ। ਸਿਖ ਹਵਾਈ ਜਹਾਜ਼ ਅਗਵਾ ਕਰੇ ਤਾਂ ਗੋਲੀ। ਏਹੋ ਜੁਰਮ ਹਿੰਦੂ ਕਰੇ ਤਾਂ ਉਸ ਨੂੰ ਅਸੈਂਬਲੀ ਦੀ ਮੈਂਬਰੀ। ਸ੍ਰ. ਗੰਗਾ ਸਿੰਘ ਢਿੱਲੋਂ ਨੇ ਕਦੇ ਖਾਲਸਤਾਨ ਨਹੀਂ ਮੰਗਿਆ—ਕਦੇ ਦੇਸ਼ ਨਾਲੋਂ ਅੱਡ ਹੋਣ ਦਾ ਖਿਆਲ ਵੀ ਨਹੀਂ ਦਿੱਤਾ। ਹਿੰਦੋਸਤਾਨ ਦੀ ਏਕਤਾ ਵਿਚ ਯਕੀਨ ਵਾਲਾ ਉਸ ਦਾ ਬਿਆਨ ਵੀ ਆ ਚੁੱਕਾ ਹੈ। ਐਡਵੋਕੇਟ ਗੁਰਨਾਮ ਸਿੰਘ ਤੀਰ ਉਸ ਦਾ ਗਵਾਹ ਹੈ। ਪ੍ਰੈਸ ਨੇ ਉਹਦੇ ਵਿਰੁਧ ਭੰਡੀ ਪ੍ਰਚਾਰ ਅਸਮਾਨੇ

ਚਾੜ੍ਹ ਰਖਿਆ ਹੈ। ਇਹ ਗਲਤ ਪ੍ਰਾਪੇਗੰਡਾ ਇਕ ਦੋ ਵਿਅਕਤੀਆਂ ਵਿਰੁਧ ਨਹੀਂ; ਸਮੁੱਚੀ ਸਿਖ ਕੌਮ ਦੇ ਖਿਲਾਫ ਗਿਣੀ ਮਿੱਥੀ ਸਾਜਸ਼ ਅਧੀਨ ਕੀਤਾ ਜਾ ਰਿਹਾ ਹੈ। ਕੀ ਇਹ ਭੰਡੀ ਪ੍ਰਚਾਰ ਤੁਸੀਂ ਕਹਿ ਕੇ ਕਰਵਾ ਰਹੇ ਹੋ ? ਜਾਂ ਤੁਹਾਡੀ ਤੇ ਪ੍ਰੈਸ ਦੀ ਨੀਅਤ, ਖਾਲਸਤਾਨ ਦਾ ਇਸ਼ੂ ਉਠਾ ਕੇ ਸਾਨੂੰ ਅੱਡ ਕਰਨ ਦੀ ਹੈ ? ਜੇ ਨਹੀਂ, ਤਾਂ ਤੁਹਾਡੇ ਸਾਹਮਣੇ ਇਕ ਕੌਮ ਦੀ ਹੇਠੀ ਕਰਨੀ ਲਗਾਤਾਰ ਜਾਰੀ ਹੈ। ਜਿਸ ਕੌਮ ਕੋਲ ਸ਼ਹਾਦਤਾਂ ਦੀ ਬਹਾਦਰੀ ਭਰਿਆ ਲੰਮਾ ਇਤਿਹਾਸ ਹੈ—ਸਿਖ ਕੌਮ ਦੀਆਂ ਸ਼ਹਾਦਤਾਂ ਬਿਨਾ ਤੁਸੀਂ ਆਜ਼ਾਦ ਹੋ ਈ ਨਹੀਂ ਸੀ ਸਕਦੇ। ਸ਼ਾਇਦ ਅੱਧੇ ਭੁੱਖੇ ਹੀ ਮਰ ਜਾਂਦੇ। ਅਸੀਂ ਗੌਰਵ ਵਾਲੀ ਮਿਹਨਤੀ ਕੌਮ ਆਂ। ਜੇ ਤੁਸੀਂ ਇਹਨਾਂ ਕੁੱਤਿਆਂ ਨੂੰ ਸੰਗਲੀਆਂ ਨਹੀਂ ਪਾ ਸਕਦੇ ; ਅਸੀਂ ਸਮਝਾਂਗੇ, ਤੁਸਾਂ ਬੁਰਕੀ ਸੁਟ ਕੇ ਸਾਡੇ ਮਗਰ ਪਾਏ ਹਨ। ਪ੍ਰੈਸ ਦੀ ਆਜ਼ਾਦੀ ਦਾ ਮਤਲਬ ਇਹ ਹੁੰਦਾ ਹੈ, ਜੋ ਤੁਹਾਡੀ ਕੌਮੀ ਪ੍ਰੈਸ ਕਢ ਰਹੀ ਹੈ। ਏਸੇ ਕਾਰਨ ਅਸੀਂ ਅੰਦਰੂਨੀ ਖੁਦਮੁਖਤਾਰੀ ਮੰਗਦੇ ਆਂ ; ਜਿਸ ਵਿਚ ਕੋਈ ਗੰਜਾ ਕਿਸੇ ਦੀ ਪੱਗ ਨਾ ਲਾਹ ਸਕੇ। ਤੁਹਾਡਾ ਆਪਣਾ ਰਵਈਆ ਇਸ ਪ੍ਰੈਸ ਦਾ ਪ੍ਰਭਾਵ ਕਬੂਲਦਾ ਹੈ। ਤੁਹਾਡਾ ਇਰਾਦਾ ਪ੍ਰੈਸ ਜਾਹਰ ਕਰਦੀ ਹੈ। ਇਉਂ ਫਿਰਕੂ ਹਮਾਮ ਵਿਚ ਤੁਹਾਨੂੰ ਵੀ ਨੰਗਾ ਕਰਕੇ ਰਖ ਦੇਂਦੀ ਐ। ਇਸ ਜ਼ਹਿਰ ਉਗਲਦੀ ਨਾਗਣ ਨੂੰ ਆਪਣੀ ਮਿੱਤਰ ਨਾ ਸਮਝੋ। ਜਦ ਕੋਈ ਹੋਰ ਕੱਟਣ ਨੂੰ ਨਾ ਮਿਲਿਆ, ਤੁਹਾਡੇ ਗਿੱਟੇ ਨੂੰ ਵੀ ਪਏਗੀ। ਸ਼ਰਤੀਆ। ਆਪਣੇ ਸੁਭਾ ਤੋਂ ਮਜ਼ਬੂਰ ਹੈ ਨਾ। ਕੌਮੀ ਪ੍ਰੈਸ ਤੋਂ ਤਾਂ ਜਾਪਦਾ ਹੈ, ਪਾਕਿਸਤਾਨ ਵਾਂਗ ਸਿਖਾਂ ਨੂੰ ਵੀ ਖਾਲਸਤਾਨ ਦੇਊ ਹੈ। ਕਿਉਂਕਿ ਉਹ ਤੁਹਾਡੀਆਂ ਗਲਤ-ਸਹੀ ਪਾਲਿਸੀਆਂ ਦੀ ਹਮਾਇਤ ਕਰ ਰਹੀ ਹੈ ; ਇਸ ਲਈ ਤੁਸੀਂ ਉਹਦੇ ਖਿਲਾਫ ਕਾਰਵਾਈ ਕਰਨਾ ਸੋਚ ਨਹੀਂ ਸਕਦੇ। ਸ਼ਾਇਦ ਤੁਸੀਂ ਇਸ ਬਘਿਆੜੀ ਤੋਂ ਡਰਦੇ ਹੋ। ਸਾਨੂੰ ਵਿਸ਼ਵਾਸ਼ ਆ ਚੁੱਕਾ ਹੈ, ਤੁਸੀਂ ਪ੍ਰੈਸ ਨੂੰ ਨਹੀਂ ; ਉਲਟਾ ਪ੍ਰੈਸ ਤੁਹਾਨੂੰ ਚਲਾਉਂਦੀ ਹੈ। ਯਾਦ ਰਖਣਾ, ਇਹਦੇ ਨਤੀਜੇ ਇਕ ਦਿਨ ਕੌਮੀ ਏਕਤਾ ਦੀਆਂ ਖਖੜੀਆਂ ਕਰੇਲੇ ਵਿਚ ਨਿਕਲਣਗੇ। ਕਰੇਗੀ ਪ੍ਰੈਸ, ਭਰੋਗੇ ਤੁਸੀਂ ਏ ਲੋਕ। ਜੇ ਇਸ ਨੂੰ ਚੱਜ ਨਾਲ ਨਾ ਜਾ ਨੱਥਿਆ, ਅਕਬਰ ਦੇ ਸਮੇਂ ਦੀ ਕਹੌਤ ਤੁਹਾਡੇ ਤੇ ਵੀ ਲਾਗੂ ਹੋ ਸਕਦੀ ਹੈ :

"ਕੀਤੀਆਂ ਦੁੱਲਿਆ ਤੇਰੀਆਂ, ਪੇਸ਼ ਲੱਦੀ ਦੇ ਆਈਆਂ।"

ਜਿੰਨਾ ਚਿਰ ਸਿਹਤਮੰਦ ਅਮਲ ਅਗੇ ਨਹੀਂ ਆਉਂਦਾ, ਹਾਲਾਤ ਸਾਰਥਕ ਪਲਟੇ ਵੱਲ ਨੂੰ ਮੋੜੇ ਨਹੀਂ ਖਾ ਸਕਦੇ। ਲੋਕਾਂ ਦਾ ਪ੍ਰੈਸ ਤੋਂ ਵਿਸ਼ਵਾਸ ਉਠ ਗਿਆ

ਹੈ ਅਤੇ ਸਾਡਾ ਸਰਕਾਰ ਤੋਂ । ਕਿਉਂਕਿ ਦੋਹਾਂ ਵਿਚ ਸਚਾਈ ਨਹੀਂ, ਈਮਾਨਦਾਰੀ ਨਹੀਂ । ਸਾਨੂੰ ਦੱਸੋ : ਅਸੀਂ ਹੱਕ ਸੱਚ ਦੀ ਕਿੰਨਾ ਕੁ ਚਿਰ ਉਡੀਕ ਕਰੀਏ ? ਸਮਾਂ ਠਹਿਰਦਾ ਨਹੀਂ । ਹਾਲਾਤ ਬੱਝੇ ਰਹਿੰਦੇ ਨਹੀਂ । ਤੁਹਾਡੇ ਅਮਲਾਂ ਤੋਂ ਹੀ ਸਾਡੇ ਵਿਚਾਰ ਤੇ ਵਿਸ਼ਵਾਸ ਬਣਦੇ ਹਨ । ਹਾਂ ਪੱਖੀ ਹੁੰਗਾਰਾ ਨਾ ਮਿਲਣ ਤੇ ਵਿਚਾਰ, ਅਮਲਾਂ ਦੀ ਜਦੋਜਹਿਦ ਵਿਚ ਪੈ ਜਾਂਦੀ ਹੈ ।

ਹੁਣ ਤੱਕ ਸਿੱਖਾਂ ਨੂੰ ਕਮਿਸ਼ਨਾਂ ਕਮੇਟੀਆਂ ਦੇ ਗਧੀ ਗੇੜ ਵਿਚ ਪਾਈ ਰੱਖਿਆ ਹੈ । ਇਕ ਲਿਖਤੀ ਸਮਝੌਤਾ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਕੀਤਾ । ਹੁਣ ਉਸ ਦੀ ਵੀ ਖੇਹ ਉਡਾਈ ਜਾ ਰਹੀ ਹੈ । ਪਹਿਲੇ ਮੈਥਿਊ ਕਮਿਸ਼ਨ ਨੂੰ ਅਬੋਹਰ ਫਾਜ਼ਲਕਾ ਵਿਚ ਰਾਇਸ਼ਮਾਰੀ ਕਰਾਉਣ ਦਾ ਅਧਿਕਾਰ ਕਿਸ ਦਿੱਤਾ ? ਪੰਜਾਬੀ ਜਾਂ ਹਿੰਦੀ ਬੋਲੀ ਜਾਣਨ ਲਈ ਰਾਇਸ਼ਮਾਰੀ ਕਰਵਾਉਣਾ ਸਮਝੌਤੇ ਵਿਚ ਕਿੱਥੇ ਦਰਜ ਸੀ ? ਕੋਈ ਹਵਾਲਾ ? ਉਸ ਤਰ੍ਹਾਂ ਦੀ ਪਿੱਛੇ ਲੱਗੂ ਬਰਨਾਲਾ ਸਰਕਾਰ, ਜਿਸ ਰਾਇਸ਼ਮਾਰੀ ਮੰਨ ਲਈ । ਜੇ ਤੁਹਾਡਾ ਹੁਕਮ ਈ ਸਭ ਕੁਝ ਹੈ, ਫਿਰ ਸਮਝੌਤੇ ਦਾ ਅਡੰਬਰ ਕਿਉਂ ਰਚਿਆ ? ਜੇ ਇਉਂ ਹੀ ਜਾਣਨਾ ਸੀ, ਤਦ ਜਲੰਧਰ ਤੇ ਅੰਮ੍ਰਿਤਸਰ ਦੇ ਹਿੰਦੂਆਂ ਆਪਣੀ ਮਾਤਰੀ ਭਾਸ਼ਾ ਹਿੰਦੀ ਲਿਖਵਾਈ ਸੀ, ਚੰਡੀਗੜ੍ਹ ਬਦਲੇ ਉਹ ਦੇ ਦਿੰਦੇ । ਇੰਦਰਾ ਦਾ ਚੰਡੀਗੜ੍ਹ ਬਦਲੇ ਅਬੋਹਰ ਫਾਜ਼ਲਕਾ ਵਾਲਾ ਫੈਸਲਾ ਚੀਫ ਮਨਿਸਟਰ ਗੁਰਨਾਮ ਸਿੰਘ ਕਦੋਂ ਦਾ ਰੱਦ ਕਰ ਚੁੱਕਾ ਸੀ । ਮੁਰਦੇ ਨੂੰ ਕਬਰ ਵਿਚੋਂ ਕਢਿਆਂ ਜਾਨ ਨਹੀਂ ਪੈਂਦੀ । ਸਮਝੌਤਾ ਦੋਹਾਂ ਧਿਰਾਂ ਦੀ ਰਜ਼ਾਮੰਦੀ ਨਾਲ ਸਿਰੇ ਚੜ੍ਹਦਾ ਹੈ । ਹੁਕਮੇ ਤੇ ਧੱਕੇ ਨਾਲ ਨਹੀਂ । ਅਸੀਂ ਇਸ ਗੱਲੋਂ ਚੇਤੰਨ ਹਾਂ ਕਿ ਤੁਸੀਂ ਹਰਿਆਣੇ ਦਾ ਹਿੰਦੂ ਸੂਬਾ ਤੇ ਕਾਂਗਰਸੀ ਸਰਕਾਰ ਹੋਣ ਕਾਰਨ ਪੱਖ ਪੂਰ ਰਹੇ ਹੋ । ਜ਼ਬਾਨੀ ਬਿਆਨਾਂ ਦੀ ਲੱਖ ਦੋਹਾਈ ਦੇਈ ਜਾਵੋ । ਘੱਟ ਤੋਂ ਘੱਟ ਅਸੀਂ ਪੰਜਾਬੀ, ਅੰਦਰਲੇ ਸੱਚ ਤੇ ਵਰਤਾਰੇ ਨੂੰ ਵੇਖੀ, ਪਰਖੀ ਜਾ ਰਹੇ ਆਂ । ਪੰਜਾਬ ਨੂੰ ਨਿਆਂ ਨਾ ਮਿਲਣ ਕਾਰਨ ਹੀ ਨੌਬਤ ਲਹੂ-ਲੁਹਾਣ ਤੱਕ ਆਈ ਹੈ । ਹੁਣ ਤੁਸੀਂ ਆਪ ਵੀ ਇਮਤਿਹਾਨ ਵਿਚ ਆ ਗਏ ਹੋ । ਕੀ ਜ਼ਬਾਨ ਦੇ ਆਧਾਰ ਤੇ ਬਣਾਏ ਰਾਜਾਂ ਨੂੰ ਉਹਨਾਂ ਦੀਆਂ ਪਹਿਲੀਆਂ ਰਾਜਧਾਨੀਆਂ ਨਹੀਂ ਦਿੱਤੀਆਂ ? ਜੇ ਦਿੱਤੀਆਂ ਹਨ ਤਾਂ ਪੰਜਾਬ ਨਾਲ ਵਿਤਕਰਾ ਕਿਉਂ ? ਵੈਂਕਟ ਰਮਈਆ ਕਮਿਸ਼ਨ ਚੰਡੀਗੜ੍ਹ ਦੇ ਬਦਲੇ ਸੱਤਰ ਹਜ਼ਾਰ ਏਕੜ ਹਰਿਆਣੇ ਨੂੰ ਕਾਹਦੀ ਦਵਾਉਂਦਾ ਹੈ ? ਚੰਡੀਗੜ੍ਹ ਕੁਲ ਪੰਦਰਾਂ ਹਜ਼ਾਰ ਏਕੜ ਭੋਂਇ ਵਿਚ ਵਸਿਆ ਹੈ । ਸੱਠ ਚਾਲੀ ਦੀ

ਰੇਸ਼ੋ ਨਾਲ ਛੇ ਹਜ਼ਾਰ ਏਕੜ ਭੋਂਇ ਉਹਦਾ ਹੱਕ ਬਣਦਾ ਹੈ। ਜੀ ਵਾਰੀ ਸਦਕੇ ਲੈ ਲਵੇ। ਤੁਹਾਡੀ ਸਰਕਾਰ ਨੇ ਸੱਤਰ ਹਜ਼ਾਰ ਏਕੜ ਭੋਂਇ ਦੁਆਣ ਲਈ ਅੱਡੀ ਚੋਟੀ ਦਾ ਜ਼ੋਰ ਕਾਹਤੋਂ ਲਾਇਆ ਹੋਇਆ ਐ। ਅਜਿਹੀਆਂ ਬੇਇਨਸਾਫੀਆਂ ਤੇ ਧੱਕਿਆਂ ਨਾਲ ਸਮਝੌਤਾ ਆਪਣੇ ਆਪ ਰੱਦ ਹੋ ਜਾਵੇਗਾ, ਜਿਸ ਨੂੰ ਤੁਸੀਂ ਮੁਸ਼ਕਲ ਵਿਚ ਫਸੇ ਕਰ ਬੈਠੇ ਸੀ। ਇਰੈਡੀ ਤੇ ਡੇਸਾਈ ਕਮਿਸ਼ਨਾਂ ਤੋਂ ਅਸੀਂ ਇਸ ਤਰ੍ਹਾਂ ਦੀ ਹੀ ਆਸ ਕਰ ਸਕਦੇ ਆਂ। ਕੋਈ ਕਮਿਸ਼ਨ ਸਰਕਾਰ ਦੇ ਇਰਾਦਿਆਂ ਦੇ ਉਲਟ ਕਿਵੇਂ ਜਾ ਸਕਦਾ ਏ। ਜੇ ਤੁਹਾਡੇ ਵਿਚ ਸੱਚ ਦਾ ਸਾਹਮਣਾ ਕਰਨ ਦੀ ਹਿੰਮਤ ਹੈ, ਤਦ ਕੌਮਾਂਤਰੀ ਕਮਿਸ਼ਨ ਬਣਾਓ। ਅਸੀਂ ਬਾਹਰਲੇ ਕਮਿਸ਼ਨ ਦੀ ਮੰਗ ਇਸ ਲਈ ਕਰਦੇ ਆਂ, ਕਿ ਤੁਹਾਡੇ ਕਮਿਸ਼ਨਾਂ ਉਤੋਂ ਭਰੋਸਾ ਉਠ ਗਿਆ ਹੈ।

"ਜੈਸਾ ਸਾਲਾ ਦੇਖਿਆ, ਵੈਸੀ ਸਾਲੇ ਕੀ ਭੈਣ।"

ਇਸ ਸਮਝੌਤੇ ਨਾਲ ਹੋਰ ਕੁਝ ਫਾਇਦਾ ਹੋਇਆ ਜਾਂ ਨਹੀਂ, ਹਰਿਆਣੇ ਨੂੰ ਪੰਜਾਬ ਦਾ ਦੁਸ਼ਮਣ ਬਣਾ ਕੇ ਜ਼ਰੂਰ ਰੱਖ ਦਿੱਤਾ ਅਤੇ ਸਿੱਖ ਲੀਡਰਾਂ ਨੂੰ ਬੇਰਾਂ ਵਾਂਗ ਖਿਲਾਰ ਦਿੱਤਾ। ਉਂਝ 1982 ਦੀਆਂ ਏਸ਼ੀਅਨ ਖੇਡਾਂ ਵਿਚ ਹਰਿਆਣੇ ਨੇ ਸਿੱਖਾਂ ਦੀ ਬੇਪਤੀ ਕਰਨ ਦੀ ਕਸਰ ਨਹੀਂ ਛੱਡੀ ਸੀ; ਜਿਸ ਵਿਚ ਪਾਰਲੀਮੈਂਟ ਦੇ ਮੈਂਬਰ ਅਤੇ ਮਿਲਟਰੀ ਹਾਈ ਰੈਂਕ ਦੇ ਅਫਸਰ ਵੀ ਨਹੀਂ ਬਚ ਸਕੇ ਸੀ। ਸਿੱਖਾਂ ਦੀਆਂ ਲੱਥਦੀਆਂ ਪੱਗਾਂ ਤੇ ਕਤਲ ਹੁੰਦੇ ਕੇਸਾਂ ਦੇ ਹਾਦਸੇ ਸਾਰੀ ਦੁਨੀਆਂ ਨੇ ਵੇਖ। ਨਹੀਂ ਵੇਖੇ ਤਾਂ ਤੁਹਾਡੀ ਮਾਤਾ ਨੇ ਨਹੀਂ ਵੇਖੇ। ਉਹਦੇ ਚਮਚੇ ਭਜਨ ਲਾਲ ਨੇ ਹਿੱਕ ਥਾਪੜੀ ਸੀ, ਕੋਈ ਸਿੱਖ ਹਰਿਆਣੇ ਵਿਚੋਂ ਲੰਘ ਕੇ ਖੇਡਾਂ ਵਿਚ ਪ੍ਰੋਟੈਸਟ ਨਹੀਂ ਕਰੇਗਾ। ਅੱਜ ਤੁਸੀਂ ਸਿਆਣੇ ਹੀ ਇਸ ਲਈ ਹੋ ਕਿ ਤਾਕਤ ਤੁਹਾਡੇ ਹੱਥ ਮੁਸ਼ਕਣਾ-ਮਸ਼ਕੋਈਆਂ ਵਾਂਗ ਆ ਗਈ ਹੈ। ਪ੍ਰਾਈਮ ਮਨਿਸਟਰਸ਼ਿਪ ਤੁਹਾਡਾ ਕਿਵੇਂ ਵੀ ਹੱਕ ਨਹੀਂ ਬਣਦਾ ਸੀ। ਤੁਸੀਂ ਤਾਂ ਪਹਿਲੀ ਵਾਰ ਹੀ ਲੋਕ ਸਭਾ ਦੇ ਮੈਂਬਰ ਬਣੇ ਸੀ। ਜ਼ਮਾਨੇ ਦੇ ਫੇਰ ਵੇਖੋ, ਜਿਸ ਦਾ ਹੱਕ ਬਣਦਾ ਸੀ; ਉਸ ਨੂੰ ਕਾਂਗਰਸ ਦੀ ਪ੍ਰਾਇਮਰੀ ਮੈਂਬਰਸ਼ਿਪ ਤੋਂ ਵੀ ਮੂਲੀ ਵਾਂਗ ਪੁੱਟ ਵਗਾਹਿਆ ਗਿਆ। ਤਾਕਤ ਕੀ ਨਹੀਂ ਕਰਦੀ। ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਤੁਹਾਡੇ ਖਾਨਦਾਨ ਦਾ ਲੂਣ ਖਾਧਾ ਸੀ, ਉਸ ਹਲਾਲ ਕਰ ਵਖਾਇਆ। ਇੰਦਰਾ ਜੀ ਨੇ ਉਸ ਨੂੰ ਚੁੱਕਿਆ ਅਤੇ ਉਸ ਤੁਹਾਨੂੰ ਵਰੋਸਾ ਦਿੱਤਾ। ਗੱਲ ਤਾਂ ਐਨੀ ਹੀ ਸੀ; ਲੋਕਾਂ ਪਹਾੜ ਚੁੱਕ ਬਣਾਈ। ਫਿਰ ਵੀ ਤੁਸੀਂ ਉਸ ਸਿੱਖ ਦੀ ਬੇਈ ਰੱਖਿਆ ਕਰੋ।

ਲੜੀ ਨੂੰ ਮੁੜ ਜੋੜਾਂ। ਅੱਜ ਕਾਨੂੰਨ ਤੇ ਸਮਝੌਤਿਆਂ ਦੀਆਂ ਮੱਦਾਂ ਮਨ-ਮਰਜ਼ੀ ਨਾਲ ਬਦਲੀਆਂ ਜਾ ਰਹੀਆਂ ਹਨ। ਦਰਿਆਵਾਂ ਬਾਰੇ ਕੌਮਾਂਤਰੀ ਕਾਨੂੰਨ ਨੂੰ ਉਲੰਘ ਕੇ, ਅੰਤਰ-ਰਾਜੀ ਜੋਨ ਕਾਹਦੇ ਲਈ ਬਣਾਉਣ ਦੇ ਸੰਕੇਤ ਤੇ ਖਰੜੇ ਤਿਆਰ ਕੀਤੇ ਜਾ ਰਹੇ ਹਨ। ਸਾਰੀ ਦੁਨੀਆਂ ਉਤੇ ਲਾਗੂ ਕਾਨੂੰਨ ਰਾਹੀਂ ਹਰਿਆਣੇ ਤੇ ਰਾਜਸਥਾਨ ਪਾਣੀ ਦੇ ਹੱਕਦਾਰ ਨਹੀਂ ਬਣਦੇ। ਏਸੇ ਕੌਮਾਂਤਰੀ ਕਾਨੂੰਨ ਦੀ ਰੂਹ ਨਾਲ ਸੁਪਰੀਮ ਕੋਰਟ ਨਿਰਬਦਾ ਨਦੀ ਦੇ ਪਾਣੀ ਤੋਂ ਰਾਜਸਥਾਨ ਨੂੰ ਵਾਂਝਿਆ ਕਰ ਚੁੱਕਾ ਹੈ। ਫਿਰ ਪੰਜਾਬ ਦੇ ਦਰਿਆਵਾਂ ਬਾਰੇ ਨਵੇਂ ਕਮਿਸ਼ਨ ਕਿਉਂ ਬਣਾਏ ਜਾ ਰਹੇ ਹਨ ? ਸੁਪਰੀਮ ਕੋਰਟ ਦਾ ਹੋ ਚੁੱਕਾ ਫੈਸਲਾ ਕਾਫੀ ਨਹੀਂ ? ਨਵੇਂ ਕਾਨੂੰਨ ਅਗੇ ਲਿਆ ਕੇ ਹਰਿਆਣੇ ਤੇ ਰਾਜਸਥਾਨ ਦੀ ਪੱਜ਼ੀਸ਼ਨ ਮਜ਼ਬੂਤ ਕੀਤੀ ਜਾ ਰਹੀ ਹੈ। ਪ੍ਰਚਲਤ ਕਾਨੂੰਨਾਂ, ਨੇਮਾਂ ਅਤੇ ਅਸੂਲਾਂ ਨੂੰ ਮਿੱਟੀ ਵਿਚ ਮਿਲਾ ਕੇ ਤੁਸੀਂ ਉਹਨਾਂ ਦੀ ਨੰਗੀ-ਚਿੱਟੀ ਮੱਦਦ ਤੇ ਆ ਗਏ ਹੋ। ਕਿਉਂਕਿ ਉਹ ਹਿੰਦੂ ਹੈ ਤੇ ਕਾਂਗਰਸੀ। ਸਾਡਾ ਦੋਸ਼ ਇਹ ਹੈ, ਸਿੱਖ ਹਾਂ ਤੇ ਕਾਂਗਰਸੀ ਨਹੀਂ। ਪੰਜਾਬ ਦੇ ਸਿੱਖ ਕਾਂਗਰਸੀਆਂ ਨੂੰ, ਤੁਸਾਂ ਪੰਜਾਬ ਦੇ ਹਿੱਤਾਂ ਦੇ ਵਿਰੁੱਧ, ਭੇਣੀ ਦੇ ਗੜਵੇ ਵਾਂਗ ਖੂਬ ਮਾਂਝਿਆ ਹੈ। ਤੇ ਇਹ ਗੱਲ ਪੰਜਾਬ ਦਾ ਹੁਣ ਬੱਚਾ ਬੱਚਾ ਜਾਣਦਾ ਹੈ। ਪਹਿਲੀਆਂ ਸਰਕਾਰਾਂ ਨੂੰ ਪਾਣੀ ਬਾਰੇ ਨਵੇਂ ਕਾਨੂੰਨ ਬਣਾਉਣ ਦਾ ਖਿਆਲ ਕਿਉਂ ਨਹੀਂ ਆਇਆ ? ਓਦੋਂ ਪਾਣੀ ਦਾ ਝਗੜਾ ਐਨਾ ਨਹੀਂ ਸੀ ਵਧਿਆ। ਨਾਲੇ ਸੈਂਟਰ ਨੇ ਜੋ ਹੁਕਮ ਲਿਖਿਆ, ਕਾਂਗਰਸੀ ਸਰਕਾਰ ਬਿਨਾ ਪੜ੍ਹੇ ਅੰਗੂਠਾ ਰੱਖ ਦੇਂਦੀ ਸੀ। ਸੈਂਟਰ ਦੀ ਦਿਆਨਤਦਾਰੀ, ਪੰਜਾਬੀ ਸੂਬਾ ਬਣਾਇਆ ਕੌਡੀਓਂ ਖੋਟਾ ਕਰਕੇ। ਹੁਣ ਇਹ ਸੂਬੀ ਆਰਥਿਕ ਪੱਖੋਂ ਵੀ ਰੜਕਦੀ ਹੈ। ਲੌਂਗੋਵਾਲ ਸਮਝੌਤੇ ਦੀ ਵਜਾਹ ਵਜਾਹ ਨਾਲ ਜਾਨ ਕੱਢੀ ਜਾ ਰਹੀ ਹੈ। ਸਮਝੌਤੇ ਵਿਚ ਪਾਣੀ ਬਾਰੇ ਜ਼ੋਨਲ ਕਾਨੂੰਨ ਬਣਾਉਣ ਦਾ ਕਿਧਰੇ ਵੇਰਵਾ ਨਹੀਂ। ਫਿਰ ਪੰਜਾਬ ਲਈ ਨਵੀਂ ਕੰਬਖਤੀ ਕਿਉਂ ? ਤੁਸੀਂ ਪੰਜਾਬ ਦੀ ਕੁਦਰਤੀ ਦੌਲਤ ਪਾਣੀ, ਧੱਕੇ ਨਾਲ ਖੋਹ ਕੇ ਹਰਿਆਣੇ ਤੇ ਰਾਜਸਥਾਨ ਨੂੰ ਦੇਣ ਦੀਆਂ ਵਿਉਂਤਾਂ ਬਣਾ ਰਹੇ ਹੋ। ਰਾਜੀਵ ਜੀ, ਤਾਕਤ ਤੁਹਾਡੇ ਹੱਥ ਹੈ; ਜਿਸ ਨੂੰ ਚਾਹੋ ਡੋਬੋ, ਜਿਸ ਤੇ ਦਿਲ ਆਵੇ, ਉਸ ਨੂੰ ਤਾਰੋ। ਪਰ ਸਾਰੀ ਦੁਨੀਆਂ ਦੇ ਮੁਲਕਾਂ ਦੀ ਅੱਖ ਤੁਹਾਡਾ ਤਮਾਸ਼ਾ ਵੇਖ ਰਹੀ ਹੈ।

ਇਕ ਅੰਦਰੂਨੀ ਖੁਦਮੁਖਤਾਰੀ ਬਿਨਾਂ ਸਾਨੂੰ ਕੁਝ ਨਹੀਂ ਚਾਹੀਦਾ। ਪਾਣੀ ਦਾ ਹੱਕ ਤੇ ਮਾਲਕੀ ਅਸੀਂ ਮਰਦੇ ਦਮ ਤੱਕ ਨਹੀਂ ਛੱਡਾਂਗੇ। ਕੌਮਾਂਤਰੀ ਕਾਨੂੰਨ

ਤੇ ਦੁਨੀਆਂ ਭਰ ਦੀ ਲੋਕ ਰਾਏ ਸਾਡੀ ਪਿੱਠ ਤੇ ਅ । ਦਰਿਆ ਉਸ ਦੇ, ਜਿਸ ਦੀ ਹੱਦ ਵਿਚੋਂ ਲੰਘਦੇ ਹਨ । ਅਬੋਹਰ ਫਾਜ਼ਲਕਾ ਵਿਚੋਂ ਦੀ ਸਤਲੁਜ ਦੇ ਮੰਡ ਨਾਲ ਹਰਿਆਣੇ ਦੀ ਹੱਦ ਨੂੰ ਲਾਉਣ ਵਾਲੀ ਚਾਲ, ਅਸੀਂ ਚਰੋਕਣੀ ਸਮਝ ਚੁਕੇ ਆਂ । ਜ਼ਬਾਨ ਦੇ ਰੇੜਕੇ ਬਾਰੇ ਸਾਨੂੰ ਕਿਸੇ ਕਮਿਸ਼ਨ ਤੇ ਭਰੋਸਾ ਨਹੀਂ, ਤੁਹਾਡੇ ਉਤੇ ਵੀ ਨਹੀਂ । ਸੱਚ ਪਰਖਣਾ ਹੈ ਤਾਂ ਗੈਰ ਮੁਲਕੀ ਭਾਸ਼ਾ ਵਿਗਿਆਨੀਆਂ ਦਾ ਕਮਿਸ਼ਨ ਬਣਾ ਕੇ ਨਿਤਾਰਾ ਕਰ ਲਓ । ਪਤਾ ਲਗ ਜਾਵੇਗਾ, ਗੰਗਾ ਕਿਸ ਰੁਖ ਵਗਦੀ ਹੈ । ਝੂਠ ਦੇ ਪੈਰ ਨਹੀਂ ਹੁੰਦੇ ਤੇ ਤੁਸੀਂ ਅਜਿਹਾ ਕਦੇ ਨਹੀਂ ਕਰੋਗੇ । ਅਸੀਂ ਰਾਤ ਦਿਨ ਹਲ ਵਾਹਿਆ । ਹਾੜਾਂ ਦੀਆਂ ਲੋਆਂ ਨੇ ਪਿੰਡੇ ਸਾੜੇ ਅਤੇ ਕਾਲੇ ਕੀਤੇ । ਮਾਘ ਦੀਆਂ ਰਾਤਾਂ ਲਹੂ ਜਮਾਏ । ਜਿਣਸ ਆਈ ਤਾਂ ਮੰਡੀ ਜਾ ਢੇਰੀ ਕੀਤੀ । ਘਰ ਆ ਕੇ ਮਿਡਲ 'ਚ ਪੜ੍ਹਦੇ ਮੁੰਡੇ ਤੋਂ ਹਿਸਾਬ ਕਰਵਾਇਆ । ਮੋਟੇ ਜੋੜ ਨਾਲ ਹੀ ਪੰਦਰਾਂ ਸੌ ਘੱਟ ਗਿਆ । ਇਹ ਪੰਜਾਬ ਦੇ ਇਕ ਕਿਸਾਨ ਘਰ ਦੀ ਵਿੱਥਿਆ ਹੈ । ਬਾਕੀਆਂ ਦਾ ਅਨੁਮਾਨ ਤੁਸੀਂ ਲਾ ਲਵੋ । ਜਦ ਕਿਸਾਨ ਅਸਲੋਂ ਗਹਿਣੇ ਬੈ ਹੋ ਗਿਆ; ਉਹਦਾ ਮੁੰਡਾ ਹੱਥਾਂ ਨੂੰ ਥੁੱਕ ਲਾ ਕੇ ਗੰਡਾਸਾ ਚੁੱਕੇਗਾ । ਕਿਉਂਕਿ ਹੀਣੇ ਪੈ ਕੇ ਪੰਜਾਬੀਆਂ ਕਦੇ ਮੰਗਿਆ ਨਹੀਂ । ਬਿਨਾ ਐਬ ਤੇ ਵੈਲ, ਦਸਾਂ ਨਹੁੰਆਂ ਦੀ ਕਮਾਈ ਕੀਹਦੇ ਢਿਡ ਪੈ ਗਈ ? ਸਰਮਾਏਦਾਰੀ ਦੇ ਢਿਡ ਦੁਆਲੇ ਫੀਤੇ ਆਉਣੋਂ ਰਹਿ ਗਏ—ਬੈਂਕਾਂ ਅਫਰ ਗਈਆਂ । ਕਿਸੇ ਜੋੜ ਜੋੜਿਆ ? ਯਾਰਾਂ ਦੇ ਹਿਸਾਬ ਕੌਣ ਵੇਖਦਾ ਹੈ । ਪਰ ਰੜੇ ਨੰਗ ਖਲੋਤਾ, ਬਿਨਾ ਡਾਲਾਂ, ਮੁੱਛ ਦਾ ਮੁੱਛ, ਕਿਸਾਨ, ਤੁਹਾਡੇ ਆਰਥਿਕ ਮਾਹਰਾਂ ਨੂੰ ਕਿਉਂ ਨਹੀਂ ਦਿਸਦਾ ? ਡਾਕਟਰ ਆਖਦੇ ਐ, ਜੇ ਸਰੀਰ ਵਿਚੋਂ ਪਾਣੀ ਮੁੱਕ ਜਾਵੇ, ਲਾਸ਼ ਸੁਹਾਗਾ ਬਣ ਜਾਂਦੀ ਹੈ । ਹੁਣ ਜੇ ਪੰਜਾਬ ਦਾ ਪਾਣੀ ਗਵਾਂਢੀ ਰਾਜਾਂ ਹੜਪ ਲਿਆ, ਇਹਦਾ ਕੀ ਹਾਲ ਹੋਵੇਗਾ ? ਤੁਸੀਂ ਇਹਨੂੰ ਬਾੜਮੇਰ ਬਣਾਉਣਾ ਚਾਹੁੰਦੇ ਓ ? ਏਹੋ ਹਾਲ ਪੋਲੀਟੀਕਲ ਆਜ਼ਾਦੀ ਹਾਸਲ ਕਰਨ ਪਿੱਛੋਂ ਪੰਜਾਬ ਦਾ ਹੋਇਆ ਸੀ । ਫਾਂਸੀਆਂ ਤੇ ਕਾਲੇ ਪਾਣੀ ਦੇ ਬੂਥੇ ਪੰਜਾਬ । ਹੁਣ ਇਸ ਦੀ ਹਸਤੀ ਵੀ ਖੋਰੀ ਜਾ ਰਹੀ ਹੈ । ਸ਼ਾਇਦ ਹਾਲੇ ਵੀ ਤੁਹਾਡਾ ਪੰਜਾਬ ਵਲ ਲੈਣਾ ਨਿਕਲਦਾ ਹੋਵੇ । ਦੇਣੇ ਉਤੇ ਸਿਆਹੀ ਡੁਲ੍ਹ ਚੁੱਕੀ ਹੈ । ਹੁਣ ਪੰਜਾਬ ਵੀ ਵਿਟਰ ਬੈਠਾ ਹੈ, ਝੂਠੀ ਵਹੀ ਦੇ ਝੂਠੇ ਨਾਵਿਆਂ ਤੋਂ । ਦੇਸ਼ ਦਾ ਕਾਮਾ ਵਿਟਰ ਬੈਠੇ, ਰੁਸ ਜਾਵੇ, ਦੇਸ਼ ਦੀ ਆਰਥਿਕਤਾ ਨੂੰ ਸੋਕਾ ਮਾਰ ਜਾਂਦਾ ਹੈ । ਸਾਰੀਆਂ ਪਲਾਨਾਂ ਬਾਵਜੂਦ ਬਦੇਸੀ ਕਰਜ਼ਿਆਂ ਦੇ, ਥਾਏਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ ।

ਕਰਜ਼ਿਆਂ ਦਾ ਵਿਆਜ ਮੁੜਨਾ ਔਖਾ ਹੋ ਜਾਂਦਾ ਹੈ। ਇਸ ਵਾਰ ਫਿਰ 63 ਲੱਖ ਟਨ ਕਣਕ ਪੰਜਾਬ ਦੀ ਸੂਬੀ ਨੇ ਵਿਸ਼ਾਲ ਭਾਰਤ ਦੀ ਝੋਲੀ ਪਾਈ ਹੈ। ਜਿਹੜਾ ਸੈਂਟਰ ਦੇ ਧੱਕਿਆ ਨਾਲ ਨਪੀੜਿਆ ਜਾ ਰਿਹਾ ਹੈ। ਇਸ ਰੀਕਾਰਡ ਨੂੰ ਦੁਨੀਆਂ ਤਾਂ ਜਾਣਦੀ ਹੈ, ਪਰ ਤਾਕਤ ਦੇ ਨਸ਼ੇ ਵਿਚ ਮਦਹੋਸ਼ ਸਰਕਾਰ ਨਹੀਂ ਸਮਝਦੀ। ਆਕੀ ਹੋਇਆ ਕਿਸਾਨ ਆਪਣਾ ਹੱਕ ਮੰਗਦਾ ਹੈ। ਤੁਸਾਂ ਦੇਣਾ ਨਹੀਂ ਤੇ ਉਸ ਰਾਜੀ ਹੋਣਾ ਨਹੀਂ ਗਲ ਮੁੜ ਘਲੂਘਾਰੇ ਤੇ ਆ ਖਲੋਵੇਗੀ। ਮੈਂ ਦੇਸ਼ ਦੇ ਸਿਆਣਿਆਂ ਨੂੰ ਚੇਤਾਵਣੀ ਨਾਲ ਸੰਬੋਧ ਹਾਂ। ਆਰਥਿਕਤਾ ਦੀ ਰੀੜ੍ਹ ਤੋੜਨ ਵਾਲੇ ਦੇਸ਼ ਦੇ ਦੁਸ਼ਮਣ ਤੇ ਗਦਾਰ ਹਨ। ਭਾਵੇਂ ਉਹ ਕਿੰਨੇ ਵੱਡੇ ਅਹੁਦਿਆਂ ਉਤੇ ਬਰਾਜਮਾਨ ਹਨ। ਉਹਨਾਂ ਨੂੰ ਕੁਝ ਮਤ ਦਿਓ—ਤਬਾਹੀ ਨੂੰ ਰੋਕੋ। ਮੇਲੇ 'ਚ ਚੱਕੀਰਾਹੇ ਦੀ ਕੋਈ ਸੁਣੇਗਾ ?

ਰਾਜੀਵ ਜੀ ! ਤੁਹਾਡੇ ਕੀਤੇ ਸਮਝੌਤੇ ਨਾਲ ਨਬੇੜਾ ਕੋਈ ਨਹੀਂ ਹੋਇਆ; ਸਗੋਂ ਪੁਆੜੇ ਹੋਰ ਵੱਧ ਗਏ ਹਨ। ਦਰਿਆਵਾਂ ਦੇ ਪਾਣੀ ਬਾਰੇ ਨਵੇਂ ਬਣਾਏ ਜਾ ਰਹੇ ਜ਼ੋਨਲ ਕਾਨੂੰਨ ਰਾਹੀਂ ਦਿੱਤਾ ਫੈਸਲਾ, ਅਸੀਂ ਕਿਵੇਂ ਵੀ ਮਨਜ਼ੂਰ ਨਹੀਂ ਕਰਾਂਗੇ। ਕੌਮਾਂਤਰੀ ਕਾਨੂੰਨ ਦੀ ਥਾਂ ਲਿਆਂਦਾ ਜਾ ਰਿਹਾ ਨਵਾਂ ਕਾਨੂੰਨ ਵੀ ਰੱਦ। ਜਿਹੜਾ ਕਾਨੂੰਨ ਤੇ ਫੈਸਲਾ ਸਾਡੇ ਹਿੱਤਾਂ ਉਤੇ ਡਾਕਾ ਮਾਰਦਾ ਹੈ—ਆਰਥਿਕ ਸ਼ਾਹ ਰਗ ਨੂੰ ਵੱਢਦਾ ਹੈ; ਅਸੀਂ ਉਸ ਦੀ ਹਾਮੀ ਕਿਵੇਂ ਭਰ ਸਕਦੇ ਆਂ। ਜੇ ਗੱਲ ਕੁਦਰਤੀ ਸੱਚ ਅਤੇ ਦਲੀਲ ਦੀ ਥਾਂ ਤਾਕਤ ਨੇ ਲੈ ਲੈਣੀ ਹੈ; ਫਿਰ ਸਮਝੌਤਿਆਂ ਤੇ ਕਮਿਸ਼ਨਾਂ ਦੇ ਢੋਂਗ ਦੀ ਕੀ ਲੋੜ ਐ। ਤੁਸੀਂ ਤਾਕਤ ਦਾ ਰੋਲਰ ਚਲਾਓ; ਸਾਡੇ ਇਰਾਦੇ ਚਟਾਨ ਹੋਏ ਤਾਂ ਰੋਲਰ ਉਲਟ ਦਿਆਂਗੇ; ਨਹੀਂ ਤੁਸੀਂ ਸਾਨੂੰ ਕੁਚਲ ਕੇ ਲੰਘ ਜਾਇਓ। ਅਗੇ ਅਕਾਲ ਤਖਤ ਢਾਹ ਹੀ ਚੁੱਕੇ ਹੋ। ਪਹਿਲਾਂ ਦਰਖਤ (ਸਮਝੌਤਾ) ਲਾਉਣਾ, ਫਿਰ ਆਪ ਹੀ ਉਹਦੀਆਂ ਜੜ੍ਹਾਂ ਵੱਢਣਾ, ਕੇਵਲ ਤੁਹਾਡੀ ਹਿੰਦ ਡੰਡਾਵਲੀ ਵਿਚ ਹੀ ਲਿਖਿਆ ਹੋ ਸਕਦਾ ਹੈ। ਜਿਹਨਾਂ ਦੇ ਆਖੇ ਵੇਖੋ ਅੱਜ ਸਮਝੌਤੇ ਦੀਆਂ ਮੱਦਾਂ ਮਰੋੜ ਰਹੇ ਹੋ; ਉਹਨਾਂ ਦੀ ਪਹਿਲੋਂ ਹੀ ਸਲਾਹ ਲੈ ਲੈਣੀ ਸੀ। ਦਰਿਆ ਪੰਜਾਬ ਦੀ ਧੜਕਦੀ ਜਿੰਦ ਜਾਨ ਦੇ ਪ੍ਰਤੀਕ ਹਨ। ਇਹਨਾਂ ਬਿਨਾਂ ਪੰਜਾਬ ਬੰਜਰ, ਰੇਗਸਤਾਨ। ਤੁਹਾਡੇ ਖਿਆਲ ਵਿਚ ਸਾਨੂੰ ਇਸ ਜ਼ਿੰਦਗੀ ਮੌਤ ਦੇ ਇਸ਼ੂ ਉਤੇ ਸਿਰ ਧੜ ਦੀ ਨਹੀਂ ਲਾ ਦੇਣੀ ਚਾਹੀਦੀ ? ਸਾਡੀ ਸੋਚ ਅੱਜ ਵੀ ਸਾਰਥਿਕ ਹੈ। ਅਸੀਂ ਦੇਸ਼ ਦੀ ਏਕਤਾ ਤੇ ਖੁਸ਼ਹਾਲੀ ਲਈ ਹਾਲੇ ਵੀ ਸਭ ਤੋਂ

ਅਗੇ ਆਂ। ਸਾਨੂੰ ਦਸੋ, ਸਾਡੇ ਨਾਲੋਂ ਵੱਧ ਭਾਰਤ ਨੂੰ ਕੌਣ ਉਸਾਰ ਰਿਹਾ ਹੈ, ਹੋਰ
ਪ੍ਰੀਖਿਆ ਪਾ ਕੇ ਵੇਖ ਲਵੋ। ਪਰ ਰਬ ਦੇ ਵਾਸਤੇ, ਸਾਨੂੰ ਵੱਖ ਹੋਣ ਦੇ ਰਾਹ ਨਾ
ਪਾਓ। ਜਿਵੇਂ ਤੁਹਾਡਾ ਕੌਮੀ ਪ੍ਰੈਸ ਤੇ ਕਾਂਗਰਸੀ ਲੀਡਰ ਸਾਡੇ ਨਾਲ ਖਿਲਵਾੜ ਕਰ
ਰਹੇ ਹਨ। ਅਸੀਂ ਵਜ ਗੱਜ ਕੇ ਆਖਦੇ ਆਂ, ਤੁਹਾਡੀ ਸਰਕਾਰ ਦਾ ਰਵੱਈਆ,
ਘੱਟਗਿਣਤੀਆਂ ਪ੍ਰਤੀ ਫਿਰਕੂ ਹੈ। ਤੁਸੀਂ ਲੋਕਾਂ ਦਾ ਧਿਆਨ ਫੇਰਨ ਲਈ ਹੀ
ਘੱਟਗਿਣਤੀਆਂ ਨੂੰ 'ਫਿਰਕੂ ਫਿਰਕੂ' ਦੀ ਪਹਿਲਾਂ ਦੋਹਾਈ ਦੇਣੀ ਸ਼ੁਰੂ ਕਰ ਦਿੱਤੀ।
ਆਪਣਾ ਦੋਸ਼ ਕਿਸੇ ਹੋਰ ਦੇ ਸਿਰ ਥਪ ਦੇਣ ਨੂੰ ਹੀ ਰਾਜਨੀਤੀ ਆਖਦੇ ਐ। ਮੇਰਾ
ਖਿਆਲ ਹੈ, ਤੁਸਾਂ ਆਪਣੇ ਪੁਰਖਿਆਂ ਦੇ ਵਚਨ ਕਿਤੇ ਜ਼ਰੂਰ ਪੜ੍ਹੇ ਹੋਣਗੇ;
"ਵਧੀਕੀਆਂ ਨੂੰ ਆਖਰ ਦੇਣਾ ਪੈਂਦਾ ਹੈ।"

ਤੁਹਾਡੀਆਂ ਕਿੰਨੇ ਪੀਹੜੀਆਂ ਗੱਲ ਬਾਤੀ ਢੰਗ ਨਾਲ ਉਲਝੀਆਂ
ਸਮੱਸਿਆਵਾਂ ਹੱਲ ਕਰਨ ਦੀਆਂ ਹਾਮੀ ਰਹੀਆਂ ਹਨ। ਇਹ ਸਿਧਾਂਤ ਤੁਸੀਂ
ਬਾਹਰਲੇ ਮੁਲਕਾਂ ਨੂੰ ਵੀ ਸਪਲਾਈ ਕਰਦੇ ਹੋ, ਪਰ ਆਪਣੇ ਦੇਸ਼ ਵਿਚ ਖਾਸ ਤੌਰ ਤੇ
ਪੰਜਾਬ ਵਿਚ ਉਲਟੀ ਗੰਗਾ, ਤਾਕਤ ਦਾ ਵਖਾਲਾ ਕਿਉਂ? ਜਾਂ ਇਹ ਰਾਜਨੀਤੀ
ਹੈ, ਜਿਵੇਂ ਦੁਸ਼ਮਣ ਸੂਤ ਆਉਂਦਾ ਹੈ, ਕੁੜੱਕੀ ਵਿਚ ਫਸਾ ਲਓ? ਇਹ ਸੱਚ
ਐ, ਤੁਸਾਂ ਛਲਾਂ ਨਾਲ ਸਾਡੀ ਲੀਡਰ ਸ਼ਿਪ ਨੂੰ ਕੁੜੱਕੀ ਵਿਚ ਫਸਾ ਲਿਆ
ਹੈ। ਲੀਡਰਾਂ ਨੂੰ ਝਾਟਮ ਝੀਟੇ ਕਰਾ ਛੱਡਿਆ ਹੈ। ਤੁਸੀਂ ਆਖੋਗੇ, ਇਸ
ਵਿਚ ਸਾਡਾ ਕੀ ਕਸੂਰ? ਜ਼ਬਾਨੀ ਤੁਸੀਂ ਲੱਖ ਸੱਚੇ ਰਹੋ, ਪਰ ਇਹ ਸੱਚ ਧੋਤਾ
ਨਹੀਂ ਜਾ ਸਕਦਾ। ਹਰ ਲੀਡਰ ਦੀ ਕੀਮਤ ਹੁੰਦੀ ਐ, ਜ਼ਰ, ਜਨਾਨੀ, ਆਹੁਦਾ,
ਗੱਦੀ, ਮਾਣ, ਆਦਿ। ਤੇ ਤੁਸੀਂ ਇਹ ਕੀਮਤ ਤਾਰਨ ਵਿਚ ਸਮਰਥ ਹੋ। ਇਹ
ਵੀ ਸੱਚ ਐ, ਸਾਡੇ ਲੀਡਰ ਦੁਧ ਧੋਤੇ ਨਹੀਂ। ਕਮਜ਼ੋਰੀ ਦੇ ਅਪਰਾਧੀ ਹਨ।
ਪਰ ਜਦੋਂ ਕਿਸੇ ਨੂੰ ਵਰਾਨ ਕਰਨਾ ਹੋਵੇ, ਕਮਜ਼ੋਰੀਆਂ ਨੂੰ ਪੱਠੇ ਪਾ ਦੇਈਦੇ ਹਨ।
ਤੁਸੀਂ ਇਸ ਕਰਤਵ ਤੋਂ ਬਰੀ ਨਹੀਂ ਹੋ ਸਕਦੇ। ਗਲਬਾਤੀ ਢੰਗ ਨੂੰ ਤਾਰਪੇਡੂ
ਕਰਨ ਵਾਲੇ ਕੁਟਲ ਚਾਲਕ ਤੁਹਾਡੇ ਕੋਲ ਬਹੁਤ ਹਨ। ਤੇ ਉਹਨਾਂ ਸ਼ਾਤਰਾਂ ਨੇ ਹੀ
ਰਾਜੀਵ ਲੌਂਗੋਵਾਲ ਸਮਝੌਤਾ ਖੱਸੀ ਕਰਕੇ ਰਖ ਦਿੱਤਾ। ਇਹ ਹੈ, ਤੁਹਾਡਾ
ਗਲਬਾਤੀ ਢੰਗ ਜਿਸ ਕਿੰਨੇ ਹੀ ਹੋਰ ਬਖੇੜੇ ਖੜੇ ਕਰ ਦਿੱਤੇ। ਮੈਂ ਤੁਹਾਨੂੰ ਪੁੱਛਦਾ
ਆਂ, ਇਸ ਸਮਝੌਤੇ ਨੇ ਪੰਜਾਬ ਨੂੰ ਹੁਣ ਤਕ ਦਿੱਤਾ ਕੀ ਹੈ?, ਪਹਿਲਾਂ ਤਾਂ ਲਾਰਾ
ਲੱਪਾ ਸੀ, ਹੁਣ ਉਸ ਦੀ ਵੀ ਸਮਾਪਤੀ ਹੀ ਸਮਝੋ। ਸਾਡੇ ਕੈਦੀ ਜੇਲ੍ਹਾਂ ਵਿਚ

ਤਸੀਹੇ ਝੱਲ ਰਹੇ ਹਨ। ਰਬ ਨਾ ਕਰੇ, ਜੇ ਅਜਿਹੀ ਬਿਪਤਾ ਤੁਹਾਡੇ ਸਾਰਿਆਂ ਨਾਲ ਵਾਪਰ ਗਈ ? ਪ੍ਰਤਿਕਰਮ ਇਉਂ ਸੋਚ ਸਕਦਾ ਹੈ—ਸੱਚ ਨਸ਼ੰਗ ਨਾ ਹੋਵੇ, ਹੁਣ ਤੁਸੀਂ ਆਪਣੀ ਨਿਰਣਾ ਕਰਕੇ ਦੱਸੋ ਤੁਹਾਡੇ ਕਿਹੜੇ ਬੋਲਾਂ ਤੇ ਇਤਬਾਰ ਕੀਤਾ ਜਾਵੇ ?

ਦਿੱਲੀ ਤੇ ਬਾਕੀ ਹਿੰਦੋਸਤਾਨ ਵਿਚ ਸਿਖਾਂ ਦੀ ਹੋਈ ਕਤਲਾਮ ਸਾਨੂੰ ਸਜਰੇ ਜ਼ਖਮਾਂ ਵਾਂਗ ਯਾਦ ਹੈ, ਉਸ ਬਾਰੇ ਸਮਝੌਤੇ ਵਿਚ ਇਕ ਮੱਦ ਸੀ, ਤੁਸਾਂ ਨਿਆਂ ਲਈ ਇਕ ਕਮਿਸ਼ਨ ਵੀ ਥਾਪਿਆ ਸੀ। ਫਸਾਦੀਆਂ, ਕਾਤਲ ਤੇ ਮੁਖ ਦੋਸ਼ੀਆਂ ਨੂੰ ਫੜਿਆ ਜਾਵੇਗਾ ਸਜ਼ਾ ਦਿੱਤੀ ਜਾਵੇਗੀ। ਕੋਈ ਰੀਪੋਰਟ ? ਕੋਈ ਗਿਰਫਤਾਰੀ ? ਕੋਈ ਸਜ਼ਾ ? ਕੋਈਂ ਨਹੀਂ। ਆਂਹਦੇ ਦਿੱਲੀ ਕਤਲਾਮ ਦੇ ਮੋਢੀ ਕਾਂਗਰਸੀ ਸੀ, ਤੁਹਾਡੇ ਯਾਰ ਬਾਸ਼। ਉਹਨਾਂ ਵਰੁਧ ਤੁਸਾਂ ਸਿਖਾਂ ਦੀਆਂ ਅੱਖਾਂ ਪੂੰਝਣ ਲਈ ਵੀ ਐਕਸ਼ਨ ਨਹੀਂ ਲਿਆ। ਇਹਦਾ ਮਤਲਬ ਸਾਫ ਐ, ਮਾਰੇ ਜਾਣ ਵਾਲਿਆਂ ਨਾਲ ਤੁਹਾਡੀ ਕੋਈ ਹਮਦਰਦ ਨਹੀਂ ਸੀ। ਤੇ ਕਾਂਗਰਸ ਵਿਚ ਇਕ ਵੱਡਾ ਧੜਾ ਸੜਾਂਦ ਮਾਰਦੀ ਫਿਰਕਾਪ੍ਰਸਤੀ ਦਾ ਸ਼ਿਕਾਰ ਐ। ਕਾਂਗਰਸ ਦੀ ਯੂਥ ਲੋੜ ਵੇਲੇ ਗੁੰਡਿਆਂ ਤੇ ਜਲਾਦਾਂ ਦਾ ਵੀ ਕੰਮ ਕਰਦੀ ਹੈ, ਕਲੀਨ ਸਾਹਿਬ ਹਕੂਮਤੀ ਪਾਰਟੀ ਕਿਧਰ ਨੂੰ ? ਰਾਜਧਾਨੀ, ਜਿਥੇ ਸੈਂਕੜੇ ਹਕੂਮਤਾਂ ਦੇ ਸਫੀਰਾਂ ਲਹੂ ਦੇ ਲੱਗੇ ਛੱਪੜ ਵੇਖੇ ਤੁਹਾਡੀ ਸਰਕਾਰ ਦਾ ਕਿੰਨਾ ਕੁ ਸਤਿਕਾਰ ਕਰਦੇ ਹੋਣਗੇ, ਜਿਹਨਾਂ ਨੂੰ ਹਰਮੰਦਰ ਸਾਹਿਬ ਦੀ ਦੁਰਦਸ਼ਾ ਦਾ ਵੀ ਪਤਾ ਸੀ। ਸ਼ਾਇਦ ਉਹ ਲਹੂ ਇਨਸਾਨਾਂ ਦਾ ਲਹੂ ਨਹੀਂ ਸੀ। ਭਾਰਤ ਦੇ ਖ਼ੂਬ ਸੂਰਤ ਪ੍ਰਾਈਮ ਮਨਿਸਟ ਸਾਹਿਬ, ਨਿਆਂ ਦੀ ਕੁਦਰਤੀ ਵਹੀ ਵੇਖਿਆਂ, ਤੁਹਾਡੇ ਵਲ ਦੇਣੇ ਨਾਲੋਂ ਲੈਣਾ ਕਿਤੇ ਵਧ ਨਿਕਲਦਾ ਹੈ। ਉਂਜ ਤਾਕਤ ਦੇ ਜ਼ੋਰ ਤੁਸੀਂ ਮੁਨਕਰ ਹੋਣਾ ਹੈ, ਤੁਹਾਡੀ ਮਰਜੀ, ਜ਼ਮੀਰ ਨਾਂ ਦੀ ਚੀਜ਼ ਤੁਹਾਡੇ ਕੋਲ ਜ਼ਰੂਰ ਹੋਵੇਗੀ। ਕੰਮਾਂ ਧੰਦਿਆਂ ਤੋਂ ਵਿਹਲੇ ਹੋ ਕੇ ਸੌਣ ਸਮੇਂ ਉਹ ਬੋਲਦੀ ਹੋਵੇਗੀ ਲਾਹਨਤ ਵੀ ਪਾਉਂਦੀ ਹੋਵੇਗੀ। ਜਿਹਨਾਂ ਦੇ ਮਨ ਤੇ ਗੁਨਾਹਾਂ ਦਾ ਭਾਰ ਹੋਵੇ, ਉਹਨਾਂ ਨੂੰ ਆਂਹਦੇ ਚੈਨ ਦੀ ਨੀਂਦ ਨਹੀਂ ਆਉਂਦੀ। ਸੂਬਾ ਸਰਹੰਦ ਵਜ਼ੀਰ ਖਾਂ ਅਤੇ ਔਰੰਗਜੇਬ ਨੂੰ ਵੀ ਆਉਣੋਂ ਹਟ ਗਈ ਸੀ। ਮੇਰੇ ਨਾਲ ਤੁਸੀਂ ਇਸ ਗੱਲੋਂ ਸਹਿਮਤ ਹੋਵੋਗੇ, ਜ਼ਮੀਰ ਦਾ ਬੋਝ ਹਰ ਹਾਲਤ ਵਿਚ ਲਹਿਣਾ ਚਾਹੀਦਾ ਹੈ। ਫਿਰ ਸੁਹਾਗ ਮੰਗਦੀਆ ਵਿਧਵਾਵਾਂ, ਬਾਪ ਮੰਗਦੇ ਬੱਚਿਆਂ ਅਤੇ ਸਹਾਰਾ ਚਾਹੁੰਦੇ

ਬਿਰਧਾਂ ਨੂੰ ਨਿਆਂ, ਜਿੰਨੀ ਛੇਤੀ ਦੇ ਦਿਉਗੇ, ਉਨੀ ਛੇਤੀ ਹੀ ਹਰ ਤਰ੍ਹਾਂ ਦੇ ਭਾਰਾਂ ਗੁਨਾਹਾਂ ਤੋਂ ਸੁਰਖਰੂ ਹੋ ਜਾਵੋਗੇ। ਇਕ ਹੋਰ ਰਾਇ ਤੁਹਾਡੇ ਕੰਨ ਪਾਉਂਦਾ ਆਂ। ਤੁਸੀਂ ਸੱਚੇ ਦਿਲ ਨਾਲ ਪਸ਼ਚਾਤਾਪ ਲਈ ਦਰਬਾਰ ਸਾਹਿਬ ਚਲੇ ਜਾਓ। ਸਿਖ ਐਨੀ ਭੋਲੀ ਕੌਮੀ ਐ, ਸਭ ਕੁਝ ਹੀ ਭੁਲ ਜਾਵੇਗੀ, ਇਹ ਨਿਰੀ ਬਹਾਦਰ ਨਹੀਂ, ਜੇਰੇ ਵਾਲੀ ਵੀ ਐ ਇੰਤਹਾ ਜ਼ੁਲਮ ਸਹਿ ਵੀ ਸਕਦੀ ਹੈ ਤੇ ਦਰਿਆ ਦਿਲੀ ਨਾਲ ਮਾਫ ਵੀ ਕਰ ਸਕਦੀ ਹੈ, ਪਿਆਰ ਨਾਲ ਸਿਰ ਮੰਗੋ, ਹਾਜ਼ਰ। ਤੁਸੀਂ ਬੁਕਲ ਵਿਚ ਲੈ ਕੇ ਆਖੋ, ਮਧ-ਪ੍ਰਦੇਸ਼ ਦੀਆਂ ਪਹਾੜੀਆਂ ਪਧਰਾ ਕੇ ਖੇਤੀ ਜੋਗ ਬਣਾਉਣੀਆਂ ਹਨ, ਉਹਨਾਂ ਨਾਲ ਜਾ ਮੱਥਾ ਲਾਉਣਗੇ। ਪਰ ਇਹ ਸਹਿਣ ਵੀ ਤੇ ਮਾਰ ਵੀ ਖਾਣ ਇਹ ਇਹਨਾਂ ਦੇ ਸੁਭਾ ਵਿਚ ਨਹੀਂ। ਤੁਹਾਡੇ ਦਰਬਾਰ ਸਾਹਿਬ ਆ ਕੇ ਪਛਤਾਵਾ ਕਰਨ ਨਾਲ ਕੌਮ ਦੇ ਸੜਦੇ ਜ਼ਖਮਾਂ ਨੂੰ ਠਾਰੀ ਮਿਲੇਗੀ। ਤੁਸੀਂ ਆਖੋ : ਮੇਰਾ ਇਸ ਵਿਚ ਦੋਸ਼। ਨਹੀਂ, ਇਹ ਕਿਸੇ ਨਹੀਂ ਮੰਨਣੀ, ਨਾ ਹੀ ਇਹ ਕੋਈ ਦਲੀਲ ਹੈ ਸੁਰਖਰੂ ਹੋਣ ਲਈ, ਕਤਲਾਮ ਦੇ ਮੌਕੇ ਤੁਸੀਂ ਜ਼ੁੰਮੇਵਾਰ ਪ੍ਰਧਾਨ ਮੰਤਰੀ ਸੀ। ਪ੍ਰਧਾਨ ਮੰਤਰੀ ਨਾ ਹੁੰਦੇ, ਤੁਸੀਂ ਆਪਣੀ ਮਾਂ ਦੇ ਸਿਰਹਾਣੇ, ਅਫਸੋਸ ਵਿਚ ਨਸ਼ੰਗ ਤਿੰਨ ਸਾਲ ਡੁੱਬੇ ਰਹਿੰਦੇ, ਕਿਸੇ ਨੂੰ ਵੀ ਕੋਈ ਗਿਲਾ ਨਹੀਂ ਹੋਣਾ ਸੀ ; ਤੁਹਾਡੇ ਕੋਲ ਅਹਿਮ ਜ਼ੁੰਮੇਵਾਰੀ ਸੀ, ਜਿਹੜੇ ਸਮੇਂ ਸਿਰ ਹਰਕਤ ਵਿਚ ਨਹੀਂ ਆਈਂ। ਇਸ ਢਿਲ ਕਾਰਨ ਤੁਹਾਡੇ ਤੇ ਦੋਸ਼ ਆਂਉਂਦਾ ਹੈ। ਪਰ ਯਕੀਨ ਜਾਣੋ, ਸਿਖ ਇਨਾਂ ਸਾਰੇ ਗਿਲੇ ਸ਼ਿਕਵਿਆਂ ਨੂੰ ਖੂਹ ਖਾਤੇ ਪਾ ਦੇਣਗੇ। ਤੁਸੀਂ ਤਨੋ ਮਨੋ ਸਤਿਵਾਦੀ ਯੁਦਿਸ਼ਟਰ ਬਣਕੇ ਦਰਬਾਰ ਆ ਜਾਓ। ਅਸੀਂ ਤੁਹਾਡੇ ਨਾਲ ਈ ਨਹੀਂ. ਬਾਕੀ ਸਾਰੇ ਹਿੰਦੋਸਤਾਨ ਨਾਲ ਖੰਡ-ਖੀਰ ਹੋਇਆ ਚਾਹੁੰਦੇ ਆਂ। ਅਸਾਂ ਵੱਖਵਾਦ ਬਾਰੇ ਕਦੇ ਨਹੀਂ ਸੋਚਿਆ। ਇਹ ਤਾਂ ਤੁਹਾਡੀ ਸਰਕਾਰ, ਮੀਡੀਏ ਤੇ ਫਿਰਕੂ ਪ੍ਰੈਸ ਨੇ ਸਿਖਾਂ ਦੇ ਮੂੰਹ ਵਿਚ ਤੁੰਨਿਆ ਹੈ। ਪਰ ਕਤਲਾਮ ਤੇ ਬੇਇਨਸਾਫੀਆਂ ਦੀ ਤਲਾਫੀ ਜ਼ਰੂਰੀ ਹੈ। ਕਾਤਲ ਦਿੱਲੀ ਵਿਚ ਹਿੱਕਾਂ ਕਢੀ ਮੁੱਛਾਂ ਨੂੰ ਤਾਅ ਦਿੰਦੇ ਫਿਰਨ, ਭਾਰਤੀ ਵਿਧਾਨ ਦੀ ਹੱਤਕ ਨਹੀਂ ? ਸਾਡੀਆਂ ਬਾਹਾਂ ਖੁਲ੍ਹੀਆਂ ਹਨ, ਵਾਇਆ ਅਕਾਲ ਤਖਤ ਆ ਜਾਓ। ਸਾਡੇ ਤੁਹਾਡੇ ਪੁਰਖੇ ਆਖਦੇ ਸਨ, ਨੇਕ ਕੰਮ ਵਿਚ ਦੇਰ ਨਹੀਂ ਕਰਨੀ ਚਾਹੀਦੀ, ਹਜ਼ਾਰਾਂ ਵਿਧਵਾਵਾਂ, ਯਤੀਮ ਬੱਚਿਆਂ, ਬਿਰਧਾਂ ਦੀਆਂ ਟੁੱਟੀਆਂ ਲਾਠੀਆਂ ਤੇ ਅਰਬਾਂ ਰੁਪਏ ਦੇ ਮਾਲੀ ਨੁਕਸਾਨ ਤੋਂ ਬਿਨਾਂ, ਇਕ ਕੌਮ ਦੀ ਹੋਈ ਬੇਪਤੀ ਦੇ ਮੁਕਾਬਲੇ

ਤੁਹਾਡਾ ਪਸ਼ਚਾਤਾਪ ਤਾਂ ਕੁਝ ਵੀ ਨਹੀਂ । ਸੋਚੋ ਦਿਲੋਂ ਕੀਤਾ ਪਛਤਾਵਾ ਸਾਰਿਆਂ ਦੇ ਮਨਾਂ ਦੀ ਮੈਲ ਧੋਂਦਾ ਹੈ, ਵੱਟ ਬੰਨੇ ਪਧਰਾਉਂਦਾ ਹੈ । ਸਿੱਖਾਂ ਨੂੰ ਸਾਰਥਿਕ ਕੌਮੀਅਤ ਵਿਚ ਲਿਆਉਂਦਾ ਹੈ। ਪਿਆਰ ਦੇ ਛੱਲਾਂ ਮਾਰਦੇ ਸਾਗਰ ਵਿਚ ਬੜੀ ਕਰਾਮਾਤ ਹੁੰਦੀ ਹੈ । ਇਸ ਮਸਲੇ ਵਿਚ ਤੁਸੀਂ ਆਪਣੇ ਫਿਰਕੂ ਤੇ ਅਨਾੜੀ ਸਲਾਹਕਾਰਾਂ ਦੀ ਨਹੀਂ ਸੁਣੋਗੇ, ਜਿਹਨਾਂ ਇਹ ਟਕਰਾਓ ਵਾਲੇ ਸਿਆਪੇ ਖੜੇ ਕੀਤੇ ਹਨ। ਸਗੋਂ ਆਪਣੀ ਰਾਤ ਦਿਨੇ ਹਾਕਾਂ ਮਾਰਦੀ ਜ਼ਮੀਰ ਦੀ ਆਵਾਜ਼ ਪਛਾਣੋਗੇ । ਨੁਕਸਾਨ ਸਾਡਾ ਹੋਇਆ ਹੈ, ਤੁਹਾਡਾ ਨਹੀਂ । ਕਰਨ ਵਾਲੇ ਪਛਤਾਵਾ ਨਹੀਂ ਕਰਨਗੇ ਤਾਂ ਸਹਿਣ ਵਾਲੇ ਕਰਨਗੇ ? ਫਰਾਖ-ਦਿਲੀ ਦੀ ਇਤਿਹਾਸਕ ਮਿਸਾਲ ਵੇਖੋ : ਔਰੰਗਜ਼ੇਬ ਨੇ ਗੁਰੂ ਗੋਬਿੰਦ ਸਿੰਘ ਦੇ ਬੱਚੇ ਮਰਵਾਏ, ਉਸੇ ਖਾਨਦਾਨ ਦੇ ਬਹਾਦਰ ਸ਼ਾਹ ਨੇ ਤਖਤ ਹਾਸਲ ਕਰਨ ਲਈ ਉਸੇ ਗੁਰੂ ਤੋਂ ਮਦਦ ਮੰਗ ਲਈ । ਗੁਰੂ ਆਪਣੇ ਲਸ਼ਕਰ ਸਮੇਤ ਜਾ ਬਾਹੁੜੇ । ਦੋ ਹੀ ਰਾਹ ਹੁੰਦੇ ਹਨ ਅਗੇ ਵਧਣ ਲਈ ਸੁਲਾਹ ਜਾਂ ਟੱਕਰ । ਟੱਕਰ ਵਾਲਾ ਰਾਹ ਤੁਸਾਂ ਵੇਖ ਲਿਆ ਹੈ । ਹੋਰ ਤਜਰਬਾ ਕਰਨਾ ਹੈ, ਨਸ਼ੰਗ ਕਰ ਲਵੋ । ਪਰ ਕੋਈ ਤਖਤ ਜ਼ਾਲਮ ਨੂੰ ਬਰਦਾਸ਼ਤ ਨਹੀਂ ਕਰਦਾ । ਲੋਕ ਉਲਟ ਜਾਂਦੇ ਹਨ, ਉਠ ਖਲੋਂਦੇ ਹਨ । ਸਾਡੇ ਧਰਮ ਸ਼ਾਸ਼ਤਰਾ ਦੇ ਪਰਵਚਨ ਹਨ : ਜ਼ਾਲਮ ਦੀ ਹਮੇਸ਼ਾ ਹਾਰ ਹੁੰਦੀ ਹੈ ਤੇ ਮੂੰਹ ਦੀ ਖਾਂਦਾ ਹੈ । ਸੁਲਾਹ ਦਾ ਗਾਡੀ ਰਾਹ, ਹਮੇਸ਼ਾ ਉਸਾਰੀ ਤੇ ਖੁਸ਼ਹਾਲੀ ਦਾ ਰਾਹ ਰਿਹਾ ਹੈ । ਚੋਣ ਤੁਹਾਡੀ ਜ਼ਮੀਰ ਨੇ ਕਰਨੀ ਹੈ । ਕਿਸੇ ਵੀ ਦੇਸ਼ ਨੂੰ ਅਥਵਾ ਰਾਜ ਨੂੰ ਜਦੋਂ ਢਾਅ ਲਾਉਂਦੇ ਐ, ਅਨਾੜੀ ਲਾਉਂਦੇ ਐ । ਤੁਸੀਂ ਦੇਸ਼ ਅਤੇ ਲੋਕਾਂ ਦੇ ਹਿਤਾਂ ਦੀ ਖਾਤਰ ਇਹਨਾਂ ਨੂੰ ਕੱਟ ਕੇ ਤੁਰੋਗੇ । ਯਾਦ ਰਖਣਾ, ਜਦੋਂ ਇਹਨਾਂ ਦਾ ਦਾਅ ਲੱਗਾ, ਇਹ ਤੁਹਾਨੂੰ ਵੀ ਮਾਫ ਨਹੀਂ ਕਰਨਗੇ । ਇਹਨਾਂ ਦੀ ਖਸਲਤ ਜਾਣ ਕੇ, ਤੁਸੀਂ ਇਹਨਾਂ ਨੂੰ ਦੁੱਧ ਪਿਆਉਣਾ ਬੰਦ ਕਰ ਦਿਉਗੇ ।

ਗੱਲਾਂ, ਜ਼ਖਮਾਂ, ਬੇਇਨਸਾਫੀਆਂ ਤੇ ਧੱਕਿਆਂ ਦੀ ਦਾਸਤਾਨ ਲਿਖੀ ਜਾਵਾਂ, ਮੁਕੇਗੀ ਨਹੀਂ, ਗੱਲਾਂ ਦੀ ਗੱਲ ਕੇਵਲ ਮਨੁੱਖ ਦੇ ਅਹਿਸਾਸ ਨੂੰ ਹਲੂਣਾ ਦੇਣ ਦੀ ਹੁੰਦੀ ਐ । ਕੁਦਰਤ ਕਦੇ ਨਾ ਕਦੇ ਅਜਿਹਾ ਮੋੜ ਪੈਦਾ ਕਰ ਦੇਂਦੀ ਹੈ, ਜਿਥੇ ਮਨੁਖ ਸਾਰੇ ਗੁੱਸੇ-ਗਿਲੇ ਢੇਰੀ ਕਰਕੇ ਮੁੜ ਭਾਈ ਭਾਈ ਦੀ ਬੁਕਲ ਵਿਚ ਆ ਸਕਦੇ ਹਨ । ਉਸ ਮੋੜ ਵਲ ਮੈਂ ਇਸ਼ਾਰਾ ਦੇ ਦਿਤਾ ਹੈ, ਤੁਹਾਡੇ ਮਹਾਨ ਮਨੁੱਖ ਬਣਨ ਦਾ ਇਕ ਮੌਕਾ ਖੜਾ ਕਰ ਦਿਤਾ ਹੈ । ਦੇਸ਼ ਤੇ ਕੌਮ ਤੁਹਾਡੇ ਮੋੜ ਕਟਣ ਦੀ ਇੰਤਜ਼ਾਰ ਵਿਚ

ਹੈ। ਤੁਹਾਡੇ ਮਨ ਨੇ ਹਠ ਨਾ ਛੱਡਿਆ, ਦੇਸ਼ ਦੀ ਬਰਬਾਦੀ ਦਾ ਦੋਸ਼ ਤਾਰੀਖ਼ ਤੁਹਾਡੇ ਸਿਰ ਮੜ੍ਹੇਗੀ। ਸਿੱਖਾਂ ਨੂੰ ਸਖਤੀ ਨਾਲ ਦਬਾਉਣ ਦਾ ਰਾਹ ਗਲਤ ਹੈ, ਗਲਤ ਰਿਹਾ ਹੈ। ਪਸ਼ਚਾਤਾਪ ਅਤੇ ਮਿਲਾਪ ਵਿਚ ਹੀ ਸਰਬੱਤ ਦਾ ਭਲਾ ਹੈ। ਸਿੱਖਾਂ ਨੂੰ ਸਰਬੱਤ ਦੇ ਭਲੇ ਦਾ ਵਾਸਤਾ ਪਾਉ, ਹਰ ਤਰ੍ਹਾਂ ਦੇ ਹਥਿਆਰ ਨੀਵੇਂ ਕਰ ਲੈਣਗੇ।

ਰਾਜੀਵ ਜੀ, ਮਾਰ ਖਾਣ ਪਿਛੋਂ ਉਹੀ ਕੰਨ ਫੜਦੇ ਐ, ਜਿਹਨਾਂ ਦੀ ਗੈਰਤ ਮਰ ਗਈ ਹੋਵੇ। ਸਿੱਖ ਹਾਲੇ ਜਿਉਂਦੇ ਐ। ਬਲਿਊ ਸਟਾਰ ਤੇ ਉਸ ਪਿਛੋਂ ਜਿਹੜੇ ਸਿੱਖ ਆਪਣੀ ਅਣਖ ਨੂੰ ਥਾਏਂ ਮਾਰ ਕੇ ਤੁਹਾਡੇ ਨਾਲ ਆ ਖੜੇ ਸਨ, ਉਹ ਸਿੱਖ ਕੌਮ ਦੇ ਹਾਲੇ ਵੀ ਗਦਾਰ ਹਨ। ਅਕਾਲ ਤਖਤ ਹੀ ਉਹਨਾਂ ਨੂੰ ਬਖਸ਼ ਸਕਦਾ ਹੈ। ਸਿੱਖ ਕੌਮ ਦਾ ਜੋਸ਼ ਜਿਉਂ ਦਾ ਤਿਉਂ ਉਬਾਲੇ ਖਾ ਰਿਹਾ ਹੈ। ਤੁਸੀਂ ਇਸ ਫੁੰਕਾਰੇ ਮਾਰਦੇ ਨਾਗ ਨੂੰ ਡਾਂਗ ਨਾਲ ਨਾ, ਬੀਨ ਨਾਲ ਕੀਲੋ। ਇਹ ਫੁੰਕਾਰੇ ਮਾਰਦੀ ਸ਼ਕਤੀ ਕਿਤੇ ਕੰਮ ਆਵੇਗੀ। ਸ਼ਾਇਦ ਕੌਟਲਿਆ ਸ਼ਾਸਤਰ ਵੀ ਏਹੋ ਰਾਏ ਦੇਵੇ। ਤੁਹਾਡੀ ਦਮਨ ਨੀਤੀ ਨੇ ਅਣਖੀਲੇ ਸਿੱਖ ਮੁੰਡਿਆਂ ਨੂੰ ਹਥਿਆਰ ਚੁਕਾਏ ਹਨ, ਜਿਹੜੇ ਮਾਪਿਆਂ ਦੇ ਮੋੜੇ ਵੀ ਨਹੀਂ ਮੁੜੇ। ਤੁਸੀਂ ਹਾਂ ਪੱਖੀ ਕਦਮ ਦਰਿੜਤਾ ਨਾਲ ਪੁੱਟੋ, ਨਤੀਜੇ ਨਰੋਏ ਨਿਕਲਣਗੇ। ਅਮਨ, ਖੁਸ਼ਹਾਲੀ ਤੇ ਦੇਸ਼ ਦੀ ਏਕਤਾ ਤੁਹਾਡੇ ਰਵ-ਈਏ ਤੇ ਨਿਰਭਰ ਹੈ। ਸਰਬਤ ਦੇ ਭਲੇ ਨਾਲ ਸ਼ੁਰੂ ਕੀਤੀ ਚਿੱਠੀ, ਸਰਬੱਤ ਦੇ ਭਲੇ ਨਾਲ ਹੀ ਸਮਾਪਤ ਕਰਦਾ ਹਾਂ। ਆਸ ਕਰਦਾ ਹਾਂ, ਸਿੱਖ ਭਾਵਨਾਵਾਂ ਦਾ ਈਮਾਨ-ਦਾਰੀ ਨਾਲ ਅਹਿਸਾਸ ਕਰੋਗੇ।

ਤੁਹਾਡੇ ਸਾਰਥਿਕ ਅਮਲਾਂ ਦੀ ਆਸ ਵਿਚ

—ਜਸਵੰਤ ਸਿੰਘ ਕੰਵਲ

ਨੋਟ :- ਚਿੱਠੀ ਜ਼ਰੂਰ ਪੜ੍ਹਨਾ, ਉਤਰ ਦੇਣਾ ਨਾ ਦੇਣਾ, ਤੁਹਾਡੀ ਮਰਜ਼ੀ।

Giani Baljit Singh

ਰਾਜੀਵ ਗਾਂਧੀ ਦੇ ਨਾਂ ਖੁਲ੍ਹੀ ਚਿੱਠੀ

ਦੂਜਾ ਜ਼ਫ਼ਰਨਾਮਾ

(ਮਨਸੂਰ ਦਾ ਕਲਮਾ)



ਜਸਵੰਤ ਸਿੰਘ ਕੰਵਲ

ਖ਼ੁਦਗਰਜ਼ ਲੀਡਰਾਂ ਦੇ ਨਾਂ......

......ਸਿੱਖਾਂ ਦੇ ਕਤਲਾਮ, ਪੰਥ ਦੀ ਬੇਰੋਹਬੀ ਅਤੇ ਪੰਜਾਬ ਦੀ ਧੌਣ ਭਨਾਉਣ ਵਿੱਚ ਅਕਾਲੀ ਲੀਡਰ ਬਰਾਬਰ ਦੇ ਜ਼ੁੰਮੇਵਾਰ ਹਨ— ਕਾਤਲ ਤੇ ਗ਼ਦਾਰ ਹਨ। ਸਿੱਖੀ ਸਿਦਕ ਇਹਨਾਂ ਵੇਚ ਖਾਧਾ। ਪੰਥ ਨਾਲੋਂ ਇਹਨਾਂ ਨੂੰ ਹਉਮਾ ਪਿਆਰੀ ਹੈ। ਇਸ ਤੋਂ ਵੱਡੀ ਲਾਹਨਤ ਇਨ੍ਹਾਂ ਨੂੰ ਕੋਈ ਨਹੀਂ ਦਿੱਤੀ ਜਾ ਸਕਦੀ।

Giani Baljit Singh

ਰਾਜੀਵ ਗਾਂਧੀ ਦੇ ਨਾਂ ਖੁੱਲ੍ਹੀ ਚਿੱਠੀ

ਦੁਆ ਏ ਮਨਸੂਰਾ

(ਮਨਸੂਰ ਦਾ ਕਲ੍ਹਾ)

ਅਮਰੈਤ ਸਿੰਘ ਵੈਦਲ

ਢੁੱਡੀਕੇ
18-5-86

ਪਿਆਰੇ ਤੇ ਖ਼ੁਦਗਰਜ਼ ਲੀਡਰੋ !

ਕੌੜੇ ਸ਼ਬਦ ਲਈ ਖਿਮਾ, ਪਰ ਹੈ ਸਹੀ । ਗੁਰ ਫਤਹਿ ਤਾਂ ਆਖਣੀ ਪਏਗੀ ਹੀ, ਪਰ ਜੀ ਨਹੀਂ ਮੰਨਦਾ । ਇਕ ਵਾਰ ਨਿਰਦੋਸ਼ ਹਰੀਜਨ ਔਰਤ ਨੂੰ ਟੱਬਰ ਦੇ ਸਾਰੇ ਜੀਆਂ ਬਾਰੀ ਬਾਰੀ ਕੁੱਟ ਕੇ ਲਹੂ-ਲੁਹਾਣ ਕਰ ਸੁੱਟਿਆ । ਵਿਚਾਰੀ ਹਾਉਕੇ-ਹਾਰ ਅੱਕੀ ਥੱਕੀ ਬਦਦੁਆ ਵਿਚ ਉਭਾਸਰੀ : 'ਤੁਹਾਡਾ ਥਿਹ ਹੋ ਜੇ ਗੜੀ ਪੈਣਿਓਂ, ਤੁਹਾਨੂੰ ਪੈ ਜੇ ਡਾਲ੍ਹ, ਸੁੱਤੇ ਹੀ ਰਹਿ ਜਾਉ ਸਵੇਰ ਨੂੰ ਤੁਹਾਡਾ ਮੁੱਕੇ ਸਿਆਪਾ !' ਅੱਜ ਵੱਢੇ ਟੁੱਕੇ ਪੰਜਾਬ ਦੀ ਰੂਹ ਕੁਝ ਇਸ ਤਰ੍ਹਾਂ ਦੀਆਂ ਦੁਰਸੀਸਾਂ ਅਕਾਲੀ ਲੀਡਰਾਂ ਨੂੰ ਦੇ ਰਹੀ ਹੈ ।

ਪੰਜਾਬ ਦੇ ਭੋਲੇ ਕਿਸਾਨਾਂ ਤੇ ਪੰਥ ਦਰਦੀ ਸਿੱਖਾਂ, ਜਿਹਨਾਂ ਤੁਹਾਡੇ ਆਖੇ ਆਪਣਾ ਖ਼ੂਨ ਡੋਲ੍ਹਿਆ, ਛਾਤੀਆਂ ਵਿਚ ਗੋਲੀਆਂ ਖਾਧੀਆਂ, ਜੇਲ੍ਹਾਂ ਵਿਚ ਮਾਰਾਂ ਸਹੀਆਂ, ਮੋਰਚਿਆਂ ਵਿਚ ਲੱਖਾਂ ਦੀ ਗਿਣਤੀ ਪਾਰ ਕੀਤੀ ਬੇਅੰਤ ਮਾਲੀ ਨੁਕਸਾਨ ਝੱਲੇ ਤੇ ਹਰ ਹਭੀ ਨਭੀ ਵਿਚ ਹਿੱਕ ਡਾਹ ਕੇ ਅੱਗੇ ਆਏ; ਉਹਨਾਂ ਕਦੇ ਨਹੀਂ ਸੋਚਿਆ ਸੀ, ਤੁਸੀਂ ਕੇਵਲ ਆਪਣੀ ਲੀਡਰੀ ਚਮਕਾਉਣ ਜਾਂ ਕਾਇਮ ਰੱਖਣ ਲਈ ਕਮੀਨਗੀ ਦੀ ਰਸਾਤਲ ਤੱਕ ਪਹੁੰਚ ਜਾਵੋਗੇ । ਲੋਕਾਂ ਦੀ ਲਾਹਨਤ ਨਾਲ ਇਤਿਹਾਸ ਦੀ ਮੂੰਹ ਕਾਲਖ ਹੁਣ ਤੁਹਾਡੇ ਸੁਆਗਤ ਲਈ ਪੰਜਾਬ ਦੇ ਹਰ ਬੂਹੇ-ਬਾਰ ਅੱਗੇ ਖਲੋਤੀ ਐ । ਬੇਸ਼ਰਮੀ ਦੇ ਇਸ ਦੌਰ ਦਾ ਕਾਲਾ ਵਰਕਾ ਕੋਈ ਖੱਬੀ ਖਾਨ ਵੀ ਇਤਿਹਾਸ ਵਿਚੋਂ ਪਾੜ ਨਹੀਂ ਸਕੇਗਾ । ਇਹ ਕਾਲਖ ਕੋਈ ਕਾਸਟਕ ਵੀ ਧੋ ਨਹੀਂ ਸਕੇਗਾ । ਮੇਰਾ ਖਿਆਲ ਐ, ਪੰਜਾਬ ਤੇ ਸਿੱਖ ਪੰਥ ਦੀ ਐਨੀ ਦੁਰਦਸ਼ਾ ਕਰਕੇ ਤੁਸੀਂ ਕਦੇ ਆਪਣੀ ਜ਼ਮੀਰ ਦੇ ਸ਼ੀਸ਼ੇ ਵਿਚ ਮੂੰਹ ਨਹੀਂ ਵੇਖਿਆ ਹੋਣਾ ।

ਆਂਹਦੇ ਲੀਡਰ ਮੋਟੇ ਬੇਸ਼ਰਮ ਹੁੰਦੇ ਹਨ । ਇਕ ਸਟੇਜ ਤੇ ਜੁੱਤੀਆਂ ਤੇ ਗੰਦੇ ਆਂਡੇ ਪੈਣ, ਦੂਜੀ ਸਟੇਜ ਤੇ ਜਾ ਆਖਣਗੇ ਉਥੇ ਬੜੇ ਫੁੱਲਾਂ ਦੇ ਹਾਰ ਪਏ । ਉਹਨਾਂ

ਨੂੰ ਖਿਆਲ ਈ ਨਹੀਂ, ਯਕੀਨ ਹੁੰਦਾ ਏ, ਭੋਲੇ ਭਾਲੇ ਲੋਕ ਅਕਸਰ ਲੀਡਰਾਂ ਦੀਆ
ਗਦਾਰੀਆਂ, ਕਰਤੂਤਾਂ ਤੇ ਗਲਤੀਆਂ ਨੂੰ ਸਮਾਂ ਪਾ ਕੇ ਭੁੱਲ ਜਾਂਦੇ ਹਨ। ਪਰ ਚੰਧਰ
ਦੇ ਭੁੱਖਿਓ ਦੇਸ਼ ਕੌਮ ਅਤੇ ਪੰਥ ਨਾਲ ਕੀਤੇ ਧਰੋਹ ਕਿਵੇਂ ਭੁਲਾਏ ਜਾਣਗੇ। ਲੋਕਾਂ
ਦੇ ਕਟਹਿਰੇ ਵਿਚ ਤਾਂ ਖਲੋਣਾ ਹੀ ਪਏਗਾ-ਸੰਗਤ ਨੂੰ ਜਵਾਬ ਦੇਣਾ ਹੋਵੇਗਾ। ਦੋਸ਼ਾਂ
ਦੇ ਨਤੀਜੇ ਸਜ਼ਾ ਵਜੋਂ ਚੋਰ, ਡਕੈਤ ਤੇ ਕਾਤਲ ਵੀ ਭੁਗਤ ਲੈਂਦੇ ਹਨ। ਆਪਣੇ
ਕੁਕਰਮਾਂ ਦਾ ਚਾਲਾਣ ਔਖੇ ਸੌਖੇ ਤੁਸੀਂ ਵੀ ਸਹਿ ਲਓਗੇ। ਪਰ ਤੁਹਾਡੇ ਕਾਰਨ
ਜੋ ਕੌਮ ਨੇ ਜਾਨੀ ਤੇ ਮਾਲੀ ਨੁਕਸਾਨ ਉਠਾਏ, ਬਦਨਾਮੀ ਤੇ ਬੇਰੋਹਬੀ ਦੇ ਕਾਲੇ
ਟਿੱਕੇ ਮੱਥੇ ਤੇ ਲਵਾਏ, ਉਹਨਾਂ ਦੇ ਲੇਖੇ ਜੋਖੇ ਦਾ ਕੀ ਬਣੇਗਾ? ਤੁਸੀਂ ਤਾਂ ਸੰਗਤ
ਵਿਚ ਖਲੋ, ਗਲ ਪੱਲਾ ਪਾ ਭੁੱਲ ਬਖਸ਼ਾਉਣ ਲਈ ਬੇਨਤੀਹਾਰ ਹੋ ਖਲੋਵੋਗੇ। ਪਰ
ਵਗਦੇ ਰਿਸਦੇ ਜ਼ਖਮਾਂ ਦਾ ਕੀ ਬਣੇਗਾ? ਯਤੀਮਾਂ, ਵਿਧਵਾਵਾਂ ਤੇ ਘਰੋਂ ਘਾਟੋਂ
ਉਜਾੜੇ ਗਿਆਂ ਦਾ ਹਾਲ? ਤੁਹਾਨੂੰ ਸਜ਼ਾ ਦੇ ਲੈਣ ਨਾਲ ਕੌਮ ਦੀ ਘਟਾਈ ਪੂਰੀ ਹੋ
ਜਾਵੇਗੀ?

ਸ਼ਾਇਦ ਤੁਸੀਂ ਇਹ ਵੀ ਭੁੱਲ ਗਏ ਹੋਵੋ, ਤੁਰੇ ਕਿਥੋਂ ਸੀ ਤੇ ਪਹੁੰਚ ਕਿਥੇ
ਗਏ। ਤੁਸੀਂ ਤੁਰੇ ਸੀ ਅਨੰਦਪੁਰ ਦੇ ਮਤੇ ਅਥਵਾ ਅੰਦਰੂਨੀ ਖੁਦ ਮੁਖਤਿਆਰੀ ਤੋਂ।
ਕਿਉਂਕਿ ਆਜ਼ਾਦੀ ਦੀ ਆਹੁਤੀ ਵਿੱਚ ਅੱਸੀ ਫੀਸਦੀ ਸਿਰ ਦਿੱਤੇ ਸਨ ਅਤੇ ਜਿੱਤੀ
ਆਜ਼ਾਦੀ ਦਾ ਹੱਕ ਮਾਨਣ ਤੋਂ ਵਾਂਝੇ ਕਰ ਦਿੱਤੇ ਗਏ। ਪਟੇਲ ਭਾਈ ਤਾਂ ਸਾਰੀ
ਕੌਮ ਨੂੰ ਜਰਾਇਮ ਪੇਸ਼ਾ ਕਰਾਰ ਦੇਣ ਲੱਗਾ ਸੀ। ਆਜ਼ਾਦੀ ਆ ਜਾਣ ਪਿੱਛੋਂ ਹੀ
ਸਿੱਖਾਂ ਨੂੰ ਹਰ ਪੱਖੋਂ ਕੁਚਲਣ ਦੀਆਂ ਵਿਉਂਤਾਂ ਘੜੀਆਂ ਜਾਣ ਲੱਗ ਪਈਆਂ
ਸਨ। ਫਿਰ ਆਰਥਿਕ ਭਾਸ਼ਿਕ ਤੇ ਸਭਿਆਚਾਰਕ ਪੱਖੋਂ ਇਨ੍ਹਾਂ ਨੂੰ ਇਕ ਤਰ੍ਹਾਂ
ਨਕਾਰਾ ਮਿਥਿਆ ਗਿਆ ਤੇ ਅੱਜ ਤੱਕ ਉਸੇ ਸਲੋ ਪੋਇਜ਼ਨਿੰਗ ਵਾਲਾ ਅਮਲ ਜਾਰੀ
ਹੈ। ਤੁਹਾਡੀ ਦੂਜੀ ਵੱਡੀ ਮੰਗ ਸੀ ਦਰਿਆਵਾਂ ਤੇ ਡੈਮਾਂ ਦੀ ਮਾਲਕੀ ਦੀ। ਆਰ-
ਥਿਕ ਪੱਖੋਂ ਘਸਿਆਰਾ ਬਣਾਉਣ ਦੀ ਚਾਲ ਪਾਣੀ ਨਾਲ ਜੁੜੀ ਹੋਈ ਹੈ। ਪੰਜਾਬ
ਦਾ ਪਾਣੀ ਜਿਹੜੀ ਉਸ ਦੀ ਇਕੋ ਇਕ ਕੁਦਰਤੀ ਦੌਲਤ ਐ ਨੂੰ ਸੈਂਟਰ ਨੇ ਆਪਣੇ
ਬਣਾਏ ਧਨੇਸੂ ਚੀਫ ਮਨਿਸਟਰਾਂ ਰਾਹੀਂ ਰਾਜਸਥਾਨ ਅਤੇ ਹਰਿਆਣੇ ਵਿਚ ਵੰਡ
ਦਿੱਤਾ। ਨਾ ਰਹੇ ਬਾਂਸ ਤੇ ਨਾ ਵੱਜੇ ਬੰਸਰੀ। ਬਾਕੀ ਮੰਗਾਂ ਨੂੰ ਮੈਂ ਫਜ਼ੂਲ ਸਮਝਦਾ
ਆਂ। ਸੈਂਟਰ ਦੀ ਚੁਸਤੀ ਤਾੜੋ, ਚੰਡੀਗੜ੍ਹ ਨੂੰ ਮੇਜਰ ਇਸ਼ੂ ਬਣਾ ਕੇ ਬੁਨਿਆਦੀ

ਮੰਗਾਂ ਵੱਲੋਂ ਧਿਆਨ ਪਾਸੇ ਫੇਰ ਦਿੱਤਾ। ਭਾਵ ਅਨੰਦਪੁਰ ਦਾ ਮਤਾ ਤੇ ਪਾਣੀ ਇਕ ਤਰ੍ਹਾਂ ਖੁੱਡੇ ਲਾਈਨ ਲਾ ਧਰੇ।

ਦੁਸ਼ਮਣ ਡਰਦਾ ਸੀ ਕੇਵਲ ਤੁਹਾਡੀ ਏਕਤਾ ਤੋਂ। ਕੇਂਦਰ ਸਰਕਾਰ ਨੇ ਭਾਂਤ ਭਾਂਤ ਦੇ ਵਿਚੋਲਿਆਂ ਅਤੇ ਗਵਰਨਰਾਂ ਰਾਹੀਂ ਉਹ ਏਕਤਾ ਪਾਸ਼ ਪਾਸ਼ ਕਰਕੇ ਰੱਖ ਦਿੱਤੀ। ਜਿਹੜਾ ਗਵਰਨਰ ਮੋਹਰਾ ਬਣ ਕੇ ਨਾ ਚੱਲਿਆ, ਉਹਨੂੰ ਘਰ ਨੂੰ ਤੋਰ ਦਿੱਤਾ। ਬਾਕੀ ਮਾੜੀ ਮੋਟੀ ਭਰਮ ਵਜੋਂ ਬਣੀ ਸਾਖ ਤੁਹਾਡੀਆਂ ਆਪਣੀਆਂ ਖ਼ੁਦ-ਗਰਜ਼ੀਆਂ ਨੇ ਪੁੱਟ ਸੁੱਟੀ। ਰਾਵਣ ਦੀ ਲੰਕਾ ਇਕ ਭਵੀਖਣ ਨੇ ਤਬਾਹ ਕਰਵਾਈ ਸੀ। ਜਿਥੇ ਤੁਹਾਡੇ ਵਰਗੇ ਹੇਜਲੇ ਗਦਾਰੀ ਕਰਨ ਲਈ ਇਕ ਦੂਜੇ ਤੋਂ ਮੂਹਰੇ ਹੋ ਖਲੋਣ, ਉਥੇ ਅਨੰਦਪੁਰ ਦਾ ਮਤਾ ਨਹੀਂ ਉਸਰ ਸਕਦਾ, ਅਕਾਲ ਤਖਤ ਤੇ ਹਰਮੰਦਰ ਸਾਹਿਬ ਹੀ ਢਹਿ ਸਕਦੇ ਹਨ। ਤੁਸੀਂ ਇਕ ਹੁੰਦੇ, ਇੰਦਰਾ ਦੀਆਂ ਫੌਜਾਂ ਹਰਮੰਦਰ ਸਾਹਿਬ ਵਿਚ ਕਦਮ ਨਾ ਰੱਖ ਸਕਦੀਆਂ। ਉਹ ਕਿਉਂ ਵੜੀਆਂ ? ਜ਼ਰਾ ਆਪਣੀਆਂ ਬੁੱਕਲਾਂ ਵਿਚ ਮੂੰਹ ਪਾਉਣ ਦੀ ਲੋੜ ਐ, ਬੀਬੀਆਂ ਦਾਹੜ੍ਹੀਆਂ ਕਿੰਨਾ ਕੁ ਚਿਰ ਸੱਚ ਨੂੰ ਛੁਪਾ ਲੈਣਗੀਆਂ। ਤੁਹਾਡੇ ਵਿਚ ਏਕਤਾ ਹੁੰਦੀ, ਸਿੱਖ ਕੌਮ ਫੌਜਾਂ ਨੂੰ ਉਧਰ ਮੂੰਹ ਨਾ ਕਰਨ ਦੇਂਦੀ। ਖੇਰੂੰ ਖੇਰੂੰ ਹੋਈ ਏਕਤਾ ਦਾ ਇਤਿਹਾਸਕ ਪੰਨਾ, ਰਹਿੰਦੀ ਦੁਨੀਆਂ ਤੱਕ ਤੁਹਾਡੇ ਦੋਸ਼ਾਂ ਤੇ ਪਾਪਾਂ ਦਾ ਸਬੂਤ ਰਹੇਗਾ। ਮੇਰਾ ਵਿਸ਼ਵਾਸ ਐ, ਤੁਸੀਂ ਆਪਣੇ ਅਪਰਾਧਾਂ ਤੋਂ ਹਾਲੇ ਵੀ ਤੋਬਾ ਨਹੀਂ ਕਰੋਗੇ। ਨਿੱਜੀ ਸੁਆਰਥ ਦਾ ਕੈਂਸਰ ਤੁਹਾਡੇ ਲਹੂ ਵਿਚ ਸਮਾ ਚੁੱਕਾ ਹੈ।

ਤੁਹਾਡੇ ਸਮਝੌਤੇ ਨੂੰ ਮੈਂ ਮੰਜ਼ਲ ਨਹੀਂ, ਪੜਾਅ ਆਖਿਆ ਸੀ। ਉਹ ਪੜਾਅ ਕਿਥੇ ਐ ? ਰਾਜਨੀਤਕ ਹਨੇਰੀਆਂ ਉਸ ਪੜਾਅ ਦੇ ਨਿਸ਼ਾਨ ਵੀ ਮਿਟਾ ਦਿੱਤੇ ਲਗਦੇ ਐ। ਮੈਂ ਸੈਂਟਰ ਤੇ ਕਦੇ ਵੀ ਭਰੋਸਾ ਨਹੀਂ ਕੀਤਾ। ਜਿਹੜਾ ਕਿਸਾਨ ਆੜ੍ਹਤੀਏ ਉੱਤੇ ਭਰੋਸਾ ਕਰੇਗਾ, ਮੁੰਨਿਆਂ ਲਓ। ਤੁਹਾਡੇ ਹਰ ਚੰਗੇ ਕੰਮ ਤੇ ਅਮਲ ਦੀ ਮੈਂ ਪ੍ਰਸੰਸਾ ਕੀਤੀ ਐ। ਮੈਂ ਸਾਂਝੀਵਾਲਤਾ ਨਾਲ ਵਚਨਬੱਧ ਆਂ। ਤੁਸੀਂ ਦੁਸ਼ਮਣ (ਵੱਡੀ ਸਰਮਾਏਦਾਰੀ) ਨਾਲ ਟੱਕਰ ਲਈ, ਕੇਵਲ ਪੰਜਾਬ ਵਿਚੋਂ ਇਕਲਿਆਂ। ਮੈਂ ਤੁਹਾਨੂੰ ਸੂਰਮੇ ਆਖਿਆ। ਤੁਹਾਡਾ ਉਹ ਰੋਲ ਪੰਜਾਬ ਦੇ ਕਿਸਾਨਾਂ ਤੇ ਸਿੱਖਾਂ ਦੇ ਹਿੱਤਾਂ ਵਾਲਾ ਸੀ, ਤਾਰੀਖ ਦਾ ਉਹ ਵਰਕਾ ਤੁਹਾਡੇ ਲਈ ਸਦਾ ਉਜਲਾ ਹੀ ਨਹੀਂ, ਸ਼ਾਨਦਾਰ ਵੀ ਰਹੇਗਾ। ਪਰ ਭਲਿਓ, ਖੀਰ ਬਣਾ ਕੇ ਸੁਆਹ ਧੂੜਨ ਲਈ ਕੀਹਨੇ ਆਖਿਆ ਸੀ ?

ਛੱਬੀ ਜਨਵਰੀ ਨੂੰ ਚੰਡੀਗੜ੍ਹ ਦੇਣ ਤੋਂ ਕੌਣ ਮੁਕਰਿਆ ? ਤੁਸੀਂ ਕਹਿ ਸਕਦੇ ਹੋ ਸੈਂਟਰ। ਪਰ ਮੈਂ ਤਾਂ ਕੇਂਦਰ ਦੇ ਬੇਈਮਾਨ ਢਿੱਡ ਬਾਰੇ ਉਦੋਂ ਤੋਂ ਹੀ ਦੋਹਾਈਆਂ ਦੇਂਦਾ ਆ ਰਿਹਾ ਆਂ। ਅਸਲ ਵਿਚ ਚੰਡੀਗੜ੍ਹ ਤੋਂ ਟਾਲਾ ਮਾਰ ਕੇ ਉਹਨਾਂ ਤੁਹਾਡੇ ਸਿੱਦਕ ਨੂੰ ਜੋਹਿਆ ਸੀ ਕਿ ਇਹਨਾਂ ਵਿਚ ਦਮ ਹੈ ਜਾਂ ਮੁੱਕ ਗਿਆ। ਤੁਸਾਂ ਘੁੱਟ ਕੇ ਕੁਰਸੀਆਂ ਦੀਆਂ ਬਾਹੀਆਂ ਫੜ ਲਈਆਂ, ਜਿਵੇਂ ਕਿ ਜੇ ਉੱਠੇ, ਕੁਰਸੀ ਸਮੇਤ ਧੜੰਮ ਡਿੱਗ ਪਓਗੇ। ਤੁਹਾਨੂੰ ਕੁਰਸੀਆਂ ਵਿਚ ਡਟੇ ਵੇਖ ਕੇ ਸੈਂਟਰ ਨੇ ਕੱਛਾਂ ਵਜਾਈਆਂ। ਉਹਨਾਂ ਨੂੰ ਪਿਛਾਂਹ ਓਹਲੇ ਵਿਚ ਰਹਿ ਕੇ ਬੰਦੂਕ ਚਲਾਉਣ ਲਈ ਮਜ਼ਬੂਤ ਮੋਢੇ ਮਿਲ ਗਏ ਸਨ। ਪਰ ਲੋਕਾਂ ਦਾ ਕੀ ਹਾਲ ਹੋਇਆ, ਜਿਹੜੇ ਤੁਹਾਡੇ ਲਈ ਮੋਰਚਿਆਂ ਅਤੇ ਵੋਟਾਂ ਸਮੇਂ ਮਰਕੇ ਖੜ੍ਹੇ ਸਨ, ਪੁੱਛ ਕੁਝ ਨਾ। ਪੰਜਾਬ ਦੀ ਅਣਖ ਮਿੱਟੀ ਹੋ ਗਈ। ਸਿੰਘਊ ਦਾ ਨੱਕ ਵੱਢਿਆ ਗਿਆ। ਇਹ ਨਿਰੀ ਜਜ਼ਬਾਤੀ ਜੋਸ਼ ਦੀ ਗੱਲ ਨਹੀਂ, ਸਗੋਂ ਤੁਹਾਡੇ ਕੋਲੋਂ ਗਰਮ ਹੋਏ ਲੋਹੇ ਉੱਤੇ ਹੋਸ਼ ਦੀ ਰਾਜ-ਨੀਤਕ ਸੱਟ ਨਹੀਂ ਮਾਰੀ ਜਾ ਸਕੀ। ਜੋਸ਼ ਤੋਂ ਬਿਨਾਂ ਹੋਸ਼ ਵੀ ਵਿਧਵਾ ਐ। ਲਾਲਚ ਨੀਂਦ ਦੇ ਸੱਸੀ ਵਰਾਨ ਹੋਈ, ਪਿੱਛੋਂ ਭਾਲਦੀ ਹੋਤ ਪਲਾਣਿਆਂ ਨੂੰ।' ਸਮਾਂ ਕੀ ਖੁੰਜਿਆ, ਸਭ ਕੁਝ ਹੀ ਲੁੱਟ ਹੋ ਗਿਆ। ਸੈਂਟਰ ਨੇ ਤੁਹਾਨੂੰ ਤੀਲਾ ਤੀਲਾ ਬਖੇਰ ਸੁੱਟਿਆ ਤੇ ਚੱਜ ਨਾਲ ਤੁਹਾਡੇ ਜ਼ੇਰੇ ਨੂੰ ਅੰਦਰੋਂ ਬਾਹਰੋਂ ਜੋਹ ਲਿਆ। ਜਿਹੜੇ ਤਖਤ ਨੂੰ ਲੱਤ ਨਹੀਂ ਮਾਰ ਸਕਦੇ, ਉਹ ਤਖਤ ਨੂੰ ਕਾਇਮ ਵੀ ਨਹੀਂ ਰੱਖ ਸਕਦੇ। ਹੁਣ ਸਮਝੌਤੇ ਦੀਆਂ ਪੰਜਾਬ ਦੇ ਹਿੱਤਾਂ ਵਿਚ ਜਾਂਦੀਆਂ ਧਾਰਾਵਾਂ ਨੂੰ ਸੈਂਟਰ ਬੁੱਲਾਂ ਨਾਲੋਂ ਲਾਹ ਕੇ ਨੱਕ ਨਾਲ ਸੁਖਾਲਿਆਂ ਹੀ ਲਾ ਸਕੇਗਾ। ਹੌਲੀ ਹੌਲੀ ਲਾਰੇ ਲੱਪੇ ਲਾਉਂਦਿਆਂ, ਕਮੇਟੀਆਂ ਕਮਿਸ਼ਨਾਂ ਰਾਹੀਂ ਸਮਝੌਤਾ ਖੱਸੀ ਕਰ ਦਿੱਤਾ ਜਾਵੇਗਾ

ਕੇਂਦਰ ਨੇ ਤੁਹਾਨੂੰ ਹਰ ਪੱਖੋਂ ਗੋਡੇ ਹੇਠਾਂ ਨੱਪ ਕੇ ਰੱਖਣਾ ਏ। ਤੁਸਾਂ ਆਜ਼ਾਦੀ ਮਾਨਣ ਦਾ ਹੱਕ ਲੈਣਾ ਸੀ, ਤਾਂ ਕਿਰਤੀ ਜਮਾਤਾਂ ਦੇ ਜੋੜ ਨਾਲ ਸਾਇੰਸੀ ਪੈਂਤਰਾ ਮੱਲਦੇ। ਇਕੱਲੀ ਮੱਧ ਵਰਗ ਦੀ ਕਿਸਾਨੀ, ਵੱਡੀ ਸਰਮਾਏਦਾਰੀ ਨੂੰ ਢਾਹ ਨਹੀਂ ਸਕਦੀ। ਅਗਲਿਆਂ ਤੁਹਾਡੇ ਕੱਦ ਕਾਠ ਨਾਲ ਬਲ ਵੀ ਨਾਪ ਲਿਆ ਹੈ। ਲੋਕਾਂ ਵਿਚ ਤੁਹਾਡੀ ਪੋਜ਼ੀਸ਼ਨ ਪਤਲੀ ਪਾ ਕੇ ਰੱਖ ਦਿੱਤੀ ਹੈ। ਕੌਮਾਂ ਵਿਚ ਨਿੱਤ ਉਭਾਰ ਨਹੀਂ ਆਉਂਦੇ ਜੋਸ਼ ਨਹੀਂ ਜਾਗਦੇ। ਮੁੜ ਇਸ ਉਭਾਰ ਨੂੰ ਕੋਈ ਜਨਤਾ ਦਾ ਜਾਇਆ ਸੂਰਮਾ ਹੀ ਧਾਰਾਬੱਧ ਕਰੇਗਾ। ਸਮਝੌਤੇ ਦੇ ਵਿਰੋਧੀ ਲੀਡਰਾਂ ਨੂੰ ਵੀ

ਈਮਾਨਦਾਰ ਨਹੀਂ ਸਮਝਦਾ। ਜੇ ਉਹਨਾਂ ਨੂੰ ਮੌਕਾ ਮਿਲਦਾ, ਉਹ ਵੀ ਏਹੋ ਜ਼ਹਿਰ ਹੀ ਘੋਲਦੇ। ਤੁਸੀਂ ਇਕ ਨਿਸ਼ਾਨਾ ਮਿੱਥ ਕੇ ਕਦੇ ਵੀ ਨਹੀਂ ਚੱਲੇ। ਵਿਰੋਧੀਆਂ ਨੂੰ ਚਾਹੀਦਾ ਸੀ, ਬਾਵਜੂਦ ਸ਼ੰਕਿਆਂ ਦੇ ਸਮਝੌਤੇ ਦਾ ਸਾਥ ਦੇਂਦੇ ਹੋਏ, ਜੇਲ੍ਹੀਂ ਪਏ ਜਵਾਨਾਂ ਨੂੰ ਛੁਡਾਉਣ ਲਈ ਇਕ ਤਾਰੀਖ ਮਿਥਦੇ। ਦੁਸ਼ਮਣ ਮੁਲਕ ਦੇ ਤਰਾਨਵੇਂ ਹਜ਼ਾਰ ਜੰਗੀ ਕੈਦੀ ਸਮਝੌਤੇ ਰਾਹੀਂ ਤਾਂ ਛੱਡੇ ਜਾ ਸਕਦੇ ਐਂ, ਪਰ ਆਪਣੇ ਮੁਲਕ ਦੀ ਆਪਣੀ ਫੌਜ ਦੇ ਬੰਦੇ, ਜਿਹਨਾਂ ਧਾਰਮਕ ਜਜ਼ਬਾਤ ਵਿਚ ਆ ਕੇ ਬੈਰਕਾਂ ਛੱਡੀਆਂ ਤੇ ਹਥਿਆਰ ਚੁੱਕੇ, ਨਹੀਂ ਛੱਡੇ ਜਾ ਸਕਦੇ। ਆਖ਼ਰ ਇਹ ਸਮਝੌਤਾ ਕੀ ਹੋਇਆ? ਮਤਲਬ ਸਾਫ ਹੈ ਇਹ ਕੈਦੀ ਪਾਕਿਸਤਾਨੀ ਕੈਦੀਆਂ ਨਾਲੋਂ ਕਿਤੇ ਵੱਧ ਖਤਰਨਾਕ ਹਨ। ਫਿਰ ਸਮਝੌਤੇ ਵਿਚ ਆਪਣਿਆਂ ਵਾਲੀ ਕੀ ਗੱਲ ਹੋਈ। ਸਮਝੌਤੇ ਉੱਤੇ ਅਮਲ ਨਾ ਕਰਨਾ ਤੇ ਜ਼ਬਾਨੀ ਜ਼ਬਾਨੀ ਦਿਲਬਰੀਆਂ ਦੇਈ ਜਾਣਾ ਦੱਸਦਾ ਏ, ਸੈਂਟਰ ਦੀ ਨੀਅਤ ਸਾਫ ਨਹੀਂ। ਇਸ ਦੀ ਪੇਸ਼ਬੰਦੀ ਵਜੋਂ ਤੁਸਾਂ ਏਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਹੋਰ ਸੀਮੈਂਟ ਲਾਉਣਾ ਸੀ, ਪਰ ਤੁਸਾਂ ਉਸ ਦੀਆਂ ਜੜ੍ਹਾਂ ਵਿਚ ਬਾਰੂਦ ਭਰਨਾ ਸ਼ੁਰੂ ਕਰ ਦਿੱਤਾ।

ਜਿਹਨਾਂ ਹਥਿਆਰ ਚੁਕੇ, ਬੇਗੁਨਾਹ ਕਤਲ ਕੀਤੇ, ਡਾਕੇ ਮਾਰੇ, ਮੈਂ ਉਹਨਾਂ ਨੂੰ ਨਾ ਸਿਖ ਅਤੇ ਨਾ ਇਨਸਾਨ ਸਮਝਦਾ ਆਂ। ਉਹ ਦੋਸ਼ੀ ਹਨ, ਸਜ਼ਾ ਦੇ ਭਾਗੀ ਹਨ। ਪਰ ਸਰਕਾਰ, ਕੌਮੀ ਪਰੈਸ (ਜਿਹੜੀ ਬੁਰੀ ਤਰ੍ਹਾਂ ਫ਼ਿਰਕੂ ਹੈ) ਤੇ ਹੋਰ ਸੰਸਥਾਵਾਂ ਨੇ ਇਹ ਕਿਉਂ ਨਹੀਂ ਸੋਚਿਆ, ਉਹਨਾਂ ਹਥਿਆਰ ਕਿਉਂ ਚੁਕੇ? ਹਥਿਆਰ ਤਾਂ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ, ਲੈਨਿਨ, ਸਟਾਲਿਨ, ਮਾਓ, ਹੋਚੀਮਿੰਨ ਤੇ ਫੀਦਰਲ ਕਾਸਤਰੋ ਨੇ ਵੀ ਚੁਕੇ ਸਨ। ਪਰ ਉਹ ਕੁਰਾਹੇ ਨਹੀਂ ਪਏ। ਉਹਨਾਂ ਸਿੱਧੀ ਦੁਸ਼ਮਣ ਦੇ ਸਿਰ ਸੱਟ ਮਾਰੀ ਤੇ ਲੋਕਾਂ ਨੂੰ ਬਚਾਇਆ: ਇਨਹਾਂ ਮੁੰਡਿਆਂ ਨੂੰ ਕੁਰਾਹੇ ਪਾਉਣ, ਕਾਤਲ ਤੇ ਡਕੈਤ ਬਣਾਉਣ ਦੀ ਜ਼ੁਮੇਂਵਾਰੀ ਜਿੰਨੀ ਸਰਕਾਰ, ਕੌਮੀ ਪਰੈਸ ਤੇ ਪੁਲਸ ਦੇ ਭੈੜੇ ਸਲੂਕ ਦੀ ਐ, ਉਨੀ ਹੀ ਅਕਾਲੀ ਲੀਡਰਾਂ ਦੀ ਵੀ ਹੈ। ਮੁੰਡਿਆਂ ਗਲਤ ਕਦਮ ਚੁਕੇ। ਉਹਨਾਂ ਕੁਰਾਹੇ ਜਾਂਦਿਆਂ ਨੂੰ ਅਗਲਵਾਂਢੀ ਹੋ ਕੇ ਕਿਉਂ ਨਾ ਰੋਕਿਆ? ਕਿਉਂ ਨਾ ਸੰਪਰਕ ਕਾਇਮ ਕੀਤੇ? ਮੁੰਡੇ ਕਿਨੇ ਅੱਥਰੇ ਸਨ, ਪਰ ਉਹਨਾਂ ਦੇ ਦਿਮਾਗ ਤਾਂ ਨਹੀਂ ਫਿਰੇ ਸਨ ਕਿ ਉਹ ਪੰਜਾਬ, ਪੰਥ ਅਤੇ ਲੋਕਾਂ ਦੇ ਹਿੱਤਾਂ ਦੀ ਗੱਲ ਹੀ ਨਾ ਸੁਣਦੇ। ਫਿਰ ਉਹਨਾਂ ਦੇ ਕਦਮ ਸਾਰਥਿਕਤਾ ਤੋਂ ਅਜਿਹੇ ਉਖੜੇ ਕਿ ਮੰਝਧਾਰ ਵਿਚ ਚਲੇ ਗਏ ਤੇ ਵਾਪਸ

ਆਉਣਾ ਉਹਨਾਂ ਦੇ ਵੱਸ ਹੀ ਨਾ ਰਿਹਾ। ਤੁਹਾਡੇ ਨੇੜੇ ਨਾ ਜਾਣ ਕਾਰਨ ਇਕ ਪਾੜ ਪੈ ਗਿਆ ਤੇ ਸੈਂਟਰ ਉਹਨਾਂ ਨੂੰ ਖਤਮ ਕਰਨ ਲਈ ਤੁਹਾਨੂੰ ਅਲੱਗ ਥਲੱਗ ਕਰਨ ਵਿਚ ਕਾਮਯਾਬ ਹੋ ਗਿਆ। ਹੁਣ ਆਪਣਿਆਂ ਨੂੰ ਮਾਰਨ ਦੀ ਨੌਬਤ ਆ ਗਈ ਹੈ। ਮੋਟੇ ਸਿਰਾਂ ਨੂੰ ਵੀ ਸਮਝ ਪੈ ਸਕਦੀ ਹੈ ਸੈਂਟਰ ਤੁਹਾਨੂੰ ਕਿਉਂ ਪਾਲ ਰਿਹਾ ਹੈ ਤੇ ਮੁੰਡਿਆਂ ਪ੍ਰਤੀ ਮਾਰੂ ਨੀਤੀ ਕਿਉਂ ? ਮੁੰਡੇ ਦੁਸ਼ਮਣ ਤੇ ਤੁਸੀਂ ਦੋਸਤ ਹੋ ਗਏ। ਸਾਰੀਆਂ ਵਿਰੋਧੀ ਪਾਰਟੀਆਂ ਕੁਰਾਹੇ ਪਏ ਮੁੰਡਿਆਂ ਨੂੰ ਮਾਰਨ ਦੇ ਕਿਉਂ ਤੁਖਣੇ ਦੇ ਰਹੀਆਂ ਹਨ, ਸੈਂਟਰ ਦੀ ਚਾਪਲੂਸੀ ਹੇਠਾਂ ਤੁਸਾਂ ਪੰਜਾਬ ਲਈ ਕੀ ਖੱਟੀ ਖੱਟੀ ? ਕੌਮ ਦਾ ਅਸਲ ਧਨ ਤੇ ਕਿਸਮਤ ਉਹ ਅਣਖੀਲੇ ਜੋਧੇ ਹਨ ਜਿਹੜੇ ਜੋਧਪੁਰ ਜੇਹਲ ਵਿਚ ਤਸੀਹੇ ਝੱਲ ਰਹੇ ਹਨ ਜਾਂ ਸਹੀ ਸਕੂਲ ਦੇਣ ਖੁਣੋਂ ਸਿਖੀ ਦੀ ਧਾਰਾ ਤੋਂ ਉਖੜ ਖਲੋਤੇ ਹਨ। ਸਿਰ ਤਲੀ ਤੇ ਧਰੇ ਬਿਨਾਂ ਕਦੇ ਤਖਤ ਨਸੀਬ ਨਹੀਂ ਹੋਇਆ। ਜਿੰਨਾ ਚਿਰ ਲੋਕਾਂ ਨੂੰ ਇਹ ਸਮਝਾਇਆ ਜਾਂਦਾ, ਦੁਸ਼ਮਣ ਕਿਉਂ ਦੁਸ਼ਮਣ ਹੈ, ਓਨਾ ਚਿਰ ਕਾਮਯਾਬੀ ਦੂਰ ਹੀ ਦੂਰ ਸਮਝੋ।

ਜਿਹਨਾਂ ਦੇ ਸਿਰਾਂ ਤੇ ਸਰਕਾਰ ਵਲੋਂ ਮੁਲ ਰਖੇ ਗਏ ਹਨ ਅਤੇ ਜੇਹਲਾਂ ਵਿਚ ਕਸ਼ਟ ਝੱਲ ਰਹੇ, ਉਹਨਾਂ ਦੇ ਨਾਵਾਂ ਉੱਤੇ, ਜਿਹੜੇ ਨੋਟਾਂ ਦੀਆਂ ਪੰਡਾਂ ਬੰਨ ਰਹੇ ਹਨ, ਹਿਸਾਬ ਤਾਂ ਇਕ ਦਿਨ ਉਹਨਾਂ ਨੂੰ ਵੀ ਦੇਣਾ ਪਵੇਗਾ। ਇਹ ਨੋਟ ਤੇ ਵੋਟ ਦੋਵੇਂ ਕੌਮ ਨੂੰ ਖਾ ਗਏ। ਕੇਂਦਰ ਸਰਕਾਰ ਨੇ ਇਕ ਦੂੰ ਵਾਢਿਓਂ ਸਾਰੇ ਅਕਾਲੀ ਲੀਡਰਾਂ ਦਾ ਹੀਜ ਪਿਆਜ ਟੋਹ ਲਿਆ ਹੈ। ਉਹ ਸਮਝਦਾ ਹੈ, ਖਤਰਾ ਟਲ ਗਿਆ। ਤੇ ਖਤਰਾ ਹੁਣ ਤੁਹਾਡੇ ਵਿਹੜੇ ਜੱਲੀਆਂ ਪਾ ਰਿਹਾ ਹੈ। ਤੁਹਾਨੂੰ ਅਜਿਹੇ ਥਾਂ ਲਿਆ ਖਲਾਰਿਆ ਹੈ ਕਿ ਤੁਸੀਂ ਆਪੋ ਵਿਚੀ ਮਰੋਗੇ ਤੋਂ ਇਕ ਦੂਜੇ ਦੇ ਜੁੰਡੇ ਪੁਟੋਂਗੇ। ਲਾਹੌਰ ਦਰਬਾਰ ਮੁੜ ਦੋਹਰਾਇਆ ਜਾਵੇਗਾ। ਜੇ ਕਿਸੇ ਦੇ ਖਾਨੇ ਪੈ ਸਕਦੀ ਹੈ ਤਾਂ ਜੇਹਲਾਂ ਅੰਦਰਲੇ ਤੇ ਬਾਹਰਲੇ ਅੱਥਰੇ ਮੁੰਡਿਆਂ ਨੂੰ ਛੁਡਾਓ। ਏਕਾ ਪੱਕਾ ਕਰਕੇ ਮੁੜ ਬੁਨਿਆਦੀ ਮੰਗਾਂ ਉੱਤੇ ਡਟੋ। ਵਰਨਾ ਲੋਕਾਂ ਵਲੋਂ ਛੁਟਕਾਰੇ ਦੀ ਕੋਈ ਸਬੀਲ ਨਹੀਂ।

ਮੈਂ ਲਿਖਿਆ ਹੈ, ਸੈਂਟਰ ਸਿਖਾਂ ਦੀ ਏਕਤਾ ਤੋਂ ਡਰਦਾ ਹੈ। ਲਗਦਾ ਇਉਂ ਐ ਏਕਤਾ ਤੁਸਾਂ ਕਰਨੀ ਨਹੀਂ ਤੇ ਕੌਮ ਦੇ ਬਾਕੀ ਬਚਦੇ ਵਿਰਸਿਆਂ ਦਾ ਵੀ ਨਾਸ ਪੁੱਟ ਹੋ ਜਾਣਾ ਹੈ। ਤੁਹਾਡੀ ਕਿਸਮਤ ਅਗੋਂ ਪਿਛੋਂ ਅਕਾਲ ਤਖਤ ਹੈ, ਭਾਵੇਂ ਢੱਠਾ ਹੀ ਪਿਆ ਹੈ। ਉਹੀ ਤੁਹਾਨੂੰ ਜੋੜ ਸਕਦਾ ਹੈ, ਤੁਸੀਂ ਉਹਦੇ ਦਰਬਾਰ ਸਿਰ ਜੋੜੋ—

...ਹੁਦੇ ਪਰ੍ਹਾਂ ਵਗਾਹੋ—ਖੁਲੇ ਦਿਲ ਨਾਲ ਸਾਰੇ ਆਪਣੀਆਂ ਭੁਲਾਂ ਮੰਨੋ, ਬਖਸ਼ੇ ਜਾਵੋਗੇ। ਨਹੀਂ, ਦਿੱਲੀ ਮਿੱਤ ਨਹੀਂ, ਤੁਹਾਨੂੰ ਪਾੜ ਪਾੜ, ਹੋਰ ਖੁਆਰ ਕਰੇਗੀ। ਦਿੱਲੀ ਨੇ ਗੁਰੂ ਤੇਗ ਬਹਾਦਰ ਤੋਂ ਲੈ ਕੇ ਹੁਣ ਤੱਕ ਕਿਸੇ ਨੂੰ ਨਹੀਂ ਛਡਿਆ। ਬ੍ਰਾਹਮਣ ਚਤਰ, ਤੁਸੀਂ ਭੋਲੇ, ਬਿੱਲੀ ਕਬੂਤਰ ਦਾ ਕੀ ਮੇਲ? ਅਗਲੇ ਤਾਕਤ ਤੇ ਰਾਜਨੀਤੀ ਦੇ ਦੋਹਾਂ ਹਥਿਆਰਾਂ ਨਾਲ ਲੁਟਦੇ ਤੇ ਦਬਾਂਦੇ ਐ। ਜੀਹਦੀ ਪਿੱਠ ਨਾ ਢਕੀ ਹੋਵੇ, ਉਹ ਅਗਿਉਂ ਪਿਛੋਂ ਮਾਰ ਹੀ ਖਾਂਦਾ ਐ। ਆਖਰ 'ਚ ਲੋਕਾਂ ਦੀ ਸ਼ਕਤੀ ਹੀ ਪਿੱਠ ਪੂਰਦੀ ਹੈ। ਏਕੇ ਦੇ ਵਿਸ਼ਵਾਸ਼ ਬਿਨਾਂ ਹੁਣ ਲੋਕ ਈਮਾਨ ਨਹੀਂ ਲਿਆਉਣ ਲੱਗੇ।

ਧੰਨੋ ਕਹਿੰਦੀ; ਮੈਂ ਨੱਥ ਘੜਾਉਣੀ ਐ। ਧੰਨਾ ਬੋਲਿਆ, ਮੈਂ ਨੱਕ ਹੀ ਵੱਢ ਸੁਟਣਾ ਏ। ਤੁਸੀਂ ਵੱਧ ਅਧਿਕਾਰਾਂ ਵਾਲੀ ਖੁਦਮੁਖਤਿਆਰੀ ਮੰਗਦੇ ਓ, ਅਗਲੇ ਦਰਿਆਈ ਪਾਣੀ ਅਤੇ ਵਿਦਿਆ ਨੂੰ ਰਾਜ ਅਧਿਕਾਰਾਂ ਤੋਂ ਖੋਹ ਕੇ ਸੈਂਟਰ-ਲਾਈਜ਼ ਕਰ ਰਹੇ ਐ ਅਤੇ ਬਿਲ ਪਾਰਲੀਮੈਂਟ ਵਿਚ ਲੈ ਆਂਦੇ ਹਨ। ਕਿਸੇ ਰਾਜਸੀ ਪਾਰਟੀ ਨੇ ਇਸ ਦੀ ਮੁਖ਼ਾਲਫਤ ਨਹੀਂ ਕੀਤੀ ਅਤੇ ਨਾ ਹੀ ਕਿਸੇ ਅਮਲ ਦਾ ਪ੍ਰਗਟਾਵਾ ਕੀਤਾ ਏ। ਆਰਥਕ ਸਭਿਆਚਾਰਕ ਪੱਖਾਂ ਤੋਂ ਇਹ ਵੀ ਘੱਟ ਗਿਣਤੀਆਂ ਦੇ ਗੱਲ ਗੂਠਾ ਸਾਬਤ ਹੋਵੇਗਾ।

ਅਕਾਲੀ ਲੀਡਰੋ, ਜਿੰਨਾ ਚਿਰ ਤੁਸੀਂ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਨੂੰ ਦੋ ਸਮਝੋਗੇ, ਮਾਰ ਈ ਖਾਓਗੇ। ਮਿਸਟਰ ਜਿਨਾਹ ਮਰਦੇ ਦਮ ਤੱਕ ਕਾਂਗਰਸ ਨੂੰ ਹਿੰਦੂ ਜਮਾਤ ਆਖਦਾ ਰਿਹਾ। ਉਹ ਓਨਾ ਚਿਰ ਸਮਝੌਤੇ ਦੀ ਮੇਜ਼ ਤੇ ਨਹੀਂ ਆਇਆ ਜਿੰਨਾ ਚਿਰ ਕਾਂਗਰਸ ਨੇ ਆਪੇ ਨੂੰ ਹਿੰਦੂ ਜਮਾਤ ਨਹੀਂ ਮੰਨ ਲਿਆ। ਜੰਮੂ ਕਸ਼ਮੀਰ ਦੀ ਧਾਰਾ 370 ਭਾਵ ਮਾਂਹ ਚਿਟਿਆਈ ਜਿੰਨੀ ਖੁਦਮੁਖਤਿਆਰੀ ਖਤਮ ਕਰਨ ਲਈ ਸਾਰੇ ਮਾਮੇ ਭਾਣਜੇ ਇਕ ਹਨ। ਤੁਸਾਂ ਜੋ ਅੰਦਰੂਨੀ ਖੁਦ-ਮੁਖਤਿਆਰੀ ਲੈਣੀ ਹੈ ਤਾਂ ਜੰਮੂ-ਕਸ਼ਮੀਰ ਦੀ ਧਾਰਾ 370 ਨੂੰ ਕਾਇਮ ਰੱਖਣ ਲਈ ਕਿਉਂ ਉਸ ਰਾਜ ਦੇ ਲੋਕਾਂ ਦਾ ਸਾਥ ਨਹੀਂ ਦੇਂਦੇ? ਉਹਨਾਂ ਦੀ ਹਮਾਇਤ ਕਰਕੇ ਤੁਸੀਂ ਆਪਣੀਆਂ ਮੰਗਾਂ ਦਾ ਸਮਰਥਨ ਲੈ ਸਕਦੇ ਹੋ। ਕਾਨੂੰਨੀ ਤੇ ਗੱਲਬਾਤੀ ਢੰਗ ਇਕ ਤਰ੍ਹਾਂ ਫਰਾਡ ਹੋ ਕੇ ਰਹਿ ਗਏ ਹਨ। ਭਾਰਤ ਸਰਕਾਰ ਲੰਕਾ ਦੇ ਤਾਮਿਲਾਂ ਲਈ ਵੱਧ ਅਧਿਕਾਰਾਂ ਲਈ ਜਤਨਸ਼ੀਲ ਐ ਪਰ ਸਿਖਾਂ ਨੂੰ ਉਹ ਅਧਿਕਾਰ ਦੇਣ ਲਈ

ਤਿਆਰ ਨਹੀਂ। ਸਗੋਂ ਜੋ ਉਹਨਾਂ ਕੋਲ ਹੈ, ਉਹ ਵੀ ਖੋਹਣ ਦੇ ਜ਼ਤਨ ਕਰ ਰਹੀ ਹੈ।

ਫਾਰਸੀ ਦੀ ਕਹੌਤ ਐ, ਤੰਗ ਆਮਦ, ਮਜੰਗ ਆਮਦ। ਜਦੋਂ ਗੱਲਬਾਤੀ ਢੰਗ ਫਿਹਲ ਹੋ ਜਾਣ ਗਲ ਤਾਕਤ ਤੇ ਆ ਜਾਂਦੀ ਹੈ। ਕੀ ਕੇਂਦਰ ਸਰਕਾਰ ਸਮਝੌਤਾ ਨਾ ਲਾਗੂ ਕਰਕੇ ਹਾਲਾਤ ਹੋਰ ਨਹੀਂ ਵਿਗਾੜ ਰਹੀ ? ਪੰਜਾਬ ਦੇ ਹਰ ਖੇਤ ਗਲੀ-ਮੁਹੱਲੇ ਵਿਚ ਪ੍ਰਾਪਤੀਆਂ ਲਈ ਜੂਝਦਿਆਂ ਬੇਬਾਹ ਖ਼ੂਨ ਡੁਲਿਆ, ਪਰ ਮਿਲਿਆ ਕੀ ? ਸਰਕਾਰਾਂ ਗੱਲਬਾਤੀ ਢੰਗ ਇਸ ਲਈ ਅਗੇ ਲਿਆਉਂਦੀਆਂ ਹਨ ਕਿ ਵਿਰੋਧੀ ਤਾਕਤ ਜੋੜਨਾ ਨਾ ਸ਼ੁਰੂ ਕਰ ਦੇਣ। ਉਭਾਰ ਨਿਘਾਰ ਵੱਲ ਆ ਜਾਵੇ। ਅਕਾਲੀ ਲੀਡਰੋ, ਅਸਲ ਵਿਚ ਖ਼ੂਬਸੂਰਤ ਲਾਰਿਆਂ ਦਾ ਚੋਗਾ ਖਲਾਰ ਕੇ ਸੈਂਟਰ ਨੇ ਬਟੇਰੇ ਫੜਨੇ ਹਨ—ਜਾਲ ਵਿਚ ਫਸਾਉਣੇ ਸਨ। ਉਹਨਾਂ ਫਸਾ ਲਏ ਤੇ ਹੋ ਪੈਰ ਨਰੜ ਕੇ ਕੁਰਸੀਆਂ ਵਿਚ ਬਰਾਜਮਾਨ ਕਰ ਦਿਤੇ। ਪੰਜਾਬੀ ਭਰਾਓ, ਮੰਗਾਂ ਦੀ ਪੂਰਤੀ ਵਾਲਾ ਸੱਚ ਇਕ ਪਾਸੇ ਤੇ ਰਾਜ ਗੱਦੀ ਦੂਜੇ ਪਾਸੇ। ਕੁਰਸੀ ਜ਼ੁਬਾਨ ਨੂੰ ਲਕਵਾ ਮਾਰ ਦੇਂਦੀ ਐ। ਮੇਰੇ ਕੋਲੋਂ ਸੱਚ ਪੁਛੋ ਤਾਂ ਪੰਜਾਬ ਦੇ ਹਿੱਤਾਂ ਲਈ ਕੋਈ ਲੀਡਰ ਈਮਾਨਦਾਰ ਨਹੀਂ, ਸੰਜੀਦਾ ਨਹੀਂ। ਕੁਰਸੀ ਦਾ ਵਿਰੋਧ ਕੁਰਸੀ ਲਈ ਕੀਤਾ ਜਾ ਰਿਹਾ ਹੈ। ਤੁਹਾਡੀਆਂ ਮੰਗਾਂ ਲਈ ਉੱਕਾ ਨਹੀਂ। ਲੋਕਾਂ ਦੀ ਵਰਾਸਤ ਨੂੰ ਕਈਆਂ ਜੱਦੀ ਜਾਇਦਾਦ ਸਮਝਕੇ ਉਥਲ ਪੁਥਲ ਪਾ ਰੱਖੀ ਹੈ। ਵਜ਼ੀਰੀਆਂ ਤੋਂ ਅਸਤੀਫ਼ੇ ਮਾਣ ਅਣਖ ਕਾਰਨ ਨਹੀਂ ਦਿੱਤੇ, ਸਗੋਂ ਇਸ ਵਿਚ ਸੈਂਟਰ ਦੀ ਮਿਲ ਭੁਗਤ ਬਰਾਬਰ ਦੀ ਸ਼ਰੀਕ ਹੈ।

ਰਾਜ ਦੇ ਅੰਦਰਲੇ ਤੇ ਬਾਹਰਲੇ ਸਭ ਲੀਡਰਾਂ ਵਿਚ ਤਿਆਗ ਤੇ ਕੁਰਬਾਨੀ ਦੀ ਭਾਵਨਾ ਜ਼ੀਰੋ ਪਰਸੈਂਟ ਵੀ ਨਹੀਂ ਰਹੀ। ਕਾਂਗਰਸੀ ਲੀਡਰ ਜਿਵੇਂ ਕੇਂਦਰ ਸਰਕਾਰ ਸੰਕੇਤ ਦੇਂਦੀ ਰਹੀ, ਵਿਚਾਰੇ ਅੰਗੂਠੇ ਲਾਉਂਦੇ ਰਹੇ। ਨਤੀਜਾ ਪੰਜਾਬ ਦੀ ਆਰਥਿਕ ਅਧੋਗਤੀ ਵਿਚ ਨਿਕਲਿਆ, ਕਮਿਊਨਿਸਟ ਪਾਰਟੀਆਂ ਵਿਚ ਜਾਨ ਹੁੰਦੀ, ਆਪਣੇ ਸੱਚ ਤੇ ਅਮਲ ਕਰਦੇ ਤਾਂ ਹਿੰਦੂਆਂ ਸਿਖਾਂ ਵਿਚ ਨਾਮਿਲਣ ਵਾਲੀ ਦਰਾੜ ਕਦੇ ਨਾ ਪੈਂਦੀ। ਇਨਕਲਾਬ ਪਿਆ ਖੂਹ ਖਾਤੇ, ਇਹ ਹਿੰਦੂਆਂ ਨੂੰ ਈਮਾਨ-ਦਾਰ ਪੰਜਾਬੀ ਵੀ ਨਹੀਂ ਬਣਾ ਸਕੇ। ਜਦ ਸਾਰੇ ਭਾਰਤ ਦੀਆਂ ਰਾਜਸੀ ਪਾਰਟੀਆਂ ਪੰਜਾਬ ਦੇ ਹੱਕਾਂ ਦਾ ਵਿਰੋਧ ਕਰ ਰਹੀਆਂ ਜਾਂ ਆਪਣੀ ਨੀਤੀ ਦੇ ਢਾਂਚੇ ਵਿਚ ਫਿੱਟ ਕਰਨਾ ਲੋੜਦੀਆਂ ਹੋਣ, ਪੰਜਾਬ ਨੂੰ ਨਿਆਂ ਮਿਲਣ ਦੀ ਆਸ ਲਾਹ ਛੱਡਣੀ

ਚਾਹੀਦੀ ਹੈ । ਜਦ ਅਕਾਲੀ ਲੀਡਰਸ਼ਿਪ ਵੀ ਹੰਨੇ ਹੰਨੇ 'ਮੈਂ ਨਾ ਮਾਨੂੰ' ਦੀ ਰੱਟ ਤੇ ਅੜੀ ਹੋਵੇ; ਪੰਜਾਬ ਦੇ ਲੋਕਾਂ ਖਾਸ ਕਰ ਸਿਖਾਂ ਨੂੰ ਹੋਰ ਖੂਨ ਦੇਣ ਲਈ ਤਿਆਰ ਹੋਣਾ ਚਾਹੀਦਾ ਹੈ । ਇਸ ਵਾਰ ਅਕਾਲੀ ਆਗੂ ਬਰਾਬਰ ਦੇ ਕਾਤਲ ਹੋਣਗੇ । ਮੁਗਲ ਫੌਜ ਨੇ ਬੰਦੇ ਬਹਾਦਰ ਨੂੰ ਘੇਰਿਆ ਹੋਇਆ ਸੀ ਤੇ ਤੱਤ ਖਾਲਸਾ ਔਖੇ ਸਮੇਂ ਉਹਦਾ ਸਾਥ ਛੱਡ ਗਿਆ । ਉਸ ਹਸ਼ਰ ਨਾਲੋਂ ਅੱਜ ਦੀ ਔਖੀ ਸਥਿਤੀ ਨੂੰ ਬਹੁਤਾ ਨਹੀਂ ਤਾਂ ਦਸ ਨਾਲ ਜ਼ਰਬ ਜ਼ਰੂਰੀ ਦੇ ਲਓ । ਲਾਹਨਤ ਤੇ ਬੇਸ਼ਰਮੀ ਇਹਨਾਂ ਲਈ ਮੱਖੀਆਂ ਹਨ, ਹੱਥ ਫੇਰਿਆ ਤੇ ਚਿਹਰਾ ਸਾਫ ।

ਜਿਹੜੀ ਬਿਲਡਿੰਗ ਦੀ ਨੀਂਹ ਰੇਤ ਉੱਤੇ ਰਖੀ ਗਈ ਹੈ, ਉਸ ਕਦੇ ਵੀ ਦਰਾੜਾਂ ਖਾ ਜਾਣੀਆਂ ਹਨ । ਸਗੋਂ ਉਸ ਵਿਚ ਵਸਦਿਆਂ ਨੂੰ ਲੈ ਮਰਨਾ ਹੁੰਦਾ ਹੈ । ਕੁਰਸੀ ਨੂੰ ਸਥਾਪਤ ਕਰਨ ਲਈ ਜਿਸ ਢੰਗ ਨਾਲ ਬੁਰਕੀਆਂ ਵੰਡੀਆਂ ਹਨ, ਸੱਚ, ਅਸੂਲ ਤੇ ਜ਼ਾਬਤੇ ਨੂੰ ਖੂਹ ਸੁੱਟ ਕੇ ਝੂਠ ਤੇ ਨਿੱਜੀ ਸੁਆਰਥ ਜਿਵੇਂ ਪ੍ਰਧਾਨ ਆ ਬਣੇ ਹਨ । ਹੁਣ ਤਾਂ ਬਾਬਾ ਨਾਨਕ ਹੀ ਕਹਿ ਸਕਦਾ ਹੈ । ਕੂੜ ਫਿਰੇ ਪ੍ਰਧਾਨ ਵੇ ਲਾਲੋ । ਓਏ ਭੋਲੇ ਤੇ ਨਿਰੇ ਸ਼ਰਧਾਵਾਨ ਅਕਾਲੀ ਵਰਕਰੋ, ਤੁਸੀਂ ਹੀ ਜ਼ਰਾ ਕੁ ਸੋਚੋ, ਜਿਹੜੇ ਤੇਰਾਂ ਤੇਰਾਂ ਵਰੇ ਪ੍ਰਧਾਨ ਰਹਿ ਕੇ ਪੰਥ ਦਾ ਕੁਝ ਨਹੀਂ ਸਵਾਰ ਸਕੇ, ਹੁਣ ਕੀ ਰੰਗ ਲਾ ਦੇਣਗੇ ? ਰਾਜੇ ਅਗੇ ਆ ਕੇ ਆਪਣਾ ਰਾਜ ਤਾਂ ਕਾਇਮ ਰਖ ਸਕਦੇ ਐ, ਕਿਸਾਨੋ ਤੁਹਾਡਾ ਉਹਨਾਂ ਕੁਝ ਨਹੀਂ ਸਵਾਰਨਾ । ਤੁਹਾਨੂੰ ਸੱਚੀ ਦੱਸਾਂ, ਇਹਨਾਂ ਲੀਡਰਾਂ ਨਾ ਮਰਨਾ ਏ ਤੇ ਨਾ ਮੰਜਾ ਦੇਣਾ ਏ । ਟਿੰਡ ਵਿਚ ਕਾਨਾ ਜ਼ਰੂਰ ਰਖਣਗੇ । ਅਕਾਲੀ ਵਰਕਰਾਂ ਨੂੰ ਜਿਹੜੇ ਸਾਰੇ ਹੀ ਟੁਟੇ ਹੋਏ ਕਿਸਾਨ ਐ ਮੈਂ ਸੰਜੀਦਗੀ ਨਾਲ ਬੇਨਤੀ ਕਰਦਾ ਹਾਂ : ਤੁਹਾਡਾ ਮੁਲ ਵਟਿਆ ਜਾ ਰਿਹਾ ਐ ਅਤੇ ਪੰਥ ਤੇ ਪੰਜਾਬ ਦੇ ਹਿਤ ਵਾਲਾ ਵਰਕਾ ਸਮਝੌਤੇ ਵਿਚੋਂ ਪਾੜਿਆ ਜਾ ਚੁਕਾ ਹੈ ।

ਇਹਨਾਂ ਧਨੇਸੂਆਂ ਨੂੰ ਲਾਹੁਣ ਅਤੇ ਆਪਣੇ ਹੱਕ ਲੈਣ ਲਈ ਤੁਸੀਂ ਸਰਕਲਾਂ ਅਤੇ ਜ਼ਿਲਿਆਂ ਵਿਚ ਆਪਣੇ ਤੌਰ ਤੇ ਅਨੰਦਪੁਰ ਦੇ ਮਤੇ ਅਤੇ ਪਾਣੀ ਦੇ ਮਸਲੇ ਨੂੰ ਲੈ ਕੇ ਕਨਵੈਨਸ਼ਨਾਂ ਆਰੰਭੋ ਤੇ ਏਕਤਾ ਦਾ ਨਾਅਰਾ ਦਿਓ । ਸਾਂਝੀ ਸੋਚ ਨੂੰ ਅੱਗੇ ਲਿਆਓ । ਚਲ ਚੁਕੇ ਕਾਰਤੂਸਾਂ ਨੂੰ ਇਕ ਦਿਨ ਉਨ ਦੀ ਮਾਲਾ ਤੇ ਨਿਤਨੇਮ ਦਾ ਗੁਟਕਾ ਭੇਂਟ ਕਰਕੇ ਮੱਥਾ ਟੇਕ ਦਿਓ । ਆਖੋ ਪੰਡਤਾ, ਜਿੰਨਾ ਨਾਤੀ ਓਨਾ ਹੀ ਪੁੰਨ । ਤੂੰ ਆਪਣੀਆਂ ਪੋਥੀਆਂ ਸਾਂਭ ਤੇ ਘਰ ਨੂੰ ਵਗਦਾ ਹੋ । ਹੁਣ ਆਪਣੀ ਕਿਸਮਤ

ਆਪ ਘੜਨ ਲਈ ਲੱਕ ਬੰਨੋ । ਚੜ੍ਹਦੀ ਕਲਾ ਦਾ ਚਮਤਕਾਰਾ ਵਿਖਾਓ । ਤੁਹਾਡੇ ਵਿਚ ਹਿੰਮਤ, ਮਿਹਨਤ, ਕੁਰਬਾਨੀ ਤੇ ਅਕਲ ਸਭ ਕੁਝ ਹੈ । ਬੱਸ ਜਦੋਂ ਪੈਂਦੀ ਐ, ਫੁਟ ਤੇ ਭੁਖ ਦੀ ਬੀਮਾਰੀ ਆਉਂਦੀ ਐ । ਇਸ ਤੋਂ ਬਚਣ ਲਈ ਅਗਾਊਂ ਪੇਸ਼ਬੰਦੀ ਕਰੋ । ਇਸ ਮੰਝਧਾਰ ਵਿਚੋਂ ਨਿਕਲਣ ਦਾ ਹੋਰ ਕੋਈ ਰਾਹ ਨਹੀਂ । ਜੂਝਣਾ ਤੁਹਾਨੂੰ ਗੁਰੂ ਗੋਬਿੰਦ ਸਿੰਘ ਨੇ ਸਿਖਾਇਆ ਹੈ । ਕੋਈ ਵੀ ਹੋਰ ਬਿਪਤਾ ਆਉਣ ਤੋਂ ਪਹਿਲਾਂ ਮਜ਼ਬੂਤ ਏਕੇ ਲਈ ਪੂਰਾ ਤਾਣ ਲਾਓ । ਗੁਰੂ ਦਾ ਆਸਰਾ ਤੇ ਆਪਣਾ ਦਰਿੜ ਨਿਸਚਾ ਤੁਹਾਡੇ ਪਤਵਾਰ ਹਨ, ਤੁਸੀਂ ਭਵਜਲੋਂ ਜ਼ਰੂਰ ਪਾਰ ਹੋਵੋਗੇ, ਪਰ ਦਿਲ ਨਾ ਹਾਰਿਓ ।

ਜੇ ਬਰਨਾਲਾ ਛੱਬੀ ਜਨਵਰੀ ਨੂੰ ਸਮਝੌਤੇ ਅਨੁਸਾਰ ਚੰਡੀਗੜ੍ਹ ਨਾ ਦੇਣ ਤੇ ਅਸਤੀਫਾ ਦੇ ਦਿੰਦਾ, ਪੰਜਾਬ ਦਾ ਈਮਾਨਦਾਰ ਤੇ ਸੰਜੀਦਾ ਲੀਡਰ ਸਥਾਪਤ ਹੋ ਜਾਂਦਾ । ਪਰ ਉਹ ਊਠ ਦੇ ਡਿਗਦੇ ਬੁਲ੍ਹ ਵੱਲ ਹੀ ਤੱਕਦਾ ਰਿਹਾ । ਲੋਕਾਂ ਸਮਝਿਆ ਉਸ ਨੂੰ ਕੁਰਸੀ ਨੇ ਫੜ ਲਿਆ ਹੈ । ਸੈਂਟਰ ਸਰਕਾਰ ਤੇ ਕਾਂਗਰਸ ਚਾਹੁੰਦਾ ਸੀ, ਕਿਸੇ ਦਾਅ ਮਾਰੀ ਨਾਲ ਬਰਨਾਲੇ ਨੂੰ ਅਕਾਲੀ ਏਕਤਾ ਤੋਂ ਉੱਖਾੜ ਕੇ ਆਪਣੇ ਆਸਰੇ ਤੇ ਲੈ ਆਂਦਾ ਜਾਵੇ । ਤਾਂ ਜੋ ਇਸ ਤਰ੍ਹਾਂ ਪੰਜਾਬ ਦਾ ਇਕ ਹੋਰ ਲਛਮਣ ਸਿੰਘ ਸੁਖਾਲਿਆਂ ਹੀ ਖਤਮ ਕੀਤਾ ਜਾ ਸਕੇ । ਅਕਾਲੀ ਵਰਕਰੋ ! ਤੁਹਾਡੇ ਸਿਦਕ ਅਤੇ ਸੱਚ ਉੱਤੇ ਕਿੰਤੂ ਨਹੀਂ । ਤੁਹਾਡੀ ਕੁਰਬਾਨੀ ਅਗੇ ਸੰਸਾਰ ਇਤਿਹਾਸ ਦਾ ਸਿਰ ਝੁਕਦਾ ਹੈ । ਤੁਸੀਂ ਮੇਰੀ ਕਨਵੈਨਸ਼ਨਾਂ ਵਾਲੀ ਗੱਲ ਤੇ ਸੰਜੀਦਗੀ ਨਾਲ ਗੌਰ ਕਰੋ । ਹਥਿਆਰ ਚੁਕੀ ਫਿਰਦੇ, ਮਰਨ ਮਾਰਨ ਤੇ ਆਏ ਮੁੰਡੇ, ਜਿਸ ਦੇ ਵੀ ਸੰਪਰਕ ਵਿਚ ਆਉਣ, ਉਹਨਾਂ ਨੂੰ ਸਮਝਾਓ । ਬੇਨਤੀ ਕਰੋ : 'ਪੁਤਰੋ ! ਤੁਸੀਂ ਪੰਜਾਬ ਦਾ ਅਸਲ ਸੋਨਾ ਹੋ—ਤੁਸੀਂ ਵੀ ਮਾਰੇ ਗਏ, ਬਾਕੀ ਤਾਂ ਰੇਤ ਹੀ ਰਹਿ ਜਾਣੀ ਹੈ । ਜਿਸ ਵਿਚ ਨਾ ਕੁਝ ਉੱਗੇ, ਜੇ ਉੱਗੇ ਤਾਂ ਸੜ ਭੁਜ ਜਾਵੇ । ਤੁਹਾਡਾ ਰਾਹ ਸਮੇਂ ਦੀ ਨੀਤੀ ਅਨੁਸਾਰ ਸਹੀ ਨਹੀਂ ।' ਆਪਣੀ ਗੱਲ ਮਨਵਾਉਣ ਲਈ ਉਹਨਾਂ ਨੂੰ ਮਜ਼ਬੂਰ ਕਰ ਦਿਓ ।

ਪੰਜਾਬ ਸਰਕਾਰ ਜੇ ਈਮਾਨਦਾਰੀ ਨਾਲ ਹਥਿਆਰ ਚੁਕੀ ਫਿਰਦੇ ਮੁੰਡਿਆਂ ਨੂੰ ਕੌਮੀ ਮੁਖ ਧਾਰਾ ਨਾਲ ਜੋੜਨਾ ਚਾਹੁੰਦੀ ਐ ਤਾਂ ਉਸ ਨੂੰ ਲੋਕਾਂ ਦਾ ਸਾਂਝਾ ਤੇ ਈਮਾਨਦਾਰ ਕਮਿਸ਼ਨ ਨੀਯਤ ਕਰਨਾ ਚਾਹੀਦਾ ਹੈ । ਜਿਸ ਅਗੇ ਉਹ ਨਿਧੱੜਕ ਹਥਿਆਰ ਸੁਟ ਸਕਣ । ਪੁਲੀਸ ਅਗੇ ਉਹਨਾਂ ਹਥਿਆਰ ਨਹੀਂ ਸੁਟਣੇ, ਮਰ ਨਸ਼ੰਗ

ਜਾਣ। ਉਹਨਾਂ ਨੂੰ ਛੋਟ ਦੀ ਪੱਕੀ ਗਰੰਟੀ ਦਿੱਤੀ ਜਾਵੇ। ਲੋਕਾਂ ਦੇ ਸਾਂਝੇ ਕਮਿਸ਼ਨ ਤੇ ਉਹ ਭਰੋਸਾ ਕਰ ਲੈਣਗੇ, ਸਰਕਾਰ ਅਤੇ ਪੁਲੀਸ ਉੱਤੇ ਵਿਸ਼ਵਾਸ ਨਹੀਂ ਕਰਨਗੇ। ਸੈਕਟਰੀ ਪੱਧਰ ਦਾ ਇਕ ਨੁਮਾਇੰਦਾ ਸਰਕਾਰ ਉਸ ਕਮਿਸ਼ਨ ਵਿਚ ਨਸ਼ੰਗ ਪਾ ਲਵੈ। ਮੈਨੂੰ ਭਰੋਸਾ ਹੈ ਇਉਂ ਪੰਜਾਬ ਵਿਚੋਂ ਖੂਨ ਖਰਾਬਾ ਬੰਦ ਹੋ ਸਕਦਾ ਹੈ। ਸਿਖ ਨੌਜਾਵਾਨੀ ਨੂੰ ਜਿੰਨਾ ਦਬਾਉਗੇ, ਜਿਵੇਂ ਕਿ ਕਾਰਵਾਈ ਜਾਰੀ ਹੈ, ਉਸ ਤੋਂ ਦੂਣੇ ਜੋਸ਼ ਨਾਲ ਉਭਰੇਗੀ। ਜੇ ਨੌਜਵਾਨ ਗਲਤ ਐ ਤਾਂ ਪੁਲੀਸ ਤੇ ਸਰਕਾਰ ਦਾ ਰਵੱਈਆ ਵੀ ਗਲਤ ਐ। ਟਕਰਾਅ ਹੁਣ ਤਕ ਗਲਤ ਨੀਤੀ ਕਾਰਨ ਵਧਦਾ ਗਿਆ ਹੈ।

ਜੇ ਬਲਿਊ ਸਟਾਰ ਐਕਸ਼ਨ ਗਲਤ ਸੀ ਤਾਂ ਦਰਬਾਰ ਸਾਹਿਬ ਵਿਚ ਸਿਖ ਹੁਕਮਰਾਨ ਦੇ ਹੁਕਮ ਨਾਲ ਪੁਲੀਸ ਐਕਸ਼ਨ ਕਿਵੇਂ ਸਹੀ ਹੋਵੇਗਾ ? ਭੁਲ ਮੰਨਣਾ ਦਲੇਰੀ ਵਾਲੀ ਗੱਲ ਐ। ਜੇ ਬਰਨਾਲਾ ਸਾਹਿਬ ਨੂੰ ਸਿਖ ਪੰਥ ਦੀ ਏਕਤਾ ਲਈ ਗੱਦੀ ਵੀ ਛੱਡਣੀ ਪਵੇ, ਛੱਡ ਦੇਣੀ ਚਾਹੀਦੀ ਹੈ। ਪਰ ਪੁਰਾਣੇ ਖੜਪੈਂਚਾਂ ਨੂੰ ਕਿਸੇ ਸੂਰਤ ਵਿਚ ਅਗੇ ਨਾ ਲਿਆਂਦਾ ਜਾਵੇ। ਜਿਹਨਾਂ ਪੁਆੜੇ ਪਾਏ ਐ, ਉਹ ਏਕਤਾ ਦੇ ਆਗੂ ਨਹੀਂ ਹੋ ਸਕਦੇ। ਉਹਨਾਂ ਦੀ ਜਿਹਨੀਅਤ ਲੋਕਾਂ ਚੱਜ ਨਾਲ ਪਰਖ ਲਈ ਹੈ ਤੇ ਨਤੀਜੇ ਵੀ ਭੁਗਤ ਲਏ ਹਨ। ਇਸ ਅਧੋਗਤੀ ਦੇ ਸਮੇਂ ਤਾਰੀਖ ਉਸ ਨੂੰ ਹੀ ਮਹਾਨ ਹੀਰੋ ਸਮਝੇਗੀ, ਜਿਹੜਾ ਕੁਰਬਾਨੀ ਕਰਕੇ ਏਕਤਾ ਸਥਾਪਤ ਕਰ ਗਿਆ। ਵਰਨਾ ਹਰੀਜਨ ਔਰਤ ਦੇ ਆਖਣ ਵਾਂਗ ਜੇ ਸਾਰੇ ਸਵੇਰ ਨੂੰ ਸੁਤੇ ਹੀ ਰਹਿ ਜਾਣ, ਪੰਜਾਬ ਨੂੰ ਕੋਈ ਘਾਟਾ ਨਹੀਂ ਪੈਣ ਲੱਗਾ। ਲੋਕ ਸ਼ੁਕਰ ਕਰਨਗੇ, ਪਾਪ ਮਗਰੋਂ ਲੱਥੇ।

ਇਕ ਗੱਲ ਬਾਬਾ ਆਮਟੇ ਤੇ ਸੁਸ਼ੀਲ ਮੁਨੀ ਜੀ ਬਾਰੇ ਵੀ ਆਖ਼ਣਾ ਚਾਹੁੰਦਾ ਉਹਨਾਂ ਸਿਖਾਂ ਨੂੰ ਤਾਂ ਬੜੀਆਂ ਅਪੀਲਾਂ ਕੀਤੀਆਂ, ਪਰ ਸਿਖਾਂ ਦੇ ਦੁਖਾਂ ਤੇ ਹੱਕੀ ਮੰਗਾਂ ਬਾਰੇ ਕਿਉਂ ਮੂੰਹ ਸਿਉਂ ਰਖੇ। ਉਹਨਾਂ ਪੰਜਾਬ ਦੇ ਹਿੰਦੂਆਂ ਨੂੰ ਕਿਉਂ ਨਹੀਂ ਰੋਕ ਕੇ ਆਖਿਆ ਕਿ ਤੁਹਾਡੀ ਮਾਂ ਬੋਲੀ ਪੰਜਾਬੀ ਐ ਤੇ ਤੁਹਾਡੇ ਈਮਾਨਦਾਰ ਪੰਜਾਬੀ ਬਣੇ ਬਿਨਾਂ ਪੰਜਾਬ ਵਿਚ ਅਮਨ ਨਹੀਂ ਹੋਣਾ। ਅੱਗ ਲੱਗਣ ਦੀ ਬੁਨਿਆਦ ਨੂੰ ਕਿਉਂ ਨਹੀਂ ਫੜਿਆ। ਹਿੰਦੋਸਤਾਨ ਦਾ ਸਾਰਾ ਕੌਮੀ ਪ੍ਰੈਸ ਸਿਖ ਹਿਤਾਂ ਦਾ ਡਟ ਕੇ ਵਿਰੋਧ ਕਰ ਰਿਹਾ ਹੈ। ਅਸੀਂ ਸਿਖ ਖਾਲਿਸਤਾਨ ਨਹੀਂ ਚਾਹੁੰਦੇ, ਪਰ ਮੁਨੀ ਜੀ ਸਾਰੀਆਂ ਹਿੰਦੂ ਸੰਸਥਾਵਾਂ, ਪ੍ਰੈਸ ਵਿਰੋਧੀ ਰਾਜਸੀ ਪਾਰਟੀਆਂ ਤੇ ਸੈਂਟਰ ਸਰਕਾਰ ਦਾ

ਤੁਰਿਆ ਆ ਰਿਹਾ ਵਿਤਕਰੇ ਭਰਿਆ ਰਵੱਈਆ ਤਾਂ ਆਪਣੇ ਆਪ ਖਾਲਿਸਤਾਨ ਨੂੰ ਧੱਕੀ ਆ ਰਿਹਾ ਹੈ । ਜਿਵੇਂ ਪਾਕਿਸਤਾਨ ਅਗੇ ਲਿਆਂਦਾ ਸੀ । ਭਾਰਤ ਬਹੁ ਕੌਮੀ ਦੇਸ਼ ਐ । ਇਹਨਾਂ ਕੌਮੀਅਤਾਂ ਦੀ ਆਪਣੀ ਬੋਲੀ ਇਤਿਹਾਸ ਤੇ ਜਾਗਦੀ ਸਭਿਅਤਾ ਹੈ । ਇਹਨਾਂ ਨੂੰ ਖੁਲ੍ਹ ਦਿਤੇ ਬਿਨਾਂ ਇਸ ਵਿਸ਼ਾਲ ਦੇਸ਼ ਨੂੰ ਇਕੱਠਾ ਨਹੀਂ ਰਖਿਆ ਜਾ ਸਕਦਾ । ਇਤਿਹਾਸ ਗਵਾਹ ਹੈ ਜਦੋਂ ਵੀ ਸਾਰੀਆਂ ਕੌਮੀਅਤਾਂ ਨੂੰ ਇਕ ਰਸੇ ਨਰੜਨ ਦੀ ਕੋਸ਼ਿਸ਼ ਕੀਤੀ ਓਦੋਂ ਹੀ ਬਗਾਵਤਾਂ ਫੁਟੀਆਂ ਤੇ ਦੇਸ਼ ਟੁਕੜ ਟੁਕੜੇ ਹੋਇਆ । ਹਰ ਕੌਮੀਅਤ ਦੀ ਹੋਂਦ ਨੂੰ ਕਾਇਮ ਰਖੇ ਬਿਨਾਂ ਨਾ ਦੇਸ਼ ਇਕਮੁਠ ਰਹਿ ਸਕਦਾ ਹੈ ਤੇ ਨਾ ਹੀ ਖੁਸ਼ਹਾਲ ਹੋ ਸਕਦਾ ਹੈ । ਅਸੀਂ ਹਰ ਉਸ ਵਿਅਕਤੀ ਨੂੰ ਆਪੋ ਵਿਚ ਭਾਵੇਂ ਉਹ ਕਿੰਨਾ ਹੀ ਵਿਸ਼ੇਸ਼ ਕਿਉਂ ਨਾ ਹੋਵੇ, ਪੰਜਾਬ ਹਿਤਾਂ ਦਾ ਕਾਤਲ ਸਮਝਦੇ ਆਂ, ਜਿਹੜਾ ਸਾਨੂੰ ਤਾਂ ਉਪਦੇਸ਼ ਦੇਂਦਾ ਐ—ਪਰ ਰਾਣੀ ਨੂੰ ਅੱਗਾ ਢੱਕਣ ਨੂੰ ਨਹੀਂ ਕਹਿੰਦਾ । ਇਕ ਤਰਫਾ ਇਸ਼ਕ (ਤੁਸੀਂ ਬੜੇ ਬਹਾਦਰ ਹੋ, ਹਿੰਦੂ ਦੇ ਰਾਖੇ ਓ, ਸਭ ਚਾਪਲੂਸੀਆਂ ਹਨ) ਇਕ ਪਾਸੜ ਉਪਦੇਸ਼ ਤੇ ਇਸ ਤੇ ਵੀ ਵਿਤਕਰਾ ਅਮਨ ਨੂੰ ਨਹੀਂ, ਬਦਅਮਨੀ ਨੂੰ ਸੱਦਾ ਦੇ ਰਹੇ ਐ ।

ਅਸਾਂ ਸੈਂਟਰ ਸਰਕਾਰ ਤੋਂ ਆਪਣਾ ਹੱਕ ਲੈਣਾ ਹੈ ਤੇ ਉਸ ਦੇ ਹੀ ਬਣਾਏ ਕਮਿਸ਼ਨਾਂ ਤੇ ਕਿਵੇਂ ਭਰੋਸਾ ਕਰ ਸਕਦੇ ਆਂ । ਕੌਮਾਂਤਰੀ ਕਾਨੂੰਨ ਰਾਹੀਂ ਅਸੀਂ ਪਾਣੀ ਦੇ ਮਾਲਕ ਆਂ । ਪਰ ਚੁਸਤੀ ਨਾਲ ਨਵਾਂ ਕਾਨੂੰਨ ਅੱਗੇ ਲਿਆਂਦਾ ਜਾ ਰਿਹਾ ਹੈ । ਸੌ ਹੱਥ ਰੱਸਾ ਸਿਰੇ ਤੇ ਗੰਢ ਸੈਂਟਰ ਨੇ ਧੰਨੇ ਦਾ ਪਾਣੀ ਖੋਹਣਾ ਹੀ ਖੋਹਣਾ ਹੈ ਆਪਣੀ ਹੇਰਾਫੇਰਾ ਲੁਕਾਉਣ ਲਈ ਭਾਵੇਂ ਕਾਨੂੰਨ ਬਣਾ ਲਵੇ । ਮੈਂ ਮੁਨੀ ਜੀ ਨੂੰ ਪੁਛਦਾ ਆਂ ਤੁਸੀਂ ਸਮਝੌਤਾ ਕਰਵਾਉਣ ਲਈ ਅਕਾਲੀ ਲੀਡਰਾਂ ਨੂੰ ਵਲ ਕੇ ਦਿੱਲੀ ਲੈ ਗਏ, ਦੁਆਇਆ ਕੀ ਪੰਜਾਬ ਨੂੰ ? ਸਾਨੂੰ ਪੂਰੀ ਸਮਝ ਐ ਤੁਸੀਂ ਕਿਸ ਦੇ ਵਕੀਲ ਹੋ । ਅਸੀਂ ਮੁਨੀਆਂ ਸਵਾਮੀਆਂ ਦੇ ਪੱਟੇ ਹਾਲੇ ਤਕ ਤਾਬ ਨਹੀਂ ਆਏ । ਸਾਡਾ ਅਕਾਲ ਪੁਰਖ ਉੱਤੇ ਭਰੋਸਾ ਹੈ । ਅਸੀਂ ਗੁਰੂ ਗੋਬਿੰਦ ਸਿੰਘ ਦੇ ਜਾਏ ਤੇ ਬੰਦਾ ਬਹਾਦਰ ਦੀ ਉਮੱਤ ਜਦੋਜਹਿਦ ਜਾਰੀ ਰਖਾਂਗੇ, ਜਦੋਂ ਤੋੜੀ ਸਾਨੂੰ ਸਾਡੇ ਹੱਕ ਨਹੀਂ ਮਿਲ ਜਾਂਦੇ ।

ਗੱਲ ਅਕਾਲੀ ਲੀਡਰਾਂ ਦੀ ਖੁਦਗਰਜ਼ੀ ਤੋਂ ਸ਼ੁਰੂ ਕੀਤੀ ਸੀ ਤੇ ਸਵਾਮੀਆਂ ਮੁਨੀਆਂ ਤੇ ਲੈ ਆਇਆਂ ਆਂ । ਮੈਂ ਉਹਨਾਂ ਵਰਗਾ ਮਹਾਨ ਨਹੀਂ । ਪਰ ਆਪੇ ਨੂੰ

ਜਾਨਦਾਰ ਅਲਪ ਜ਼ਰੂਰ ਸਮਝਦਾ ਆਂ । ਉਹਨਾਂ ਆਪਣੀ ਜਮਾਤੀ ਸਰਕਾਰ ਦੀ ਹਮਾਇਤ ਵਿਚ ਫੇਰੀਆਂ ਪਾਈਆਂ । ਸਰਮਾਏਦਾਰੀ ਦੀ ਜ਼ਕੜ ਮਜ਼ਬੂਤ ਕਰਨ ਲਈ ਉਹਨਾਂ ਦੇਸ਼ ਦੀ ਏਕਤਾ ਦੀ ਦੋਹਾਈ ਦਿੱਤੀ । ਮੈਂ ਆਪਣੇ ਕਿਸਾਨ ਤੇ ਸਿਖ ਭਾਈਚਾਰੇ ਲਈ ਕਿਉਂ ਨਾ ਦੋਹਾਈ ਦੇਂਦਾ । ਮੇਰਾ ਚੁਪ ਰਹਿਣਾ, ਮੈਨੂੰ ਦੋਸ਼ੀ ਬਣਾਉਂਦਾ ਐ । ਇਸ ਤਰ੍ਹਾਂ ਉਹ ਪੰਜਾਬੀ ਸਭ ਦੋਸ਼ੀ ਬਣਨਗੇ, ਜਿਹੜੇ ਹੱਕ ਸੱਚ ਨੂੰ ਸਮਝਦੇ ਤਾਂ ਹਨ ਪਰ ਉਹ ਕੂੰਦੇ ਨਹੀਂ । ਕੀ ਸਮਾਂ ਉਹਨਾਂ ਨੂੰ ਲਾਹਨਤੀ ਨਹੀਂ ਕਹੇਗਾ ? ਸੋ ਈਮਾਨਦਾਰ ਪੰਜਾਬੀਓ, ਅਕਾਲੀ ਵਰਕਰੋ, ਜੇ ਆਪਣੀਆਂ ਹੱਕੀ ਮੰਗਾਂ ਦੀ ਫਤਹਿ ਕਰਨੀ ਹੈ, ਅਮਨ ਤੇ ਖੁਸ਼ਹਾਲੀ ਅਗੇ ਲਿਆਉਣੀ ਹੈ, ਤਾਂ ਗੁੰਹਾਂ ਲਗੇ ਬੋਹੜਾਂ ਨੂੰ ਉਲਟਾਓ ਤੇ ਏਕਤਾ ਕਰਕੇ ਪੰਜਾਬ ਨੂੰ ਬਚਾਓ ।

ਲੀਡਰਾਂ ਦੇ ਮੋਢਿਓਂ ਲਹਿ ਕੇ ਗੱਲ ਵਰਕਰਾਂ ਦੇ ਬੂਹੇ ਆ ਖਲੋਤੀ ਐ । ਅਕਾਲੀ ਵਰਕਰੋ ਏਕਤਾ ਲਈ ਕੁਝ ਵੀ ਕਰੋ । ਵਰਨਾ ਪੰਥ, ਪੰਥ ਨਹੀਂ ਰਹੇਗਾ ਤੇ ਪੰਜਾਬ, ਪੰਜਾਬ ਨਹੀਂ ਰਹੇਗਾ । ਸਮਾਂ ਸਭ ਦੇ ਈਮਾਨ ਪਰਖ ਰਿਹਾ ਹੈ ।

ਜਸਵੰਤ ਸਿੰਘ ਕੰਵਲ

ਢੁੱਡੀਕੇ
24.5.86

ਪਿਆਰੇ ਪ੍ਰਕਾਸ਼ ਸਿੰਘ ਜੀ !

ਗੁਰ ਫਤਹਿ ! ਇਕ ਸਿੱਖ ਅਤੇ ਇਕ ਪੰਜਾਬੀ ਦੇ ਨਾਤੇ ਤੁਹਾਨੂੰ ਸੰਬੋਧਤ ਆਂ। ਸਾਰਾ ਜਗਤ ਕਹਿ ਰਿਹਾ ਹੈ, ਸਿੱਖ ਰਾਜਨੀਤੀ ਬੁਨਿਆਦੀ ਟਕਾਣਿਓਂ ਉੱਖੜਕੇ ਆਖਣੀ ਮੌਤ ਮਰ ਰਹੀ ਹੈ ਅਤੇ ਪੰਥ ਲੀਡਰਾਂ ਹੱਥੋਂ ਨਿਘਾਰ ਵੱਲ ਜਾ ਰਿਹਾ ਹੈ। ਫਾਰਸੀ ਵਿਚ ਕਹੌਤ ਹੈ : ਜ਼ਬਾਨੇ ਖਲਕ ਨਕਾਰਾ ਏ ਖ਼ੁਦਾ। ਮੈਂ ਇਸ ਨੂੰ ਦਰੁਸਤ ਮੰਨਦਾ ਹਾਂ। ਜੇ ਲੀਡਰ ਇਸ ਤਰ੍ਹਾਂ ਹੀ ਕੁਚਾਲੇ ਪਏ ਰਹੇ, ਨੇੜ ਭਵਿੱਖ ਵਿਚ ਇਹ ਸੱਚ ਵਾਪਰੇਗਾ। ਇਹ ਇਕ ਅਟੱਲ ਹੋਣੀ ਐ, ਜਿਹੜੀ ਹਰ ਇਕ ਸਿੱਖ ਲੀਡਰ, ਜ਼ਿਲ੍ਹਾ ਜਥੇਦਾਰ, ਅਸੈਂਬਲੀ ਮੈਂਬਰ ਤੇ ਹਰ ਵਰਕਰ ਦੀ ਜ਼ਮੀਰ ਦਾ ਬੂਹਾ ਖੜਕਾਕੇ ਚਿਤਾਵਣੀਆਂ ਦੇ ਰਹੀ ਐ। ਜੇ ਪੰਥ ਦੀ ਸਿੱਖ ਹਕੂਮਤ ਜਾਵੇਗੀ, ਬਦਲੇ ਵਿਚ ਫੌਜੀ ਰਾਜ ਹੀ ਆਵੇਗਾ ਅਤੇ ਸਿੱਖ ਯੂਥ ਨਵੇਂ ਵਢਾਂਗੇ ਲਈ ਤਿਆਰ ਰਹੇ।

ਸਿੱਖ ਰਾਜ ਖਤਮ ਹੋਣ ਪਿਛੋਂ ਸਿੱਖ ਰਾਜ ਨਹੀਂ ਆਵੇਗਾ। ਖਾਤਰ ਜਮ੍ਹਾਂ ਰੱਖੀ ਜਾਵੇ। ਇਕ ਮਾਂ ਨੇ ਆਪਣੇ ਲੜਕੇ ਦੇ ਪੁੱਛਣ ਤੇ ਆਖਿਆ ਸੀ : ਪੁੱਤਾ ਭਾਵੇਂ ਸਾਰਾ ਪਿੰਡ ਮਰ ਜਾਵੇ, ਨੰਬਰਦਾਰੀ ਤੈਨੂੰ ਨਹੀਂ ਮਿਲਣੀ। ਸੋ ਤੁਸੀਂ ਚੀਫ ਵਾਲੀ ਕੁਰਸੀ ਦੀ ਆਸ ਇਹਨਾਂ ਹਾਲਤ ਵਿਚ ਲਾਹ ਛੱਡੋ। ਤੁਹਾਡੀ ਸੈਂਟਰ ਨਾਲ ਸੁਰ ਨਹੀਂ ਮਿਲਦੀ ਅਤੇ ਪੰਜਾਬ ਦੇ ਹਿੰਦੂਆਂ ਨਾਲ ਤੁਸਾਂ ਪਾਲਾ ਟੱਪਕੇ ਵਿਗਾੜ ਲਈ ਹੈ। ਪੰਜਾਬ ਦੇ ਸਿੱਖ ਪਹਿਲਾਂ ਹੀ ਬੁਰਕੀ ਬੁਰਕੀ ਸਨ। ਜਿਸ ਖੰਨੇ-ਚੱਪੇ ਉੱਤੇ ਲੋਕਾਂ ਨੂੰ ਆਸ ਸੀ, ਉਹ ਵੀ ਤੁਸਾਂ ਕਾਵਾਂ ਕੁੱਤਿਆਂ ਜੋਗਾ ਕਰ ਸੁੱਟਿਆ। ਖੇਡਣਾ ਨਾ ਖੇਡਣ ਦੇਣਾ ਦੀ ਅੜੀ ਨਾਲ ਆਖਰ ਵਜ਼ਾਰਤ ਟੁੱਟੇਗੀ ਅਤੇ ਲੋਕਾਂ ਵਲੋਂ ਮੂੰਹ ਕਾਲਖ ਕੀਹਨੂੰ ਮਿਲੇਗੀ ? ਇਸ ਗੱਲ ਦਾ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ। ਇਸ ਦੇ ਬਾਵਜੂਦ ਬਰਫ ਦੇ ਤੋਦੇ ਨੂੰ ਚੱਟਾਨ ਸਮਝਕੇ ਭੰਗੜਾ ਪਾਈ ਜਾ ਰਹੇ ਹੋ।

ਤੁਸੀਂ ਦੋ ਬੇੜੀਆਂ ਦੇ ਸਵਾਰ ਹੋ। ਇਕ ਚੱਪੂ ਅਗਾਂਹ ਨੂੰ ਅਤੇ ਦੂਜਾ ਪਿਛਾਂਹ ਨੂੰ ਮਾਰ ਰਹੇ ਹੋ। ਪਹੁੰਚੋਗੇ ਕਿਥੇ ? ਮੈਂ ਇਹ ਨਹੀਂ ਕਹਿੰਦਾ, ਤੁਸੀਂ ਸਮਝ ਨਹੀਂ ਰੱਖਦੇ ਜਾਂ ਵਾਪਰਨ ਵਾਲੇ ਸਿੱਟਿਆ ਤੋਂ ਬੇਪਰਵਾਹ ਹੋ। ਤੁਹਾਡੇ ਸਲਾਹਕਾਰ ਜਾਂ ਅਸਲੋਂ ਅਨਾੜੀ ਹਨ ਜਾਂ ਹੱਦੋਂ ਵੱਧ ਖਤਰਨਾਕ, ਜਿਹੜੇ ਘੁੰਮਣਘੇਰੀ ਵਿਚ ਪਾ ਕੇ ਤੁਹਾਨੂੰ ਖਤਮ ਕਰਨਾ ਲੋੜਦੇ ਹਨ। ਹਮ ਤੋ ਡੂਬੇ ਹੈਂ ਸਨਮ, ਤੁਝ ਕੋ ਵੀ ਲੇ ਡੂਬੇਂਗੇ। ਇਹ ਕਹੌਤ ਨਿਰੀ ਬਰਨਾਲੇ ਤੇ ਹੀ ਲਹੀਂ ਲਾਗੂ ਹੋਵੇਗੀ, ਤੁਹਾਡੇ ਆਪਣੇ ਸਾਥੀ ਵੀ ਕਿਸੇ ਥਾਂ ਜੋਗੇ ਨਹੀਂ ਰਹਿਣਗੇ। ਮੈਨੂੰ ਵਿਸ਼ਵਾਸ ਐ, ਕਿਸੇ ਬਾਨਣੂੰ ਬੰਨੇ ਬਿਨਾਂ ਤੁਹਾਡੇ ਸਾਰਿਆਂ ਨੂੰ ਕੇਂਦਰੀ ਸਰਕਾਰ ਬੇਰਾਂ ਵਾਂਗ ਖਿਲਾਰ ਦੇਵੇਗੀ। ਹੁਣ ਲੜਾਈ ਅਸੂਲ ਦੀ ਨਹੀਂ ਰਹੀ। ਨੰਗੀ ਚਿੱਟੀ ਕੁਰਸੀ ਦੀ ਬਣ ਗਈ ਹੈ। ਨਾਟਕੀ ਢੰਗ ਨਾਲ ਬਰਫ ਦੇ ਤੋਦੇ ਉੱਤੋਂ ਇਕ ਦੂਜੇ ਨੂੰ ਪਿਛਾੜਨ ਲਈ ਜ਼ੋਰ ਲੱਗਾ ਹੋਇਆ ਹੈ। ਹੁਣ ਲੋਕ ਅਕਾਲੀ ਲੀਡਰਾਂ ਦੇ ਬੇਸੁਰੇ ਵਿਖਿਆਨਾਂ ਨੂੰ ਨੱਕ ਬੁੱਲ੍ਹ ਮਾਰ ਰਹੇ ਹਨ, ਤਾਲੋਂ ਘੁੱਥੀ ਡੂੰਮਣੀ ਬੋਲੇ ਆਲ ਪਤਾਲ। ਪਾਣੀ ਪਾਣੀ ਹੋਈ ਦਾਲ ਵਿਚੋਂ ਸੱਚ ਦਾ ਦਾਣਾ ਟੋਲਿਆਂ ਨਹੀਂ ਮਿਲਦਾ। ਮੈਂ ਸੱਚ ਆਖਦਾ ਆਂ, ਲੋਕ ਆਗੂਆਂ ਨੂੰ ਇਥੋਂ ਤੱਕ ਬੁਰਾ ਭਲਾ ਕਹਿ ਰਹੇ ਹਨ : ਸਭ ਮਰ ਗਏ—ਲੂਣ ਦੀ ਖਾਣ ਵਿਚ ਲੂਣ ਹੋ ਗਏ। ਇਹਨਾਂ ਦਾ ਕੋਈ ਦੀਨ ਈਮਾਨ ਨਹੀਂ ਰਿਹਾ।' ਮੇਰੀ ਤੁਹਾਨੂੰ ਬੇਨਤੀ ਐ, ਤੁਸੀਂ ਹਾਲੇ ਵੀ ਦੀਨ ਈਮਾਨ ਸਲਾਮਤ ਰੱਖ ਸਕਦੇ ਹੋ। ਜੇ ਸਿਦਕ ਈ ਸੁਰਗਵਾਸ ਹੋ ਗਿਆ; ਫਿਰ ਕੋਈ ਕੁਝ ਨਹੀਂ ਕਰ ਸਕੇਗਾ।

ਤੁਸੀਂ ਸਨਿਓਰਟੀ ਦੇ ਲਿਹਾਜ਼ ਨਾਲ ਚੀਫ ਮਨਿਸਟਰੀ ਦੇ ਹੱਕਦਾਰ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਹੁੰਗਾਰਾ ਭਰਿਆ ਸੀ। ਮੈਨੂੰ ਕਨਸੋਅ ਹੈ ਪਰ ਇਹ ਕਿਸੇ ਦੀ ਜੱਦੀ ਜਾਇਦਾਦ ਤਾਂ ਨਹੀਂ। ਲੌਂਗੋਵਾਲ ਜੀ ਨਹੀਂ ਰਹੇ। ਜੇ ਹੁੰਦੇ ਹਾਲਾਤ ਬਿਲਕੁਲ ਹੋਰ ਹੋਣੇ ਸਨ। ਪਰ ਸੰਗਤ ਅਤੇ ਬਹੁ-ਗਿਣਤੀ ਤੋਂ ਲੌਂਗੋਵਾਲ ਜੀ ਵੀ ਵੱਡੇ ਨਹੀਂ ਸਨ ਹੋ ਸਕਦੇ। ਉਹਨਾਂ ਦੇ ਕਤਲ ਦੇ ਨਾਲ ਹੀ ਸਿਖਾਂ ਦਾ ਪੰਜਾਬ ਦਾ ਤੇ ਸਮਝੌਤੇ ਦਾ ਨਿਘਾਰ ਸ਼ੁਰੂ ਹੋ ਗਿਆ। ਤੁਸੀਂ ਏਕਤਾ ਦੀ ਮਜ਼ਬੂਤੀ ਨਾਲ ਹੀ ਉਸ ਨਿਘਾਰ ਨੂੰ ਠੱਲ੍ਹ ਪਾ ਸਕਦੇ ਸੀ। ਹੁਣ ਤੁਸੀਂ ਪੰਥ ਨੂੰ ਖੇਰੂੰ ਖੇਰੂੰ ਕਰਨ ਤੁਰ ਪਏ। ਇਹ ਏਕਤਾ ਅਤੇ ਮਜ਼ਬੂਤੀ ਤੁਹਾਡੇ ਚੀਫ ਮਨਿਸਟਰ ਬਣਨ ਨਾਲ ਹੀ ਕਿਉਂ ਹੁੰਦੀ ਹੈ ? ਕਿਸੇ ਹੋਰ ਨਾਲ ਕਿਉਂ ਨਹੀਂ ਹੋ

ਸਕਦੀ ? ਸਮਾਂ ਤੁਹਾਡੇ ਸਾਰਿਆਂ ਦੀ ਪੰਜਾਬ ਅਤੇ ਪੰਥ ਪ੍ਰਤੀ ਵਫਾ ਪਰਖ ਰਿਹਾ ਹੈ। ਪਰ ਤੁਸੀਂ ਇਕ ਇਕ ਕਰਕੇ ਸੁਆਰਥਾਂ ਵੱਸ ਨੰਗੇ ਹੋਈ ਜਾ ਰਹੇ ਹੋ। ਵਾਹਿ-ਗੁਰੂ ਸਮੱਤ ਬਖਸ਼ੇ।

ਸਾਡੇ ਪਿੰਡ ਦੇ ਇਕ ਪੁਰਾਣੇ ਪ੍ਰਾਇਮਰੀ ਸਕੂਲ ਮਾਸਟਰ ਦਾ ਇਸ ਲਈ ਦਿਮਾਗ ਚੱਲ ਗਿਆ ਕਿ ਉਸ ਦੇ ਪਿੰਡ ਦਾ ਇਕ ਰਮਦਾਸੀਆ ਸ਼ਾਗਿਰਦ ਟੀਚਰ ਬਣਕੇ ਉਸੇ ਸਰਕਲ ਦਾ ਬੀ. ਈ. ਓ. ਲੱਗ ਗਿਆ। ਪੰਡਿਤ ਮਾਸਟਰ ਨੇ ਸਕੂਲ ਜਾਣਾ ਛੱਡ ਦਿੱਤਾ। ਅਖੇ ! ਮੈਂ ਸੀਨੀਅਰ ਸਾਂ, ਇਹਦੇ ਹੇਠਾਂ ਕਿਵੇਂ ਪੜ੍ਹਾਵਾਂ। ਚੁੱਪ ਧਾਰ ਲਈ, ਖਾਣਾ ਪੀਣਾ ਛੱਡ ਦਿੱਤਾ। ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਵਾਹ ਜਹਾਨ ਦੀ ਲਾਈ ਪਰ ਪੰਡਤ ਜੀ ਠੀਕ ਨਾ ਹੋਏ। ਹੁਣ ਮੈਨੂੰ ਤੁਹਾਡਾ ਫਿਕਰ ਖਾਈ ਜਾ ਰਿਹਾ ਹੈ। ਪਤਾ ਨਹੀਂ ਕਿਉਂ ? ਕੋਈ ਸਾਂਝ ਹੋਵੇਗੀ, ਜਿਸ ਕਾਰਨ ਮਨ ਬਹਿਬਲ ਹੈ। ਕੁਦਰਤ ਅਤੇ ਹਾਲਾਤ ਨੇ ਜੇ ਸਾਰਥਕ ਪਲਟਾ ਨਾ ਖਾਧਾ, ਤੁਸੀਂ ਡਾਕਟਰ ਦੇ ਜ਼ਰੂਰ ਜਾਓਗੇ। ਇਹ ਪੀੜ ਮੇਰੇ ਸਿਰ ਸੂਲਾਂ ਹੀ ਨਹੀਂ; ਸੂਏ ਮਾਰ ਰਹੀ ਹੈ, ਸਾੜਾ ਵਧਕੇ ਕੁਝ ਵੀ ਹੋ ਸਕਦਾ ਹੈ। ਤੁਹਾਡੇ ਸਲਾਹਕਾਰਾਂ ਉੱਤੇ ਮੈਨੂੰ ਸ਼ੱਕ ਐ। ਕੀ ਕੋਈ ਸੰਜੀਦਾ ਮਿੱਤਰ ਨਹੀਂ, ਜਿਹੜਾ ਗਲਤ ਹਾਲਾਤ ਦੀ ਦਲਦਲ ਵਿਚੋਂ ਤੁਹਾਨੂੰ ਧੂਹਕੇ ਬਾਹਰ ਕੱਢ ਸਕੇ ? ਸ਼ਾਲਾ ! ਕੋਈ ਪੰਥ ਦਰਦੀ ਨਿੱਤਰੇ।

ਜੇ ਤੁਸੀਂ ਪੰਥ ਨੂੰ ਸੁਪਰੀਮ ਮੰਨਦੇ ਹੋ, ਤਦ ਵਿਅਕਤੀ ਅਤੇ ਉਸ ਦੀ ਹਾਊਮੈ ਤੁਛ ਹੈ। ਬਾਦਲ ਸਾਹਿਬ ! ਉਹ ਵੀ ਸਨ, ਜਿਹਨਾਂ ਪੰਥ ਲਈ ਪਰਿਵਾਰ ਵੀ ਵਾਰ ਦਿੱਤੇ, ਤੁਸੀਂ ਆਪਣੀ ਹਉਂਮੈ ਵੀ ਨਹੀਂ ਤਿਆਗ ਸਕਦੇ। ਕੀ ਕਦੇ ਪਤਾ ਲਿਆ ਹੈ, ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿਚ ਕਿੰਨੇ ਘਰ ਵਿਹਲੇ ਹੋ ਗਏ ਹਨ। ਕੇਵਲ ਮਾਵਾਂ ਕੰਧੋਲੀਆਂ ਨਾਲ ਜੁੜੀਆਂ ਵੈਣ ਪਾਉਣ ਜੋਗੀਆਂ ਰਹਿ ਗਈਆਂ ਹਨ। ਅੱਖਾਂ ਭਰੀ ਭੈਣਾਂ ਧਾਹਾਂ ਮਾਰ ਰਹੀਆਂ ਹਨ। ਉਹਨਾਂ ਦੇ ਤੁਰ ਗਏ ਵੀਰੇ ਕਦੇ ਵਾਪਸ ਨਹੀਂ ਆਉਣਗੇ। ਬੁੱਢੇ ਬਾਪੂ ਡੰਗਰਾਂ ਨੂੰ ਪੱਠੇ ਲਿਆਉਣ ਜੋਗੇ ਨਹੀਂ ਰਹੇ—ਕਮਰਾਂ ਟੁੱਟ ਗਈਆਂ ਹਨ। ਉਹਨਾਂ ਕੰਗਿਆੜਿਆਂ ਨੂੰ ਸਿਰ ਤਲੀ ਤੇ ਧਰਨ ਲਈ ਕੀਹਨੇ ਪ੍ਰੇਰਿਆ ਸੀ ? ਉਹਨਾਂ ਗੋਲੀਆਂ ਖਾ ਕੇ ਸ਼ਹੀਦੀਆਂ ਬੀਜ ਦਿੱਤੀਆਂ। ਤੁਸੀਂ ਕਿਉਂ ਬਾਂਦਰੀ ਦੇ ਮੋਏ ਬੱਚੇ ਵਾਂਗ ਹਉਮਾ ਨੂੰ ਗਲੋਂ ਨਹੀਂ ਲਾਹ ਸਕੇ ? ਇਹ ਹਊਂ, ਇਹ ਜਿੱਦ ਤੁਹਾਨੂੰ ਕਿੱਥੇ ਲਿਜਾਏਗੀ ? ਅਤੇ ਪੰਥ ਨੂੰ ਕਿਹੜੇ ਖੂਹ

ਸੁੱਟੇਗੀ ? ਤੁਸੀਂ ਬਹੁਤ ਗੱਲਾਂ ਵਿਚ ਸੱਚੇ ਵੀ ਹੋਵੋਗੇ। ਯਕੀਨਨ ਇਕ ਸੱਚਾ ਸਿੱਖ ਕੁਰਬਾਨੀ ਕਰਨੋਂ ਨਹੀਂ ਝਿਜਕਦਾ। ਤੁਸੀਂ ਹੀ ਫੈਸਲਾ ਕਰੋ, ਸੱਚੇ ਬਣਨਾ ਹੈ ਜਾਂ ਝੂਠੇ ? ਮੈਂ ਕਿਸੇ ਦੇ ਸੱਚ ਝੂਠ ਦੀ ਵਕਾਲਤ ਨਹੀਂ ਕਰ ਰਿਹਾ। ਮੈਂ ਕੇਵਲ ਤੁਹਾਨੂੰ ਪੁੱਛ ਰਿਹਾ ਹਾਂ, ਸਿਆਸਤ ਵਿਚ ਰਹਿਣਾ ਹੈ ਜਾਂ ਘਰ ਬਹਿਣਾ ਹੈ ? ਸਿਆਸਤ ਵਿਚ ਰਹਿਣਾ ਹੈ ਤਾਂ ਕੁਰਬਾਨੀ ਦੀ ਬੇਦੀ ਤੇ ਆ ਜਾਓ। ਤੁਹਾਡੇ ਇਕ ਕਦਮ ਪੁੱਟਣ ਨਾਲ ਪੰਥ ਹਰਾ ਹੁੰਦਾ ਹੈ। ਤੁਹਾਡੇ ਪਿਛਾਂਹ ਪੈਰ ਪਾਉਣ ਨਾਲ ਪੰਥ ਲਈ ਰਸਾਤਲ ਤਿਆਰ।

ਮੈਨੂੰ ਭੀੜੇ ਪੁਲ ਤੇ ਦੋ ਬੱਕਰੀਆਂ ਦੇ ਲੰਘਣ ਵਾਲੀ ਕਹਾਣੀ ਯਾਦ ਆਉਂਦੀ ਐ। ਟਕਰਾਉਂਦੀਆਂ ਹਨ ਤਾਂ ਦੋਵੇਂ ਦਰਿਆ ਵਿਚ ਡਿੱਗਦੀਆਂ ਹਨ । ਉਹਨਾ ਸਿਆਣਪ ਤੋਂ ਕੰਮ ਲਿਆ। ਇਕ ਬੱਕਰੀ ਬਹਿ ਗਈ, ਦੂਜੀ ਸਹਿਜ ਨਾਲ ਉਸ ਉੱਤੋਂ ਦੀ ਲੰਘ ਗਈ। ਤੁਸੀਂ ਦੱਸੋ, ਉਹਨਾਂ ਵਿਚੋਂ ਮਹਾਨ ਕੌਣ ਸੀ ? ਵੀਰਿਆ, ਉਹ ਤਾਂ ਪਸ਼ੂ ਸਨ। ਤੁਹਾਨੂੰ ਰੱਬ ਨੇ ਪੂਰਾ ਦਿਮਾਗ ਦਿੱਤਾ ਹੈ। ਸਾਰੀ ਕਾਇਨਾਤ ਦਾ ਸਰਦਾਰ ਬਣਾਇਆ ਹੈ। ਤੁਹਾਡੇ ਕੋਲੋਂ ਸਾਰਾ ਪੰਜਾਬ ਅਤੇ ਸਿੱਖ ਪੰਥ ਕਿਹੋ ਜਿਹੀਆਂ ਆਸਾਂ ਰੱਖਦਾ ਹੈ। ਕੁਝ ਤਾਂ ਸੋਚੋ !

ਰਾਜਨੀਤੀ ਕਿਸੇ ਤੇ ਰਹਿਮ ਨਹੀਂ ਖਾਂਦੀ। ਜਿਹਨਾਂ ਭਰੋਸਾ ਕੀਤਾ ਮਾਰੇ ਗਏ। ਸੈਂਟਰ ਦੀ ਸਰਮਾਏਦਾਰ ਸਰਕਾਰ ਦੇ ਤੁਸੀਂ ਹੀ ਅੱਖ ਤਿੰਨ ਨਹੀਂ, ਉਹਨਾਂ ਨਾਲ ਟੱਕਰ ਅਤੇ ਆਪਣੇ ਹੱਕ ਲੈਣ ਵਾਲੇ ਸਭ ਇਕੋ ਰੱਸੇ ਲਪੇਟੇ ਜਾਣਗੇ । ਪਿਛਲੇ ਦਿਨੀਂ ਲਾਹੌਰ ਗਿਆ ਸਾਂ। ਉਥੋਂ ਦੇ ਸੰਜੀਦਾ ਦੋਸਤ ਬੜੇ ਹੀ ਚਿੰਤਾਤਰ ਸਨ : "ਹੁਣ ਤੁਹਾਡਾ ਕੀ ਬਣੇਗਾ ? ਕਾਸ਼ ਮਿਸਟਰ ਜਿਨਾਹ ਪਾਕਿਸਤਾਨ ਨਾ ਲੈਂਦਾ। ਇਹ ਠੀਕ ਐ, ਤੁਸੀਂ ਸ਼ਹੀਦ ਹੋ ਕੇ ਦੁਨੀਆਂ ਵਿਚ ਆਪਣੀ ਰਵਾਇਤ ਦਾ ਲੋਹਾ ਮੰਨਵਾ ਲਿਆ ਪਰ ਮਰਕੇ ਹਾਸਲ ਕੀ ਕੀਤਾ ? ਅਸੀਂ ਪੰਜਾਬ ਨੂੰ ਵਾਰ ਵਾਰ ਵੱਢੀਦਾ ਵੇਖਕੇ ਦੁਖੀ ਆਂ। ਤੁਹਾਡੇ ਲੀਡਰ ਜੱਗ ਹੱਸਾਈ ਕਿਉਂ ਕਰਵਾ ਰਹੇ ਹਨ ?" ਬਾਦਲ ਜੀ ਤੁਹਾਡੇ ਮੋੜਾ ਪਾਏ ਬਿਨਾਂ ਪੰਥ ਦਾ ਸੂਰਜ ਡੁੱਬਦਾ ਹੈ ਅਤੇ ਮੁੜ ਅੰਨ੍ਹੇਰਾ ਹੀ ਅੰਨ੍ਹੇਰਾ। ਕੌਣ ਜਾਣੇ ਫਿਰ ਸੂਰਜ ਕਦੋਂ ਚੜ੍ਹੇ।

1947 ਤੋਂ ਉੱਖੜੀ ਸਿੱਖ ਰਾਜਨੀਤੀ, ਅੱਜ ਤੱਕ ਟਿਕਾਣੇ ਦਾ ਪੈਂਤਰਾ ਨਹੀਂ ਮੱਲ ਸਕੀ। ਤੁਸੀਂ ਕਦੇ ਪਿਛਲੇ ਇਤਿਹਾਸ ਤੇ ਨਜ਼ਰ ਮਾਰੀ ? ਮਾਸਟਰ ਤਾਰਾ ਸਿੰਘ ਨੇ ਪੰਥ ਖਤਰੇ ਦੀ ਦੋਹਾਈ ਵਿਚ ਆਪਣੀ ਲੀਡਰੀ ਹੰਢਾਈ, ਪੰਥ ਦਾ

ਕੁਝ ਨਹੀਂ ਸੰਵਾਰਿਆ। ਸ: ਬਲਦੇਵ ਸਿੰਘ ਪੈਸੇ ਦੇ ਜ਼ੋਰ ਬਣਿਆ ਲੀਡਰ ਸੀ, ਜਿਸ ਨਹਿਰੂ ਦੇ ਟੇਟੇ ਚੜ੍ਹਕੇ ਪੰਥ ਦੀ ਹੋਂਦ ਦਾ ਹੱਕ ਹਾਰ ਦਿੱਤਾ। ਅੱਜ ਵੀ ਅਕਾਲੀ ਪਾਰਟੀ ਵਿਚ ਪੈਸੇ ਦੇ ਜ਼ੋਰ ਆਗੂ ਅੱਗੇ ਆਏ ਹਨ। ਉਹਨਾਂ ਤੋਂ ਪੰਥ ਨੂੰ ਚੜ੍ਹਦੀ ਕਲਾ ਦੀ ਕੋਈ ਆਸ ਨਹੀਂ। ਉਹਨਾਂ ਦਾ ਅੰਦਰਲਾ ਸਿਦਕਵਾਨ ਨਹੀਂ, ਬਾਹਰਲਾ ਢਿੰਬ ਕਦੇ ਵੀ ਧੋਖਾ ਦੇਵੇਗਾ। ਜਿਹਨਾਂ ਦਾ ਧਰਮ ਪੈਸਾ ਹੈ, ਪੰਥ ਉਹਨਾਂ ਦਾ ਕੀ ਲੱਗਦਾ ਹੈ? ਸਿਰ ਜੋੜਕੇ ਬੈਠਣ ਤੇ ਕਾਂਟ-ਛਾਂਟ ਕਰਨ ਦੀ ਲੋੜ ਐ। ਪ੍ਰਾਪਤੀ ਦੇ ਦੋ ਹੀ ਸਾਧਨ ਹਨ। ਤਾਕਤ ਤੇ ਮਿਲਵਰਤਨ। ਮਿਲਵਰਤਨ ਕੀਤੀ ਮਿਸਟਰ ਜਿਨਾਹ ਨੇ। ਬਿਨਾ ਕੁਰਬਾਨੀ ਅੰਗਰੇਜ਼ ਤੋਂ ਪਾਕਿਸਤਾਨ ਲੈ ਲਿਆ। ਅੱਜ ਤੁਸੀਂ ਸਰਕਾਰ ਨਾਲ ਮਿਲਵਰਤਨ ਕਰਨ ਜੋਗੇ ਨਹੀਂ ਰਹੇ। ਘਾਗ ਸੈਂਟਰ ਤੁਹਾਡੀ ਅੰਦਰੂਨੀ ਖ਼ੁਦ ਮੁਖਤਿਆਰੀ ਦੇ ਇਰਾਦੇ ਨੂੰ ਚੰਗੀ ਤਰ੍ਹਾਂ ਭਾਂਪਦਾ ਹੈ। ਉਹ ਹੱਥ ਵੀ ਸੋਚ ਸਮਝਕੇ ਮਿਲਾਵੇਗਾ। ਤਾਕਤ ਦਾ ਮੁਕਾਬਲਾ ਹਾਸੋਹੀਣੀ ਗੱਲ ਹੈ। ਕਿੱਥੇ ਪੰਦਰਾ ਲੱਖ ਟਰੇਂਡ ਅਤੇ ਰਾਕਟਾਂ ਨਾਲ ਲੈਸ ਫੌਜ ਤੇ ਕਿੱਥੇ ਬੇਤਰਤੀਬੇ ਗਿਣਤੀ ਦੇ ਮੁੰਡੇ ਦੇਸੀ ਬਾਰਾਂ ਬੋਰ ਦੇ ਪਸਤੌਲਾਂ ਵਾਲੇ। ਮੈਂ ਸਮਝਦਾ ਆਂ, ਤੁਸੀਂ ਤਾਕਤ ਦੀ ਕਦੇ ਹਮਾਇਤ ਨਹੀਂ ਕੀਤੀ, ਪਰ ਮਿਲਵਰਤਨ ਵੀ ਨਹੀਂ ਅਪਣਾਈ। ਇਹ ਪਾਲਿਸੀ ਕੀ ਹੋਈ, ਨਾ ਤਿੱਤਰ ਨਾ ਬਟੇਰ। ਇਹਨਾਂ ਗਲਤ ਧਾਰਨਾਵਾਂ ਕਾਰਨ ਹੀ ਆਹੂ ਲੱਥੇ ਅਤੇ ਬੇਪਤੀ ਹੋਈ। ਸਾਰਾ ਹਿੰਦੋਸਤਾਨ ਲਹੂ-ਲੁਹਾਣ ਕਰਵਾਉਣ ਪਿਛੋਂ ਵੀ ਏਕਤਾ ਵਾਲਾ ਸਹੀ ਪੈਂਤਰਾ ਨਹੀਂ ਅਪਣਾਉਣਾ?

ਮੈਨੂੰ ਪਤਾ ਹੈ, ਤੁਸੀਂ ਖਾਲਿਸਤਾਨ ਦੇ ਹਾਮੀ ਨਹੀਂ ਪਰ ਜੇ ਉਹਨਾਂ ਨਾਲ ਸਟੇਜ ਸਾਂਝੀ ਕਰੋਗੇ, ਇਸ ਅਜੂਨੇ ਤੋਂ ਕਿਵੇਂ ਬਚੋਗੇ? ਤੁਸੀਂ ਹੋਲੀ ਖੇਲਣ ਵਾਲਿਆਂ ਵਿਚ ਖਲੋਵੋ ਵੀ ਤੇ ਰੰਗਾਂ ਤੋਂ ਵੀ ਬਚੋ, ਇਹ ਕਿਵੇਂ ਹੋ ਸਕਦਾ ਹੈ।

ਵਾਸਤਾ ਤੇਰੇ ਵੱਡਿਆਂ ਦਾ, ਸਿੱਖ ਪੰਥ ਦਾ ਅਤੇ ਪੰਜਾਬ ਦੀ ਕਰਜ਼ੇ ਮਾਰੀ ਕਿਸਾਨੀ ਦਾ ਤੂੰ ਘਰ ਮੁੜ ਆ। ਤੇਰੀ ਉਖੇੜੇ ਪਈ ਚਾਲ ਸਾਰੇ ਪੰਜਾਬ ਦਾ ਭੱਠਾ ਬਹਾ ਦੇਵੇਗੀ। ਬਰਨਾਲਾ ਐਨਾ ਅਨਾੜੀ ਨਹੀਂ ਕਿ ਤੈਨੂੰ ਬਰਾਬਰ ਦਾ ਭਰਾ ਨਾ ਸਮਝੇ। ਤੂੰ ਸਿੱਧਾ ਗੱਲ ਨਹੀਂ ਕਰ ਸਕਦਾ ਤਾਂ ਇਸ ਨੇਕ ਕਾਰਜ ਲਈ ਹੋਰ ਪੰਥ ਦਰਦੀ ਅੱਗੇ ਆ ਸਕਦੇ ਹਨ। ਤੂੰ ਏਕਤਾ ਲਈ ਵੱਡੀ ਛਾਲ ਮਾਰ ਅਤੇ ਇਤਿਹਾਸਕ ਉਲਾਂਭੇ ਤੋਂ ਬਚ ਜਾਹ। ਵਰਨਾ ਹੋਣੀ ਦੀ ਮਾਰ ਤੋਂ ਕੋਈ ਖਰਾ

ਟਾ ਨਹੀਂ ਬਚ ਸਕੇਗਾ। ਹੋਰ ਭਾਵੇਂ ਮੈਂ ਕੁਝ ਨਾ ਕਰ ਸਕਾਂ ਪਰ ਸਮੇਂ ਸਿਰ ਨਤੀ ਤਾਂ ਕਰ ਸਕਦਾ ਆਂ। ਮੈਨੂੰ ਆਸ ਹੈ ਤੁਸੀਂ ਭਵਿੱਖ ਦੇ ਖਤਰਿਆਂ ਨੂੰ ਮਹਿ-ਸੂਸ ਕਰਦੇ ਸਾਊ ਸਿਦਕਵਾਨਾਂ ਵਾਲਾ ਵਤੀਰਾ ਧਾਰਨ ਕਰੋਗੇ।

ਨੋਟ :—ਤੂੰ ਆਖੇਗਾਂ, ਇਹ ਨਸੀਹਤਾਂ ਅਤੇ ਡਰਾਵੇ ਮੈਨੂੰ ਹੀ ਕਿਉਂ ? ਨਹੀਂ ਭਰਾਵਾ, ਜੇ ਸਮਝਣ ਤਾਂ ਉਨ੍ਹਾਂ ਸਾਰੇ ਆਗੂਆਂ ਨੂੰ ਐ ਜਿਹੜੇ ਗੁੱਸੇ ਅਤੇ ਰੁਸੇਵੇਂ ਵਿਚ ਪੰਥ ਦੇ ਦਰਦ ਅਤੇ ਪੰਜਾਬ ਦੀ ਔਖੀ ਘੜੀ ਨੂੰ ਭੁੱਲ ਬੈਠੇ ਹਨ।

ਨਰੋਈਆਂ ਆਸਾਂ ਨਾਲ ਪੰਥ ਦਾ ਸੇਵਕ।

—ਜਸਵੰਤ ਸਿੰਘ ਕੰਵਲ

ਢੁੱਡੀਕੇ
26.6.86

ਪਿਆਰੇ ਬਰਨਾਲਾ ਜੀ,

ਹੁਣ ਸਾਨੂੰ ਜਾਣ ਪਛਾਣ ਦੀ ਲੋੜ ਨਹੀਂ ਰਹਿ ਗਈ । ਲੰਬਾਈ ਸ਼ਾਇਦ ਇੰਚ ਡੇਢ ਇੰਚ ਤੁਹਾਡੀ ਵਧ ਹੋਵੇ, ਪਰ ਉਮਰ ਵਿਚ ਮੈਂ ਸਾਲ ਦੋ ਸਾਲ ਵੱਡਾ ਹੋਵਾਂਗਾ । ਮੈਂ ਐਲ. ਐਲ. ਬੀ. ਪਾਸ ਨਹੀਂ ਕੀਤੀ, ਕਾਲਜ ਵਿਚ ਵੀ ਨਹੀਂ ਗਿਆ । ਜੋ ਪੜਿਆ, ਖੇਤ ਦੀ ਵੱਟ ਤੇ ਬਹਿ ਕੇ ਪੜ੍ਹਿਆ ਤੇ ਜੋ ਲਿਖਿਆ, ਮਨ ਦੇ ਆਜ਼ਾਦ ਹੁੰਗਾਰੇ ਨਾਲ ਲਿਖਿਆ । ਕਿਸੇ ਰਾਜਸੀ ਪਾਰਟੀ ਦੀ ਗੁਲਾਮੀ ਨਹੀਂ ਹੰਢਾਈ । ਜਿਸ ਪਾਰਟੀ ਨੇ ਕਿਰਤੀ ਲੋਕਾਂ ਦੇ ਹਿੱਤਾਂ ਲਈ ਕੋਈ ਅਮਲੀ ਕੰਮ ਕੀਤਾ, ਬਾਂਹ ਕੱਢ ਕੇ ਉਹਦੀ ਡੱਟਕੇ ਹਮਾਇਤ ਕੀਤੀ । ਲੋਕਾਂ ਦੀਆਂ ਸਮਸਿਆਵਾਂ ਤੋਂ ਪਾਸਾ ਵੱਟ ਕੇ ਪੱਜਲ ਹੋਇਆਂ ਦਾ ਸਾਥ ਦੇਣਾ, ਆਪਣੇ ਕੀਤੇ ਕਤਰੇ ਉੱਤੇ ਪਾਣੀ ਫੇਰਨਾ ਹੁੰਦਾ ਹੈ । ਅਕਾਲੀਆਂ ਪੰਜਾਬ ਦੇ ਲੁਟੇ ਜਾਂਦੇ ਸੋਨੇ (ਪਾਣੀ) ਨੂੰ ਬਚਾਉਣ ਲਈ ਮੋਰਚਾ ਲਾਇਆ-ਪੰਜਾਬ ਦੇ ਗੌਰਵ ਨੂੰ ਕਾਇਮ ਰੱਖਣ ਲਈ ਅਨੰਦਪੁਰ ਦਾ ਮਤਾ ਅੱਗੇ ਲਿਆਂਦਾ । ਮੈਂ ਹੀ ਨਹੀਂ ਚੰਦ ਖ਼ੁਦਗਰਜ਼ਾਂ ਨੂੰ ਛੱਡ ਕੇ ਤਕਰੀਬਨ ਸਾਰੇ ਪੰਜਾਬੀਆਂ ਭਰਪੂਰ ਸਾਥ ਦਿਤਾ । ਤਹਿਰੀਕ ਆਪਣੀ ਆਲੀਸ਼ਾਨ ਬੁਲੰਦੀ ਤੇ ਆ ਗਈ ।

ਸਰਕਾਰ ਲਈ ਐਨੀ ਚੜ੍ਹਤ ਬਰਦਾਸ਼ਤ ਕਰਨਾ ਅਸੰਭਵ ਸੀ । ਭਿੰਡਰਾਂਵਾਲੇ ਨੂੰ ਫੜਨ ਲਈ ਫੌਜ ਚਾੜ੍ਹੀ ਗਈ । ਅਕਾਲ ਤਖਤ ਢਾਹਿਆ, ਹਰਿਮੰਦਰ ਸਾਹਿਬ ਦੀ ਬੇਹੁਰਮਤੀ ਕੀਤੀ । ਹਜ਼ਾਰਾਂ ਬੇਗੁਨਾਹ ਯਾਤਰੀਆਂ ਨੂੰ ਵੀ ਮੌਤ ਦੇ ਘਾਟ ਉਤਾ-ਰਿਆ ਗਿਆ । ਬੱਚੇ, ਬੁੱਢੇ ਤੇ ਜ਼ਨਾਨੀਆਂ ਵੀ ਨਹੀਂ ਬਖਸ਼ੀਆਂ ਗਈਆਂ । ਕਰਫਿਊ ਦੇ ਦਿਨਾਂ ਵਿਚ ਪੰਦਰਾਂ ਸਾਲ ਤੋਂ ਚਾਲੀ ਵਿਚਕਾਰਲਾ ਤਾਂ ਸੌਂਹ ਖਾਣ ਨੂੰ ਨਹੀਂ ਛਡਿਆ । ਪੰਥ ਵਿਚ ਸਰਕਾਰ ਨਾਲ ਮੁਕਾਬਲਾ ਕਰਨ ਵਾਲੀ ਏਕਤਾ ਸ਼ਕਤੀ ਨੂੰ ਖੇਰੂੰ-ਖੇਰੂੰ ਕਰਨ ਲਈ ਲੱਖਾਂ ਕਰੋੜਾਂ ਖਰਚੇ ਤੇ ਗਦਾਰ ਪਾਲੇ । ਮੈਂ ਅੱਗੇ ਲਿਖਿਆ

ਕਿ ਸੈਂਟਰ ਸਰਕਾਰ ਤੁਹਾਡੀ ਵਜ਼ਾਰਤ ਜਾਂ ਅਸੈਂਬਲੀ ਵਿਚ ਬਹੁ-ਗਿਣਤੀ ਤੋਂ ਹੀਂ ਡਰਦੀ। ਉਹ ਸਭ ਕੁਝ ਉਹਨਾਂ ਦੇ ਕਾਨੂੰਨੀ ਕੰਟਰੋਲ ਅਧੀਨ ਹੈ। ਉਹਨਾਂ ਪੰਥ ਦੀ ਏਕਤਾ ਤੋਂ ਖਤਰਾ ਸੀ ਤੇ ਉਸ ਨੂੰ ਉਹਨਾਂ ਬੇਰਾਂ ਵਾਂਗ ਖਿਲਾਰ ਕੇ ਰੱਖ ਤਾ। ਐਨਾ ਕੁ ਸੱਚ ਤਾਂ ਮੰਨੋ ਨਾ।

ਮੈਂ ਬਾਦਲ ਸਾਹਿਬ ਨੂੰ ਨਸ਼ੰਗ ਹੋ ਕੇ ਲਿਖਿਆ ਕਿ ਏਕਤਾ ਦੇ ਘਰ ਨੂੰ ਆਓ। ਉਹ ਨਹੀਂ ਆਇਆ, ਜ਼ਿੱਦੀਆ ਸਮਝੋ ਜਾਂ ਅਸੂਲ ਪ੍ਰਸਤ। ਤੁਸੀਂ ਇਉਂ ਸਮਝ ਲਓ ਉਹਨੇ ਕਾਲੀ ਮੱਝ ਦਾ ਦੁੱਧ ਚੁੰਘਿਆ ਹੈ। ਪਰ ਜੇ ਤੁਸਾਂ ਕਪਲਾਂ ਦਾ ਦੁੱਧ ਪੀਤਾ ਹੈ ਨਾਲੇ ਐਲ. ਐਲ. ਬੀ. ਦੀ ਕਾਨੂੰਨੀ ਡਿਗਰੀ ਪਾਸ ਕੀਤੀ ਐ ਤਾਂ ਤੁਸੀਂ ਹੀ ਮੁੜ ਆਓ। ਤੁਸੀਂ ਹੀ ਜਿੱਦ ਛੱਡ ਦੇਵੋ। ਜੱਟ ਮਹਿਆਂ ਸੰਸਾਰ ਕਬੀਲਾ ਘਾਲਦੇ ਵਾਲੀ ਕਹੌਤ ਰੱਦ ਕਰ ਸੁਟੋ। ਕੁਦਰਤ ਨੇ ਮੁੜ ਤੁਹਾਨੂੰ ਸਿਆਸੀ ਤੌਰ ਤੇ ਜਿਉਂਦੇ ਰਹਿਣ ਦਾ ਇਕ ਹੋਰ ਮੌਕਾ ਦਿਤਾ ਹੈ। ਤਿਆਗ ਤੇ ਕੁਰਬਾਨੀ ਦਾ ਪ੍ਰਗ-ਟਾਵਾ ਕਰੋ। ਰੁਸੇ ਭਰਾਵਾਂ ਨੂੰ ਆਖੋ ਆਓ ਜੁੜ ਕੇ ਬੈਠੀਏ-ਮੈਂ ਅਸਤੀਫਾ ਦੇਂਦਾ ਆਂ, ਪੰਥ ਵਿਚ ਏਕਤਾ ਕਰੀਏ। ਸਾਰੇ ਰਲ ਕੇ ਪੰਜਾਬ ਦੀਆਂ ਮੰਗਾਂ ਮੰਨਵਾਈਏ ਤੇ ਲੋਕਾਂ ਦੀ ਕਲਿਆਣ ਕਰੀਏ। ਪੰਜਾਬ ਵਿਚ ਸ਼ਾਂਤੀ ਵਰਤਾ ਕੇ ਇਸ ਨੂੰ ਖੁਸ਼ਹਾਲੀ ਦੇ ਰਾਹ ਪਾਈਏ।

ਤੁਹਾਡੀਆਂ ਥਿੜਕਦੀਆਂ ਲੱਤਾ ਤੋਂ ਜ਼ਾਬਤ ਹੋ ਚੁੱਕਾ ਹੈ, ਤੁਸੀਂ ਤੇ ਬਲਵੰਤ ਸਿੰਘ ਇਹ ਲੜਾਈ ਇਕੱਲੇ ਜਿੱਤ ਨਹੀਂ ਸਕਦੇ। ਸੈਂਟਰ ਨੇ ਤੁਹਾਨੂੰ ਕੁਰਸੀਆਂ ਨਾਲ ਬੰਨ੍ਹ ਕੇ ਜੁਰਅੱਤ ਵਾਲੀ ਸਟੈਂਡ ਤੋਂ ਵਾਂਝੇ ਕਰ ਦਿਤਾ ਹੈ। ਜਿਹਨਾਂ ਨੂੰ ਤੁਸੀਂ ਆਪਣੇ ਯਾਰ ਮਦਦਗਾਰ ਸਮਝਦੇ ਓ, ਉਹ ਸੌ ਲੂੰਬੜ ਚਾਲਾਂ ਨਾਲ ਹਰਿਆਣੇ ਤੇ ਤੇ ਰਾਜਸਥਾਨ ਦੇ ਹਿੱਤ ਪਾਲਣਗੇ ਤੇ ਉਹਨਾਂ ਪਾਲੇ ਵੀ ਹਨ। ਸੰਤਾਲੀ ਦੀ ਵੰਡ ਤੋਂ ਲੈ ਕੇ ਹੁਣ ਤਕ ਫਿਰਕੂ ਭਾਵਨਾ ਆਪਣੇ ਸਿਖਰ ਤੇ ਆ ਗਈ ਹੈ। ਇੰਦਰਾ ਗਾਂਧੀ ਨੇ ਗੱਦੀ ਤੇ ਕਬਜ਼ਾ ਜਮਾਈ ਰੱਖਣ ਲਈ ਇਸ ਨੂੰ ਵਧ ਤੋਂ ਵੱਧ ਹਵਾ ਦਿਤੀ। ਖੁਦ ਨੈਸ਼ਨਲਿਸਟ ਬਣੀ ਰਹੀ ਤੇ ਤੁਹਾਨੂੰ ਫਿਰਕੂ ਦੇ ਤੌਰ ਤੇ ਪ੍ਰਚਾਰਿਆ ਹੀ ਨਹੀਂ, ਭੰਡਿਆ। ਸਾਰਾ ਪ੍ਰੈਸ ਮਗਰ ਪਾ ਛੱਡਿਆ। ਟੀ. ਵੀ. ਤੇ ਰੇਡੀਓ ਤਕ ਨੇ ਲੱਕ ਬੰਨ੍ਹ ਕੇ ਝੂਠਾ ਪ੍ਰਾਪ੍ਰੇਗੰਡਾ ਕੀਤਾ। ਹਰਿਮੰਦਰ ਸਾਹਿਬ ਦੇ ਹਮਲੇ ਨੂੰ ਸਾਰੀਆਂ ਸਿਆਸੀ ਪਾਰਟੀਆਂ ਨੇ ਠੀਕ ਆਖਿਆ। ਤੁਸੀਂ ਕਿਉਂ ਨਹੀਂ ਸਮਝਿਆ 'ਆਪਣਾ ਕੋਈ ਨਹੀਂ ਹੈ ਜੀ ਕਿ ਆਪਣਾ ਸਤਿਗੁਰ ਪਿਆਰਾ ਜੀ' ਜਿਹੜੇ ਕੱਲ੍ਹ ਤੁਹਾਡੇ

ਖਿਲਾਫ ਡਟੇ ਹੋਏ ਸਨ, ਅੱਜ ਮੂਹ-ਕੂਲ ਮਿੱਤਰ ਕਿਵੇਂ ਬਣ ਗਏ ? ਪਹਿਲੀ ਗੱਲ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਸੀ ਤੇ ਪੰਜਾਬ ਨੂੰ ਮਿਲਣੀ ਚਾਹੀਦੀ ਸੀ। ਜੇ ਹਰਿਆਣੇ ਦਾ ਜ਼ੋਰ ਧਿਙਾਣੇ ਸੈਂਟਰ ਹੱਕ ਬਣਾਉਂਦਾ ਹੈ, ਤਦ ਸੱਠ ਚਾਲੀ ਦੀ ਰੇਸ਼ੋ ਨਾਲ ਛੇ ਹਜ਼ਾਰ ਏਕੜ ਬਣਦਾ ਹੈ। ਹੁਣ ਸਾਰੀਆਂ ਸਟੇਟਾਂ ਦੇ ਮੁਖ ਮੰਤਰੀ, ਰਾਜਸੀ ਪਾਰਟੀਆਂ ਤੇ ਹਮਾਂ ਤੁਮਾਂਹ ਕਿਉਂ ਅਪੀਲਾਂ ਖੌਰੂ ਪਾਉਣ ਡਹੇ ਹਨ ਕਿ ਤੁਸੀਂ ਸੱਤਰ ਹਜ਼ਾਰ ਏਕੜ ਭੂਮੀ ਹਰਿਆਣੇ ਨੂੰ ਦੇ ਦੇਵੋ। ਕੌਮੀ ਹਿਤਾਂ ਦਾ ਵਾਵੇਲਾ ਸਿੱਖਾਂ ਲਈ ਹੀ ਕਿਉਂ ? ਜਦੋਂ ਕਦੋਂ ਕੁਰਬਾਨੀ ਕਰਨ ਸਿੱਖ ਕਰਨ, ਆਪਣੇ ਹਿਤ ਛਡਣ, ਪੰਜਾਬੀ ਛੱਡਣ। ਇਹਨਾਂ ਨੂੰ ਅਪੀਲਾਂ ਕਰਨ ਦੂਜੀ ਧਿਰ ਕਿਉਂ ਨਹੀਂ ਦਿਸਦੀ। ਹਰਿਆਣਾ ਸੰਘਰਸ਼ ਸੰਮਤੀ ਇਹਨਾਂ ਰਲ ਮਿਲ ਕੇ ਪੰਜਾਬ ਦੇ ਹਿਤਾਂ ਉਤੇ ਡਾਕਾ ਮਾਰਨ ਲਈ ਬਣਾਈ ਤੇ ਉਸ ਤੋਂ ਖਰੂਦ ਕਰਵਾਇਆ ਜਾ ਰਿਹਾ ਹੈ। ਬਰਨਾਲਾ ਸਾਹਿਬ ਤੁਹਾਡੀ ਸ਼ਰਾਫਤ, ਮੂਹ-ਕੂਲਤਾ ਤੇ ਨਰਮੀ ਇਹਨਾਂ ਘਾਗਾਂ ਤੇ ਚਤਰਾਂ ਨਾਲ ਨਹੀਂ ਮਿੱਕ ਸਕਦੀ। ਪੰਜਾਬ ਤੇ ਪੰਥ ਦੇ ਬਚਾ ਲਈ ਤੁਸੀਂ ਏਕਤਾ ਦੇ ਕਿਲੇ ਵਿਚ ਜਿੰਨੀ ਛੇਤੀ ਆਇਆ ਜਾ ਸਕਦਾ ਏ ਆ ਜਾਓ, ਵਰਨਾ ਤਬਾਹੀ ਮੂੰਹ ਅੱਡੀ ਹਨੇਰੀ ਵਾਂਗ ਚੜ੍ਹੀ ਆ ਰਹੀ ਹੈ।

ਤੁਸੀਂ ਸੱਤਰ ਹਜ਼ਾਰ ਏਕੜ ਦੇਣਾ ਮੰਨਦੇ ਵੀ ਹੋ, ਮੁਕਰਦੇ ਵੀ ਹੋ। ਲਗਦਾ ਏ ਤੁਹਾਡੀ ਖਿੜਦੀ ਸ਼ਰਾਫਤ ਨੇ ਅੰਗੂਠਾ ਠੱਪ ਦੇਣਾ ਹੈ ਤੇ ਇਤਿਹਾਸ ਦੀ ਮੂੰਹ ਕਾਲਖ ਨੇ ਤੁਹਾਡੇ ਮੱਥੇ ਤਿਲਕ ਲਾ ਧਰਨਾ ਹੈ। ਤੁਹਾਨੂੰ ਚੰਗੇ ਭਲੇ ਪੰਜਾਬੀਆਂ ਨੂੰ ਹਰਿਆਣਵੀ ਬਨਾਉਣ ਦਾ ਕੀ ਹੱਕ ਐ ? ਜੇ ਇਸ ਸਮਝੌਤੇ ਦਾ ਮਤਲਬ ਪੰਜਾਬ ਦਾ ਡੌਲਾ ਵੱਢ ਕੇ ਹਰਿਆਣਾ ਨੂੰ ਦੇਣਾ ਹੈ, ਭੱਠ ਪਵੇ ਇਹ ਸਮਝੌਤਾ। ਪੰਜਾਬ ਦਾ ਬੱਚਾ ਬੱਚਾ ਆਖੇਗਾ, ਸਿੰਘ ਜੀ ਤੁਸੀਂ ਚੰਗੀਆਂ ਪੂਰੀਆਂ ਪਾ ਆਏ। ਬਰਨਾਲਾ ਜੀ, ਤੁਸੀਂ ਪੰਜਾਬ ਦੀ ਕਿਸੇ ਸੱਥ ਵਿਚ ਖਲੋਣ ਜੋਗੇ ਨਹੀਂ ਰਹਿਣਾ। ਕੁਰਸੀ ਲਾਹਨਤ ਬਣ ਜਾਵੇਗੀ। ਲਹੂ ਭਿੱਜੇ ਵਰਤਮਾਨ ਵਿਚ ਕੁਰਸੀ ਕੀ ਚੀਜ਼ ਹੈ ? ਰਾਜਨੀਤੀ ਵਿਚ ਯਾਰੀਆਂ ਦੀ ਅਹਿਮੀਅਤ ? ਤੁਹਾਨੂੰ ਜੇ ਪੰਜਾਬੀ ਸੂਬਾ ਦਿਤਾ ਤਾਂ ਕੁਰਬਾਨੀਆਂ ਦੇ ਮੁਲ ਬਦਲੇ, ਸੁਲਾਹ-ਸਫਾਈ ਤੇ ਈਮਾਨਦਾਰੀ ਨਾਲ ਸੈਂਟਰ ਕਦੋਂ ਵਰਤਿਆ ਸੀ ? ਇਹ ਯਾਰੀਆਂ ਪਹਿਲਾਂ ਕਿੱਥੇ ਗਈਆਂ ਸਨ ? ਬਰਨਾਲਾ ਜੀ, ਇਹ ਯਾਰੀਆਂ ਪਾਈਆਂ ਹੀ ਸਿਆਸੀ ਠੱਗੀ ਮਾਰਨ ਵਾਸਤੇ ਹਨ। ਮੈਂ ਪਹਿਲਾਂ ਵੀ ਤੁਹਾਨੂੰ ਚਿਤਾਵਨੀ ਦੇ ਚੁਕਾ ਹਾਂ ਕਿ ਇਹਨਾਂ ਠੱਗਾਂ ਤੁਹਾਡਾ ਬੱਕਰਾ ਕੁੱਤਾ ਬਣਾ ਕੇ ਹਥਿਆ ਲੈਣਾ

ਹੈ । ਠੱਗੀ ਵਜਣ ਤੋਂ ਪਹਿਲਾਂ ਛਾਲ ਮਾਰ ਕੇ ਲੀਕ ਟੱਪ ਜਾਓ । ਝਿਜਕ ਛੱਡੋ, ਲੱਤਾਂ ਤੁਹਾਡੀਆਂ ਸੁਖ ਨਾਲ ਬਹੁਤ ਲੰਮੀਆਂ ਨੇ ਇਕੋ ਛੜੱਪਾ ਕਾਫੀ ਹੈ । ਚੰਡੀਗੜ੍ਹ ਦਾ ਐਨਾ ਮਹਿੰਗਾ ਸੌਦਾ ਸਾਨੂੰ ਕਿਵੇਂ ਵੀ ਪ੍ਰਵਾਨ ਨਹੀਂ । ਇਹ ਤਾਂ ਸਾਡੀਆਂ ਸਾਰੀਆਂ ਕੁਰਬਾਨੀਆਂ ਖਾ ਗਿਆ । ਤੁਰੇ ਪਾਣੀ ਬਚਾਉਣ ਤੇ ਅੰਦਰੂਨੀ ਖੁਦ-ਮੁਖਤਿਆਰੀ ਲੈਣ ਤੇ ਫਸ ਬੈਠੇ ਚੰਡੀਗੜ ਦੀ ਸਮੱਸਿਆ ਵਿਚ ਜਿਹੜੀ ਇਕ ਸਾਈਡ ਮੰਗੀ ਸੀ । ਨਮਾਜ਼ ਤੁਹਾਨੂੰ ਕੀਹਨੇ ਬਖਸ਼ਣੀ ਹੈ, ਹੁਣ ਰੋਜ਼ੇ ਗਲ ਪੁਆ ਕੇ ਮੁੜੋਗੇ । ਬਰਨਾਲਾ ਸਾਹਿਬ, ਸੰਜੀਦਗੀ ਤੇ ਈਮਾਨਦਾਰੀ ਨਾਲ ਬੇਨਤੀ ਕਰਦਾ ਆਂ, ਕੁਰਸੀ ਛੱਡ ਦਿਓ ਨਹੀਂ ਤੇ ਕੁਰਸੀ ਤੁਹਾਨੂੰ ਲੈ ਕੇ ਬਹਿ ਜਾਵੇਗੀ । ਪਿਛਲੇ ਇਤਿ-ਹਾਸ ਤੇ ਨਜ਼ਰ ਮਾਰ ਲਓ, ਦਿੱਲੀ ਪੰਜਾਬ ਦੀ ਕਦੇ ਮਿੱਤ ਨਹੀਂ ਬਣੀ । ਦਿੱਲੀ ਦੇ ਯਾਰ ਉਹੀ ਰਹਿ ਸਕਦੇ ਐ ਜਿਹੜੇ ਪੰਜਾਬ ਨਾਲ ਗਦਾਰੀ ਕਰਨ । ਫੈਸਲੇ ਦੀ ਘੜੀ ਆ ਪਹੁੰਚੀ ਐ, ਤੁਸਾਂ ਗਦਾਰ ਬਣਨਾ ਹੈ ਜਾਂ ਦੇਸ਼ ਭਗਤ ? ਤੁਸੀਂ ਇਕ ਵਾਰ ਸਾਰੇ ਭਰਾਵਾਂ ਨੂੰ ਇਕੱਠਾ ਕਰੋ ਸਹੀ, ਫਿਰ ਪੰਜਾਬ ਦਾ ਜਲਾਲ ਵੇਖੋ, ਪੰਥ ਦੀ ਚੜ੍ਹਦੀ ਕਲਾ ਵੇਖੋ, ਸਾਡੇ ਹੱਕ ਸੱਚ ਅੱਗੇ ਸਾਡੀ ਕੁਰਬਾਨੀ ਅੱਗੇ, ਕੇਂਦਰ ਚੰਡੀਗੜ੍ਹ ਨਹੀਂ ਰੋਕ ਸਕਦਾ । ਏਕਤਾ ਨੂੰ ਮਜ਼ਬੂਤ ਰੱਖੋਗੇ ਤਾਂ ਕੋਈ ਵਜਾਹ ਨਹੀਂ ਬਾਕੀ ਮੰਗਾਂ ਪੂਰੀਆਂ ਨਾ ਹੋਣ । ਪਾਟੋ ਧਾੜ ਹਮੇਸ਼ਾ ਸੁਆਹ ਕਰਦੀ ਆਈ ਹੈ । ਉਹ ਹੋਈ ਸੁਆਹ ਪਹਿਲਾਂ ਤੁਹਾਡਾ ਚਿਹਰਾ ਧੁਆਖੇਗੀ ਮੁੜ ਸਾਰੇ ਪੰਥ ਤੇ ਪੰਜਾਬ ਉਤੇ ਪਵੇਗੀ । ਘੋੜੇ ਤੇ ਜੱਟ ਵਾਲੀ ਅੜਬਾਈ ਤੋਂ ਤੋਬਾ ਕਰੋ । ਪੰਥ ਤੇ ਪੰਜਾਬ ਦੇ ਭਲੇ ਲਈ ਵਕਾਰ ਨਿਗੂਣਾ ਹੈ । ਤੁਹਾਡੀ ਇਹ ਕੁਰਬਾਨੀ ਪੰਜਾਬ ਦੇ ਇਤਿਹਾਸ ਵਿਚ ਹਮੇਸ਼ਾ ਸੁਨਹਿਰੀ ਲੀਕ ਬਣ ਕੇ ਚਮਕੇਗੀ ।

ਮੈਂ ਐਨਾ ਜ਼ੋਰ ਦੇ ਕੇ ਕਿਉਂ ਦੁਹਾਈ ਪਾ ਰਿਹਾ ਆ । ਤੁਸੀਂ ਕੁਰਸੀਆਂ ਸੰਗੀਨਾਂ ਵਿਚ ਘਿਰੇ ਹੋਏ ਹੋ । ਸ਼ਾਇਦ ਪੰਜਾਬ ਦੇ ਲੋਕਾਂ ਦੀ ਅਸਲ ਆਵਾਜ਼ ਤੁਹਾਡੇ ਤਕ ਠੀਕ ਠੀਕ ਨਾ ਪਹੁੰਚਦੀ ਹੋਵੇ । ਮੈਂ ਪੰਜਾਬ ਦੇ ਲੋਕਾਂ ਦੀਆਂ ਧੜਕਣਾਂ ਤੇ ਤੌਖਲਿਆਂ ਵਿਚੋਂ ਸਮੇਂ ਸਿਰ ਆਵਾਜ਼ ਦੇ ਰਿਹਾ ਹਾਂ । ਮੈਂ ਲਾਅ ਨਹੀਂ ਕੀਤਾ ਤਾਂ ਕੀ । ਪਰ ਪੰਜਾਬ ਦੇ ਡੂੰਘੇ ਤੇ ਅੱਲੇ ਜ਼ਖਮਾਂ ਦੀ ਪੀੜ ਤੁਹਾਡੇ ਨਾਲੋਂ ਕਿਤੇ ਵਧ ਮਹਿਸੂਸ ਕਰ ਰਿਹਾ ਆਂ । ਮੈਂ ਰੋ-ਪਿਟ ਕੇ ਹੀ ਆਪਣਾ ਦਰਦ ਕਹਿ ਸਕਦਾ ਆਂ । ਮੈਂ ਹੁਣ ਤੁਹਾਨੂੰ ਬੇਨਤੀ ਕਰਦਾ ਹਾਂ, ਪੰਜਾਬ ਪਹਿਲਾਂ ਹੀ ਵਖਤਾਂ ਮਾਰਿਆ ਪਿਆ ਐ, ਇਸ ਨੂੰ ਹੋਰ ਸਜ਼ਾ ਨਾ ਦਿਓ । ਦੁਸ਼ਮਣ ਦੇ ਹੱਥ ਠੋਕੇ ਬਣ ਕੇ ਮਨਸੂਰ ਨੂੰ ਨਾ ਭੁਲਣ ਵਾਲੀ ਚੋਭ ਨਾ ਮਾਰੋ । ਵੱਡੀ ਗੱਲ ਨਹੀਂ ਭਰਾ ਤੁਹਾਨੂੰ ਮੁੜ ਆਪਣਾ ਆਗੂ

ਚੁਣ ਲੈਣ। ਏਕਤਾ ਦਾ ਫੈਸਲਾ ਪੰਥ ਦਾ ਫੈਸਲਾ। ਜਿਹੜਾ ਭੱਜੇ ਤਨਖਾਹੀਆ, ਗਦਾਰ। ਨਾ ਵੀ ਚੁਣਨ ਪੰਥ ਦੇ ਹਿਤਾਂ ਲਈ ਕੁਰਸੀ ਨੂੰ ਲੱਤ ਮਾਰਨਾ ਕਿਤੇ ਮਹਾਨ ਐ। ਦੁਸ਼ਮਣ ਦੀ ਹਮਾਇਤ ਨਾਲ ਸਰਦਾਰੀ ਇਉਂ ਐ ਘਰ ਵਾਰ ਤੇਰਾ ਪਰ ਕੋਠੀ ਹੱਥ ਨਾ ਲਾਈਂ। ਭੱਠ ਪਵੇ ਅਜਿਹਾ ਸੋਨਾ ਜਿਹੜਾ ਕੰਨਾਂ ਨੂੰ ਖਾਵੇ, ਰਾਮਰਾਏ ਔਰੰਗਜ਼ੇਬ ਦੀ ਸ਼ਰਨ ਚਲਿਆ ਗਿਆ। ਗੱਦੀਓਂ ਤੇ ਸੰਗਤ ਵਜੋਂ ਛੇਕਿਆ ਗਿਆ। ਇਹ ਮਹਿਬੂਬ ਵਫ਼ਾ ਕਰਨ ਵਾਲੇ ਨਹੀਂ। ਇਨ ਹੁਸੀਨੋਂ ਕੋ ਦੂਰ ਸੇ ਹੀ ਸਹਿਬੋ ਸਲਾਮਤ ਅੱਛੀ।

ਵੀਰਾਂ ਵਰਗਾ ਪਿਆਰ ਨਾ ਕੋਈ ਜੇ ਵਿਚ ਖਾਰ ਨਾ ਹੋਵੇ। ਤੁਹਾਡਾ ਆਪਸੀ ਭੇੜ ਪੰਜਾਬ ਦਾ ਨਾਸ ਮਾਰ ਰਿਹਾ ਹੈ। ਕੁਝ ਤਾਂ ਅਹਿਸਾਸ ਕਰੋ-ਆਪਣੇ ਜ਼ਖਮੀ ਵਾਤਾਵਰਨ ਵਲ ਵੇਖੋ, ਧੁੰਦਲੇ ਭਵਿੱਖ ਵਲ ਝਾਤੀ ਮਾਰੋ। ਮੈਂ ਨਹੀਂ ਕਹਿੰਦਾ ਤੁਸੀਂ ਖੁਦਗਰਜ਼ ਹੋ ਪਰ ਸਾਰਾ ਪੰਜਾਬ ਕੂਕ ਰਿਹਾ ਹੈ, ਮੈਨੂੰ ਯਕੀਨ ਐ ਤੁਸੀਂ ਈਮਾਨਦਾਰੀ ਨਾਲ ਇਕ ਕਦਮ ਪੁਟੋ, ਵਿਰੋਧੀ ਭਰਾ ਗਲੇ ਮਿਲਣ ਲਈ ਦੋ ਕਦਮਾਂ ਅੱਗੇ ਆਉਣਗੇ। ਪਾੜਾ ਮੁਕੇਗਾ, ਹੇਲਮੇਲਤਾ ਤੁਹਾਡੇ ਨੀਂਵੇਂ ਸਿਰਾਂ ਨੂੰ ਉਚੀ ਸ਼ਾਨ ਬਖਸ਼ੇਗੀ। ਏਕਤਾ ਦੇ ਤੇਜ਼ ਹਥਿਆਰ ਅੱਗੇ ਕਦੇ ਕੋਈ ਨਹੀਂ ਅੜਿਆ। ਸਰਬਤ ਦੇ ਭਲੇ ਦਾ ਮਿਸ਼ਨ ਤੁਹਾਡੀ ਸੇਧ ਬਣਿਆ ਰਹੇ।

ਇਕ ਹੋਰ ਗੱਲ ਸ: ਸਿਮਰਨਜੀਤ ਸਿੰਘ ਮਾਨ ਕਿਸੇ ਕੀਮਤ ਤੇ ਹਰਨਾ ਨਹੀਂ ਚਾਹੀਦਾ, ਭਾਵੇਂ ਉਹ ਆਜ਼ਾਦ ਉਮੀਦਵਾਰ ਹੈ। ਉਹ ਪੰਥ ਦੀ ਏਕਤਾ ਲਈ ਲੋਹੇ ਦੀ ਲੱਠ ਸਾਬਤ ਹੋਵੇਗਾ। ਇਹ ਮੇਰਾ ਹੀ ਨਿਸਚਾ ਨਹੀਂ, ਸਾਰੇ ਪੰਜਾਬ ਦੀ ਮੂੰਹ-ਭਾਖਾ ਐ... ਅਸੀਂ ਹਜਾਰਾਂ ਲੱਖਾਂ, ਜਿਹੜੇ ਤੁਹਾਡੀ ਪਿੱਠ ਤੇ ਆਏ, ਤੁਹਾਡੇ ਲਈ ਜੂਝੇ, ਹੁਣ ਪੰਜਾਬ ਤੇ ਪੰਥ ਦੀ ਹੁੰਦੀ ਦੁਰਦਸ਼ਾ ਨਹੀ ਸਹਾਰ ਸਕਦੇ। ਤੁਹਾਡੇ ਅਸ-ਤੀਫੇ ਬਿਨਾਂ ਵਿਗੜੀ ਨਹੀਂ ਸੁਲਝਣੀ। ਤੁਸੀਂ ਦਿੱਲੀ ਵਲ ਵੇਖਣਾ ਛੱਡ ਕੇ ਅੰਮ੍ਰਿਤਸਰ ਵਲ ਮੂੰਹ ਭਵਾਓ। ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ। ਤੁਸੀਂ ਇਕ ਹੋਵੋ, ਜੁੜ ਕੇ ਅਰਦਾਸ ਕਰੋ, ਗੁਰੂ ਕਿਵੇਂ ਆਪਣੇ ਪੰਥ ਉਤੇ ਮਿਹਰ ਨਹੀਂ ਕਰੇਗਾ। ਤੁਹਾਡੀ ਏਕਤਾ ਦਾ ਕਰਿਸ਼ਮਾ ਤੱਤੇ ਮੁੰਡਿਆਂ ਨੂੰ ਵੀ ਤੁਹਾਡੇ ਗੋਡੇ ਮੁੱਢ ਲਿਆ ਬਹਾਏਗਾ। ਮੇਰਾ ਇਹ ਯਕੀਨ ਐ। ਕੁਝ ਕਰਨ ਦਾ ਹੁਣੇ ਵੇਲਾ ਹੈ, ਫਿਰ ਨਹੀਂ। ਵੇਲਾ ਖੁੰਝਿਆ ਪੈਗੰਬਰਾ ਨੂੰ ਵੀ ਪਛਤਾਵਾ ਦੇਂਦਾ ਰਿਹਾ ਹੈ।

ਨਰੋਏ ਹੁੰਗਾਰੇ ਦੀ ਆਸ ਤੇ ਵਿਸ਼ਵਾਸ਼ ਵਿਚ।

—ਜਸਵੰਤ ਸਿੰਘ ਕੰਵਲ

ਇੱਕ ਸੰਵਾਦ ਤੁਹਾਡੇ ਨਾਲ

......ਜੇ ਸੋਚ ਸ਼ਕਤੀ ਹੁੰਦੀ ਐ ਤਾਂ ਉਹ ਤੁਹਾਡੇ ਨਾਲ ਐ। ਮਨੋਬਲ ਚੜ੍ਹਦੀ ਕਲਾ ਵਿਚ ਰਹੇ, ਤੁਹਾਨੂੰ ਕੋਈ ਜ਼ਬਰ ਨਹੀਂ ਹਰਾ ਸਕਦਾ। ਏਸੇ ਵਿਸ਼ਵਾਸ ਵਿਚੋਂ ਗੁਰੂ ਗੋਬਿੰਦ ਸਿੰਘ ਨੇ ਝੂਠ ਤੇ ਫਰੇਬ ਵਿਰੁਧ ਫਤਹਿਨਾਮਾ ਲਿਖ ਕੇ ਔਰੰਗਜ਼ੇਬ ਨੂੰ ਭੇਜਿਆ ਸੀ, ਉਹ ਸਿੰਘਊ ਸਪ੍ਰਿਟ ਜਿੰਨਾ ਚਿਰ ਤੁਹਾਡੇ ਵਿਚ ਜਿਉਂਦੀ ਹੈ, ਤੁਹਾਨੂੰ ਕੋਈ ਨਹੀਂ ਮਾਰ ਸਕਦਾ। ਹੱਕ ਸੱਚ ਤੇ ਡਟੇ ਰਹੋ। ਜਦੋ ਜਹਿਦ ਜਾਰੀ ਰਹੇ।

Giani Baljit Singh

ਰਾਜੀਵ ਗਾਂਧੀ ਦੇ ਨਾਂ ਖੁਲ੍ਹੀ ਚਿੱਠੀ

ਦੂਜਾ ਜ਼ਫ਼ਰਨਾਮਾ

(ਮਨਸੂਰ ਦਾ ਕਲ੍ਹਾ)

ਅਮਰੀਤ ਸਿੰਘ ਵੇਦਲ

ਢੁੱਡੀਕੇ
5-6-86

ਮੌਤ ਨਾਲ ਹੌਲੀ ਖੇਡਦੇ ਪੁੱਤਰੋ !

ਅਚਾਨਕ ਮਿਲ ਪਏ, ਤੁਹਾਡਾ ਧੰਨਵਾਦ । ਦੋ ਚਾਰ ਮਿੰਟ, ਮੇਰੀ ਗੱਲ ਸੁਣਨ ਲਈ ਹਨ ?

'ਐਵੇਂ ਸਾਡਾ ਵਕਤ ਬਰਬਾਦ ਕਰੇਂਗਾ । ਆਖਣ ਨੂੰ ਮਾਰ ਗੋਲੀ, ਕੁਝ ਕਰਨ ਦੀ ਬਾਤ ਪਾ ਅਸੀਂ ਅਨੀਂਦਰੇ ਦੇ ਮਾਰੇ ਪਏ ਆਂ । ਪਰ ਅੰਦਰਲੀਆਂ ਪੀੜਾਂ ਸੌਣ ਵੀ ਨਹੀਂ ਦੇਂਦੀਆਂ । ਜ਼ਰਾ ਕਹਾਣੀ ਛੇਤੀ ਮੁਕਾਅ ।

'ਸ਼ੇਰੋ, ਤੁਹਾਡੀ ਜੁਆਨੀ ਤੇ ਤਰਸ ਆਉਂਦਾ ਏ ।'

'ਚੜ੍ਹਦੀ ਕਲਾ ਦੇ ਸ਼ੇਰਾਂ ਤੇ ਤਰਸ ? ਚਾਚਾ ਸੱਤਰਿਆ ਬਹੱਤਰਿਆ ਤਾਂ ਨਹੀਂ ਗਿਆ ? ਅਸੀਂ ਹੱਕ ਲੈਣ ਵਾਲੇ ਸੂਰਮੇ ਆਂ ਜਾਂ ਹੱਕ ਲਈ ਸ਼ਹੀਦ ਹੋ ਜਾਣ ਵਾਲੇ ਮਰਜੀਵੜੇ । ਸਮਝਿਆ ?'

ਜੋ ਕੁਝ ਸਮਝਿਆ ਹਾਂ, ਤਾਂ ਹੀ ਤੁਹਾਡਾ ਅੱਗਾ ਵਲਿਆ ਏ । ਕਿਸ ਲਾੜੀ ਲਈ ਸਿਹਰੇ ਬੰਨ੍ਹ ਕੇ ਘਰੋਂ ਨਿਕਲੇ ਸੀ ਤੇ ਕਿਸ ਕਲਜੋਗਣ ਨੇ ਘਰ ਵਾੜ ਕੇ ਬੂਹੇ ਢੋ ਲਏ । ਪੁੱਤਰੋ, ਤੁਸੀਂ ਲੁੱਟ ਹੋ ਗਏ—ਪੱਟ ਹੋ ਗਏ ।

'ਅਸੀਂ ਪੰਥ ਤੇ ਪੰਜਾਬ ਨੂੰ ਬਚਾਉਣ ਲਈ ਤਲੀ ਤੇ ਧਰੀ ਸੀ, ਏਧਰ ਮਲਾਹਾਂ ਨੇ ਬੇੜੀਆਂ ਹੀ ਰੋੜ੍ਹ ਘੱਤੀਆ ।'

ਹਾਂ, ਤੁਸੀਂ ਠੀਕ ਆਖਦੇ ਹੋ, ਮੰਜ਼ਲ ਪਾਸੇ ਰਹਿ ਗਈ, ਚਲਾਕ ਦੁਸ਼ਮਣਾਂ ਤੁਹਾਨੂੰ ਕੁਰਾਹੇ ਪਾ ਦਿਤਾ । ਤੁਸੀਂ ਹੱਕ ਤੇ ਸੱਚ ਲਈ ਉਠੇ ਸੀ, ਪਰ ਚਤਰਾਂ ਤੁਹਾਨੂੰ ਸੇਧ ਤੋਂ ਉਖਾੜ ਸੁਟਿਆ । ਪੰਥ ਸਿਰ ਸੱਟ ਪਈ, ਧਰਮ ਜ਼ਖਮੀ ਹੋਇਆ । ਇਤਿਹਾਸ ਦਾ ਮੌਢਾ ਟੁਟਿਆ, ਰੰਗੀ ਵਸਦੇ ਪੰਜਾਬ ਉਤੇ ਖੁਲ੍ਹੀਆਂ ਡਕੈਤੀਆਂ ਹੋਈਆਂ ਅਤੇ ਸ਼ਾਂਤ ਹਰਿਮੰਦਰਾਂ ਸਰੋਵਰਾਂ ਨੂੰ ਅੱਗ ਲੱਗੀ । ਇਹ ਸਭ ਕੁਝ ਸੱਚ । ਤੁਸੀਂ ਜ਼ਖਮੀ ਸ਼ੇਰਾਂ ਵਾਂਗ ਭਵਕਾਰੇ । ਜੋ ਹੱਥ ਲੱਗਾ, ਤੁਸੀਂ ਉਹੀ ਚੁੱਕ, ਪੈਰ ਤੋਂ

ਹੀ ਨੱਸ ਪਏ, ਕੋਈ ਅਣਖ ਬਲਕਾਰ ਪਈ ਸੀ। ਗੁੱਸੇ, ਰੋਹ, ਜੋਸ਼, ਅਤੇ ਬਦਲੇ ਦੀ ਤੱਤੀ ਭਾਵਨਾ ਨੇ ਤੁਹਾਡੀ ਸਾਰੀ ਹੋਸ਼ ਮਾਰ ਦਿਤੀ।

'ਬਾਪੂ ! ਜਦੋਂ ਪੰਥ ਦਾ ਹਰ ਅੰਗ ਲਹੂ-ਲੁਹਾਣ ਤੇ ਪੰਜਾਬ ਹਰ ਪੱਖ ਤੋੜ ਮਰੋੜ ਸੁਟਿਆ, ਹੋਸ਼ ਕੌਣ ਕੁੱਤੀ।'

ਮੈਂ ਮੰਨਦਾ ਆਂ ਬੱਚਿਓ, ਤੁਹਾਡੇ ਅੰਦਰ ਭਾਂਬੜ ਬਲ ਉਠੇ, ਜਿਹੜੇ ਅੱਜ ਵੀ ਲਾਟੀਂ ਮਚ ਰਹੇ ਹਨ। ਇਕ ਮਿੰਟ ਤਾਂ ਰੁਕੋ, ਪਾਣੀ ਦੀ ਬੁੱਕ ਪੀਓ-ਥੋੜ੍ਹੀ ਸ਼ਾਂਤੀ। ਮੇਰੀ ਗੱਲ ਆਵਾਗੌਣ ਨਹੀਂ। ਜੋ ਵਾਪਰ ਰਿਹਾਹੈ, ਇਹਦੇ ਨਤੀਜੇ ਲੋਕਾਂ ਭੁਗਤਣੇ ਹਨ।

'ਸ਼ਾਂਤੀ ਸਾਡੀ ਮੁਢ ਕਦੀਮੋਂ ਦੁਸ਼ਮਣ। ਇਸ ਸ਼ਾਂਤੀ ਦੇ ਕੂਲੇ ਲਾਰਿਆਂ ਸਾਡਾ ਸਭ ਕੁਝ ਲੁਟ ਲਿਆ। ਚਾਚਾ ਹੁਣ ਸਿੱਧੀ ਉਂਗਲ ਨਾਲ ਘਿਓ ਨਹੀਂ ਨਿਕਲਣਾ। ਤੂੰ ਬੁੱਢੀਆਂ ਨਸੀਹਤਾਂ ਦੀ ਪੋਟਲੀ ਘਰ ਨੂੰ ਲੈ ਜਾਹ। ਗਾਂਧੀ ਕਰਾਚੀ ਰੈਜ਼ੂਲੇਸ਼ਨ ਖਾ ਗਿਆ ਤੇ ਨਹਿਰੂ ਸਾਡੀ ਆਜ਼ਾਦੀ ਮਾਨਣ ਦਾ ਕਲਕੱਤੇ ਬਿਆਨ ਦੇ ਕੇ ਮੁੱਕਰ ਗਿਆ। ਇਹਨਾਂ ਵਿਚ ਈਮਾਨਦਾਰ ਕੌਣ ਐ, ਜੀਹਦੇ ਉਤੇ ਇਤਬਾਰ ਕਰੀਏ ? ਬੇਈਮਾਨ ਹਮੇਸ਼ਾਂ ਜੁੱਤੀ ਦੇ ਯਾਰ ਹੁੰਦੇ ਐ।'

ਭੋਲਿਓ, ਮੈਂ ਤੁਹਾਨੂੰ ਇਤਬਾਰ ਕਰਨ ਬਾਰੇ ਕਦੋਂ ਆਖਿਆ ਏ। ਰਾਜਨੀਤੀ ਵਿਚ ਇਤਬਾਰ ਹੱਥ ਵਢਾਉਣ ਬਰਾਬਰ ਹੁੰਦਾ ਏ।

'ਫੇਰ ਤੂੰ ਬੁੜਿਆ ਸਿਰ ਕਾਹਤੋਂ ਖਾਧਾ ਏ। ਇਹ ਗੁਰਮੰਤਰ ਸਾਨੂੰ ਆਉਂਦਾ ਏ ਹੁਣ ਤਾਂ ਤਖਤ ਜਾਂ ਤਖਤਾ।'

ਸਮੇਂ ਦੀ ਰਾਜਨੀਤੀ ਨੂੰ ਪਿੱਠ ਦਿਉਗੇ, ਅਸਲੋਂ ਮਾਰੇ ਜਾਵੋਗੇ। ਤੁਹਾਨੂੰ ਹਾਸਲ ਤਕ ਕਿਸੇ ਨਹੀਂ ਪਹੁੰਚਣ ਦੇਣਾ। ਸਾਊ ਪੁਤਰੋ, ਹਾਥੀ ਫਿੱਸੜ ਧਰਤੀ ਤੇ ਪੈਰ ਟੋਹ ਕੇ ਧਰਦਾ ਏ।

'ਸਭ ਅਕਲਾਂ ਪਈਆਂ ਭੱਠ। ਅਸੀਂ ਸਿਰਾਂ ਤੇ ਖੱਫਣ ਬੰਨ੍ਹ ਕੇ ਨਿਕਲੇ ਆਂ। ਜਦੋਂ ਤਲੀ ਤੇ ਧਰ ਲਈ, ਮੌਤ ਸਾਡੇ ਲਈ ਮਾਊਂ। ਚਾਚਾ ਤੇਰੀ ਹਮਦਰਦੀ ਦਾ ਸ਼ੁਕਰੀਆ, ਤੂੰ ਰਾਹੋਂ ਪਾਸੇ ਹਟ ਜਾਹ।'

ਭੋਲਿਓ, ਮੈਂ ਆਪਣੀ ਗੱਲ ਆਖੇ ਬਿਨਾਂ ਨਹੀਂ ਰਹਿ ਸਕਦਾ। ਤੁਸੀਂ ਮੈਨੂੰ ਮਸਾਂ ਮਿਲੇ ਓ, ਕਮਲਿਓ, ਮੇਰੀ ਅੰਦਰਲੀ ਬਹੁੜੀ ਤੇ ਝਾਤ ਪਾਓ। ਤੁਸੀਂ ਹੀ ਪੰਜਾਬ ਦੀ ਅਸਲ ਰਾਸ ਰਹਿ ਗਏ ਓ। ਬਾਕੀ ਸਭ ਕੁਝ ਸਾਰੀ ਖਰਚੀ ਗਈ, ਮੇਰੀ

ਗੱਲ ਯਾਦ ਰੱਖਿਓ, ਕੌਮ ਮੰਗਣ ਦੀ ਨੌਬਤ ਤੇ ਆ ਜਾਵੇਗੀ। ਜ਼ਿਦ ਤੇ ਅੜਬਾਈ ਨੂੰ ਘਟਾਓ। ਮੈਂ ਤੁਹਾਡੇ ਕੋਲੋਂ ਪੰਥ ਤੇ ਪੰਜਾਬ ਦੀ ਖੈਰ ਮੰਗਦਾ ਆਂ। ਇਸ ਮਾਰ-ਕਾਟ ਵਿਚ ਦਵੱਲੀ ਪੰਜਾਬ ਹੀ ਚੀਰਿਆ ਜਾ ਰਿਹਾ ਹੈ। ਹਿੰਦੂ ਭਰਾਵਾਂ ਦੀ ਬਹੁ-ਗਿਣਤੀ ਪੰਜਾਬ ਨੂੰ ਕਦੇ ਆਪਣਾ ਨਹੀਂ ਸਮਝਿਆ। ਸਮਝਦੇ ਤਾਂ ਅੱਜ ਐਨੀ ਵੀਰਾਨੀ ਕਦੇ ਨਾ ਹੁੰਦੀ, ਸਗੋਂ ਮਾਰਵਾੜੀਆਂ ਅਤੇ ਗੁਜਰਾਤੀਆਂ ਨਾਲ ਖਹਿ ਕੇ ਤੁਰਦੇ। ਮੈਂ ਤੁਹਾਨੂੰ ਦੋਹਾਈ ਦੇਂਦਾ ਆਂ ਤੁਸੀਂ ਤਾਂ ਇਸ ਦੇ ਵਾਰਸ ਬਣੋ ਤੇ ਵਸਦਾ ਰੱਖ ਲਵੋ।

'ਚਾਚਾ, ਤੂੰ ਕਾਂਗਰਸ ਵਾਲੀ ਪਾਣੀ ਵਿਚੋਂ ਮਧਾਣੀ ਕੱਢ ਲੈ, ਟੱਕਰਾਂ ਮਾਰੀ ਜਾਓ, ਹੱਥ ਪੱਲੇ ਆਉਣ ਨੂੰ ਕੱਖ ਨਹੀਂ। ਤੂੰ ਘਰ ਨੂੰ ਜਾਹ, ਸਾਨੂੰ ਲੋਹਾ ਲੈਣ ਦੇ, ਕੱਟਾ ਕੱਟੀ ਐਵੇਂ ਨਹੀਂ ਨਿਕਲਣੀ। ਸਾਡੀ ਨਾਲੇ ਆਪਣੀ ਵਾਟ ਖੋਟੀ ਕਿਉਂ ਕਰਦਾ ਏ।'

ਭੈੜਿਓ, ਮੋਢਿਓਂ, ਹਥਿਆਰ ਲਾਹੋ। ਦਮ ਟਿਕਾਣੇ ਕਰੋ। ਜਿੰਨਾ ਚਿਰ ਮਨ ਸੂਰ ਨਾ ਹੋਵੇ, ਵਿਚਾਰ ਕਾਟ ਨਹੀਂ ਕਰਦੀ। ਮੈਂ ਮਧਾਣੀ ਦਹੀਂ ਵਿਚ ਪਾਈ ਐ। ਤੁਸੀਂ ਦਸ ਸਕਦੇ ਓ, ਤੁਹਾਡਾ ਅਸਲ ਦੁਸ਼ਮਣ ਕੌਣ ਐ?

'ਸਾਡੇ ਚਾਰ ਚੁਫੇਰੇ ਦੁਸ਼ਮਣ ਹੀ ਦੁਸ਼ਮਣ ਹਨ, ਮਿੱਤਰ ਕੋਈ ਨਹੀਂ, ਬੱਸ ਨੀਲੇ ਦਾ ਸ਼ਾਹ ਸਵਾਰ ਹੀ ਸਾਡਾ ਮਿੱਤਰ ਐ। ਉਸ ਦਾ ਭਰੋਸਾ ਚਾਹੀਦਾ ਐ, ਹੋਰ ਕਿਸੇ ਦੀ ਲੋੜ ਨਹੀਂ।'

ਨਹੀਂ ਪੁੱਤਰ, ਲੋੜ ਐ, ਤੁਹਾਨੂੰ ਲੋਕਾਂ ਦੇ ਬਲ ਦੀ ਭਾਰੀ ਲੋੜ ਐ। ਤੁਹਾਡੇ ਅਟੱਲ ਭਰੋਸੇ ਦੇ ਬਲਹਾਰੇ ਜਾਂਦਾ ਆਂ। ਪਰ ਅਸਲ ਦੁਸ਼ਮਣ ਪਛਾਣੇ ਬਿਨਾਂ ਕੀਤਾ ਵਾਰ ਹਮੇਸ਼ਾ ਪੈਰ ਕੁਹਾੜੀ ਸਿੱਧ ਹੁੰਦਾ ਏ। ਤੁਹਾਡੀ ਤੇ ਸਾਰੀ ਕਿਰਤੀ ਜਨਤਾ ਦੀ ਵੈਰੀ ਐ ਵੱਡੀ ਸਰਮਾਏਦਾਰੀ, ਜਿਹੜੀ ਬਿਨਾਂ ਭਿੰਨ-ਭੇਤ ਸਭ ਨੂੰ ਲੁਟਦੀ ਐ।

'ਤੇ ਫਿਰਕੂ ਪ੍ਰੈਸ, ਜੀਹਨੇ ਪੰਜਾਬੀਅਤ ਦੀਆਂ ਜੜ੍ਹਾਂ ਕੱਢ ਕੇ ਰੱਖ ਦਿਤੀਆਂ'?

ਕਾਹਲੇ ਨਾ ਪਓ। ਤੁਹਾਡਾ ਗਿਲਾ ਸਿਰ ਮੱਥੇ। ਪ੍ਰੈੱਸ ਨੂੰ ਸਰਮਾਏਦਾਰੀ ਬੁਰਕੀ ਪਾਉਂਦੀ ਐ। ਇਸ ਤਰ੍ਹਾਂ ਦੇ ਲੋਕ ਦੋਖੀ ਤੇ ਪੰਥ ਦੁਸ਼ਮਣ ਬਹੁਤ ਐ। ਪਰ ਹਾਥੀ ਦੀ ਪੈੜ ਵਿਚ ਸਾਰੇ ਆ ਜਾਂਦੇ ਐ। ਜੇ ਪੰਜਾਬ ਹਰਾ ਭਰਾ ਰਖਣਾ ਏ ਤਾਂ ਅੰਬਰ ਵੇਲ ਲਾਹੁਣ ਦੀ ਵਿਉਂਤ ਬਣਾਓ। ਇਸ ਰਫ਼ਤਾਰ ਲੜਦੇ ਮਰਦੇ ਰਹੇ, ਹਾਸਲ ਤਿੰਨ ਕਾਣੇ ਨਹੀਂ ਹੋਣੇ। ਸੰਦ ਅਤੇ ਹਲ ਦਾ ਮੁੰਨਾ ਦੋ ਹੀ ਬੁਨਿਆਦੀ ਤਾਕਤਾਂ

ਹਨ, ਜਿਸ ਆਸਰੇ ਕੌਮ ਖਲੋਤੀ ਰਹਿ ਸਕਦੀ ਹੈ। ਜਦ ਦੋਹਾਂ ਨੂੰ ਹੀ ਫੜਨ ਵਾਲੇ ਨਾ ਰਹੇ, ਕਿੱਲੀ ਕਿਥੇ ਛੁਟੇਗੀ। ਘਰੀਂ ਮੁਟਿਆਰਾਂ ਵਿਆਹੁਣ ਵਾਲੀਆਂ ਤੁਹਾਡੀ ਸੁਖ ਮੰਗਦੀਆਂ ਹਨ। ਬਾਪੂਆਂ ਤੋਂ ਖੇਤੋਂ ਪੱਠੇ ਨਹੀਂ ਆਉਂਦੇ। ਮਾਵਾਂ ਅੰਦਰ ਬਾਹਰ ਡੁਸਕ ਰਹੀਆਂ ਹਨ। ਤੁਹਾਡੀਆਂ ਹੀਰਾਂ, ਇੰਤਜ਼ਾਰ ਵਿਚ ਸੁਕ ਕੇ ਕਾਨਾ ਹੋ ਗਈਆਂ। ਆਥਣ ਸਵੇਰ ਤੁਹਾਡੀਆਂ ਸੁਣੌਣੀਆਂ ਨੇ ਨੀਲ ਪਾ ਛੱਡੇ ਹਨ। ਪੰਜਾਬ ਵਿਚ ਵਰਤ ਰਹੀ ਸਾੜ੍ਹਸਤੀ ਪਤਾ ਨਹੀਂ ਕਦੇ ਮੁਕੇ।

'ਚਾਚਾ ਘਰਾਂ ਦੇ ਦਰਦ ਪਿਆਰ ਦੀਆਂ ਗੱਲਾਂ ਨਾਲ ਸਾਡੇ ਹੌਂਸਲੇ ਨਾ ਢਾਹ। ਅਸੀਂ ਜੇ ਪਹਾੜ ਨਾਲ ਮੱਥਾ ਲਾਇਆ ਏ ਤਾਂ ਤੈਨੂੰ ਢਾਹ ਕੇ ਵੀ ਵਿਖਾਵਾਂਗੇ। ਨਹੀਂ, ਸਿੰਘਾਂ ਦੀ ਪਿਆਰੀ ਸ਼ਹਾਦਤ ਤਾਂ ਵੱਟ ਤੇ ਪਈ ਐ ਨਾ। ਨਸੀਹਤੂ ਚਾਚਾ ਤੈਨੂੰ ਦੱਸੀਏ, ਜਿਹੜੇ ਮਰ ਨਹੀਂ ਸਕਦੇ, ਨਾ ਆਜ਼ਾਦੀ ਲੈ ਸਕਦੇ ਐ ਤੇ ਨਾ ਈ ਕਾਇਮ ਰਖ ਸਕਦੇ ਐ।

ਪਹਾੜ ਨਾਲ ਸੂਰਮੇ ਮੱਥਾ ਲਾਉਂਦੇ ਐ। ਪਰ ਜੋਧਿਓ ਪਹਾੜ ਨਾਲ ਮੱਥਾ ਲਾਉਣ ਦੀ ਵੀ ਇਕ ਖਾਸ ਵੱਤ ਹੁੰਦੀ ਐ। ਪਰ ਤੁਹਾਡਾ ਮੱਥਾ ਪਹਾੜ ਵਲੋਂ ਹਟਾ ਕੇ ਸਾਧਾਰਨ ਜਨਤਾ ਵਲ ਫੇਰ ਦਿਤਾ ਹੈ। ਮੈਂ ਆਖਿਆ ਸੀ, ਦੁਸ਼ਮਣ ਬੜਾ ਚਤਰ ਐ। ਸਰਮਾਏਦਾਰੀ ਦੀ ਆਪਣੀ ਕਾਣੀ ਕੌਡੀ ਨਾ ਫੁਟੇ, ਦੁਨੀਆਂ ਜਿੰਨੀ ਮਰਜ਼ੀ ਮਰੀ ਖਪੀ ਜਾਵੇ, ਉਸ ਨੂੰ ਕੋਈ ਫਰਕ ਨਹੀਂ ਪੈਂਦਾ। ਮੈਂ ਤੁਹਾਨੂੰ ਪੁੱਛਦਾ ਆਂ, ਗੁਰੂ ਗੋਬਿੰਦ ਸਿੰਘ ਤੇ ਭਰੋਸਾ ਕਰਨ ਵਾਲਿਓ, ਜਦੋਂ ਤੁਹਾਡੇ ਹੱਥੋਂ ਸਾਧਾਰਨ ਮਨੁੱਖ ਮਾਰੇ ਜਾਂਦੇ ਹਨ, ਉਹ ਖੁਸ਼ ਹੁੰਦਾ ਏ? ਬੇਗੁਨਾਹ ਦੇ ਮਾਰੇ ਜਾਣ ਨਾਲ ਸਿੱਖੀ ਦਾ ਘਾਤ ਨਹੀਂ ਹੁੰਦਾ? ਤਲੀ ਤੇ ਧਰਕੇ ਲੋਕ ਦੁਸ਼ਮਣ ਨਾਲ ਜੂਝਣ ਵਾਲੇ ਤਾਂ ਇਨਕਲਾਬੀ ਹੁੰਦੇ ਹਨ। ਪਰ ਜੇ ਸੁੱਚੀ ਭਗੌਤੀ ਨਿਰਦੋਸ਼ਾਂ ਦੇ ਸਿਰਾਂ ਤੇ ਆ ਕੇ ਲਿਸ਼ਕੇ, ਉਹ ਲੋਕਾਂ ਦੀ ਕਾਤਲ ਹੋ ਜਾਂਦੀ ਐ। ਤੁਸੀਂ ਆਪ ਨਿਰਣਾ ਕਰੋ, ਇਤਿ-ਹਾਸ ਵਿਚ ਕਿਹੜੀ ਥਾਂ ਖਲੋਣਾ ਏ? ਸਾਊਓ, ਆਪਣੇ ਪੁਰਖਿਆਂ ਦੀ ਨੇਕ ਕਮਾਈ ਵਲ ਝਾਤ ਮਾਰੋ। ਅਕਾਲ ਤਖਤ ਸਰਕਾਰ ਨੇ ਢਾਹਿਆ, ਇਸ ਖੁੰਦਕ ਨੂੰ ਮਨ ਵਿਚ ਨਸ਼ੰਗ ਰੱਖੋ। ਪਰ ਆਪਣੀ ਬਲਕਾਰਤਾ ਦਾ ਵਹਿਣ ਨਿਰਦੋਸ਼ਾਂ ਵਲ ਨਾ ਫੇਰੋ। ਤੁਹਾਡਾ ਧਰਮ ਤੇ ਇਤਿਹਾਸ ਦੋਵੇਂ ਕਲੰਕਤ ਹੁੰਦੇ ਐ। ਤੁਹਾਡੇ ਗੁਰੂ ਦਾ ਸਿਰ ਨੀਵਾਂ ਹੁੰਦਾ ਏ। ਤੁਸੀਂ ਤਾਂ ਘਰੋਂ ਪੰਥ ਦਾ ਸਿਰ ਉਚਾ ਕਰਨ ਲਈ ਤੁਰੇ ਸੀ, ਪਹਾੜ ਚੜ੍ਹਦੇ ਖਾਈ ਵਿਚ ਕਿਵੇਂ ਆ ਡਿਗੇ।

'ਚਾਚਾ ਬਸ ਕਰ। ਸਾਡਾ ਮਨ ਬਹੁਤ ਦੁਖੀ ਐ, ਕਮੀਨੇ ਲੋਕ ਤੁਖਣੇ ਦੇਣੋਂ ਨਹੀ ਹਟਦੇ। ਅਸੀਂ ਤਾਂ ਮਰਦੀ ਨੂੰ ਅੱਕ ਚਬਦੇ ਆਂ।'

ਲੋਕਾਂ ਦੀ ਹਮਦਰਦੀ ਤੇ ਹਮਾਇਤ ਬਿਨਾਂ ਤੁਸੀਂ ਹਥਿਆਰ ਹੁੰਦਿਆਂ ਹੋਇਆਂ ਵੀ ਨਿਹੱਥੇ ਹੋ। ਲੋਕਾਂ ਦੀ ਹਮਦਰਦੀ ਹਮੇਸ਼ਾਂ ਮਰਨ ਵਾਲੇ ਨਾਲ ਹੁੰਦੀ ਐ, ਜਦੋਂ ਤੋੜੀ ਉਹ ਗਦਾਰ ਨਾ ਹੋਵੇ। ਮਰਨ ਵਾਲੇ ਨਾਲ ਲੋਕਾਂ ਦੀ ਜ਼ੱਦੀ ਨਫਰਤ। ਤੁਸੀਂ ਪਿਛੇ ਝਾਤ ਮਾਰੇ ਬਿਨਾਂ ਅੱਗੇ ਦੀ ਅੱਗੇ ਵਧਦੇ ਗਏ ਤੇ ਦੁਸ਼ਮਣਾਂ ਦੇ ਘੇਰੇ ਵਿਚ ਆ ਗਏ।

'ਚਾਚਾ! ਤੂੰ ਕਾਹਤੋਂ ਵਿਰ ਵਿਰ ਕਰਦਾ ਏਂ, ਵਧ ਤੋਂ ਵਧ ਮਰ ਈ ਜਾਵਾਂਗੇ। ਅਸੀਂ ਮਰਨਾ ਮਿਥ ਕੇ ਹੀ ਘਰੋਂ ਤੁਰੇ ਸਾਂ। ਅਸੀਂ ਹਥਿਆਰ ਖੁਸ਼ੀ ਨਾਲ ਚੁੱਕੇ ਸੀ ?'

ਨਹੀਂ, ਇਹ ਆਵ ਕੀ ਔਧ ਨਿਦਾਨ ਬਣੇ ਵਾਲੀ ਗੱਲ ਸੀ। ਤੁਹਾਡੀ ਥਾਂ ਕੋਈ ਵੀ ਹੁੰਦਾ ਇਹੀ ਕਰਦਾ। ਪਰ ਗੱਲ ਤਾਂ ਸੇਧ ਕੁਸੇਧ ਦੀ ਐ। ਅਸਲ ਦੁਸ਼ਮਣ ਨੂੰ ਨੰਗਾ ਕਰਨ ਦੀ ਐ। ਅਗਲੀ ਗੱਲ ਐ ਖਰਚੀ ਪੱਲੇ ਬੰਨ੍ਹਣ ਦੀ। ਤੁਸੀਂ ਮੁੱਠੀ ਭਰ ਮਾਰੇ ਗਏ, ਪੰਥ ਵਿਚ ਚੜ੍ਹਦੀ ਕਲਾ ਕਿਥੋਂ ਆਵੇਗੀ ? ਸਿੱਖੀ ਦਾ ਮੂਲ ਪਛਾਣੇ ਬਿਨਾਂ ਵਿਢੀ ਲੜਾਈ ਗਲਤ ਰਾਹ ਫੜ ਸਕਦੀ ਐ। ਧੀਰਜ ਧਾਰੋ ਤੇ ਲੰਮਾ ਸੋਚੋ। ਵੇਲਾ ਵਹਾਇਆ ਪੈਗੰਬਰਾਂ ਨੂੰ ਹੱਥ ਨਹੀਂ ਲੱਗਾ। ਤੁਹਾਡੇ ਦਿਲ ਦੇ ਦਰਦ ਤਕ ਕੋਈ ਨਹੀਂ ਪਹੁੰਚਦਾ। ਮੈਂ ਥੋੜ੍ਹਾ ਅਹਿਸਾਸ ਕੀਤਾ ਹੈ। ਤਦ ਹੀ ਤੁਹਾਡਾ ਰਾਹ ਮੱਲਿਆ ਏ। ਦਿਲ ਦੀ ਹਾਲਤ ਜਾਣੇ ਬਿਨਾਂ ਕੀਤੀਆਂ ਫੋਕੀਆਂ ਅਪੀਲਾਂ ਵਾ ਵਿਚੋਂ ਆਉਂਦੀਆਂ ਤੇ ਵਾ ਵਿਚ ਹੀ ਲੰਘ ਜਾਂਦੀਆਂ ਹਨ। ਮੈਂ ਚਾਹੁੰਦਾ ਆਂ, ਤੁਸੀਂ ਫੁਟੋ, ਆਪਣਾ ਦਿਲ ਖੋਲ੍ਹੋ। ਨਹੀਂ, ਮਰਜ਼ ਬੜਤਾ ਗਿਆ, ਯੂੰ ਯੂੰ ਦਵਾ ਕੀ। ਤੁਹਾਡੇ ਦਿਲ ਤਕ ਪਹੁੰਚਣ ਦੀ ਕਿਸੇ ਖੇਚਲ ਹੀ ਨਹੀਂ .ਕੀਤੀ। ਅਪੀਲਾਂ ਇਨ੍ਹਾਂ ਜ਼ਖਮਾਂ ਦੀਆਂ ਪੱਟੀਆਂ ਨਹੀਂ। ਸੁਣਾਏ ਤੇ ਸੁਣੇ ਬਿਨਾਂ ਦਰਦ ਦੀ ਪੀੜ ਨਹੀਂ ਜਾਂਦੀ। ਇਹ ਦਮਾਗੋਂ ਕਢ ਛੱਡੋ ਕਿ ਤੁਹਾਡਾ ਕੋਈ ਦਰਦਮੰਦ ਨਹੀਂ। ਤੁਸੀਂ ਸਾਵੇਂ ਮਨੁੱਖ ਹੋ ਤੇ ਅਸਲ ਨਿਸ਼ਾਨੇ ਤੋਂ ਖੁੰਝੇ ਵਾਰ ਹੋ। ਮੈਂ ਤੁਹਾਡੇ ਲਈ ਬਹਿਬਲ ਆਂ—ਤੜਪ ਰਿਹਾ ਆਂ ਤੇ ਹੋਰ ਕਿੰਨੇ ਜਿਨ੍ਹਾਂ ਨੂੰ ਤੁਸੀਂ ਜਾਣਦੇ ਨਹੀਂ। ਅਸੀਂ ਤੁਹਾਡੀ ਤੇ ਸਾਰੀ ਜਨਤਾ ਦੀ ਖੈਰ ਮੰਗਦੇ ਆਂ। ਅਸੀਂ ਸਰਬੱਤ ਦੇ ਭਲੇ ਦੀ ਉਮੱਤ ਆਂ। ਪੁੱਤਰੋ ਨਿਸ਼ਾਨਾ ਬਦਲੋ, ਤੁਸੀਂ ਸਰਬੱਤ ਦੇ ਭਲੇ ਦੀ ਉਮੱਤ ਨੂੰ

ਦਾਗ ਨਹੀਂ ਲਾ ਸਕਦੇ। ਨਿਰਦੋਸ਼ਾਂ ਨੂੰ ਮਾਰਨਾ ਪਾਪ ਤੇ ਦੋਸ਼ ਹੀ ਨਹੀਂ, ਹੋਰ ਬੜਾ ਕੁਝ ਐ, ਜਿਹੜਾ ਸਾਡੇ ਸਿਰ ਨੀਵੇਂ ਕਰ ਰਿਹਾ ਹੈ। ਅਸੀਂ ਗਲਤ ਨੂੰ ਸਹੀ ਕਰਨ ਵਾਲੇ ਸੀ। ਜ਼ੁਲਮ ਨੂੰ ਨੇਕੀ ਵਿਚ ਬਦਲਣ ਵਾਲੇ। ਤੁਹਾਡੀਆਂ ਗਲਤੀਆਂ ਨਾਲ ਸਮੁੱਚੀ ਕੌਮ ਬਦਨਾਮ ਹੁੰਦੀ ਐ। ਗਲਤ ਤੋਂ ਤੋਬਾ ਭਲੀ। ਇਸ ਭਗੌਤੀ ਨੂੰ ਸਾਡੇ ਗੁਰੂ ਨੇ ਸਿਮਰਿਆ, ਨਮਸਕਾਰਿਆ ਸੀ। ਉਸ ਪਹਿਲੋਂ ਸਮਾਜ ਦੁਸ਼ਮਣ ਨੂੰ ਲੋਕਾਂ ਵਿਚ ਨੰਗਾ ਕੀਤਾ, ਫਿਰ ਲਲਕਾਰਿਆ ਤੇ ਮਾਰਿਆ। ਇਹ ਕੰਮ, ਇਹ ਸੇਧ ਤੁਹਾਡੇ ਵੀ ਸਾਹਮਣੇ ਐ। ਇਕ ਸਾਧਾਰਨ ਮਨੁੱਖ ਮਾਰੇ ਜਾਨ ਨਾਲ ਸਾਰੀ ਸੂਰਮਤਾਈ ਦੀ ਖੇਹ ਹੋ ਜਾਂਦੀ ਐ। ਤੁਹਾਡੇ ਸਾਹਮਣੇ ਇਕ ਆਦਰਸ਼ ਐ, ਗੁਰੂ ਗੋਬਿੰਦ ਸਿੰਘ ਦੇ ਪੂਰਨਿਆਂ ਤੇ ਚਲਦਿਆਂ ਅਸਲ ਦੁਸ਼ਮਣ ਨੂੰ ਖਤਮ ਕਰਨਾ। ਜੇ ਇਸ ਨੂੰ ਫਤਹਿ ਨਹੀਂ ਕਰਨਾ, ਤੁਹਾਨੂੰ ਭਗੌਤੀ ਨੂੰ ਲਾਜ ਲਾਉਣ ਦਾ ਕੋਈ ਹੱਕ ਨਹੀਂ। ਸਮੇਂ ਦੀ ਰਾਜਨੀਤੀ ਵਾਲੀ ਗੱਲ ਮੈਂ ਪਿੱਛੇ ਛੱਡ ਆਇਆ ਹਾਂ। ਗੁਰੂ ਤੇਗ ਬਹਾਦਰ ਦੇ ਕਤਲ ਹੋ ਜਾਣ ਤੇ ਹੀ ਗੁਰੂ ਗੋਬਿੰਦ ਸਿੰਘ ਨੇ ਖੰਡਾ ਨਹੀਂ ਖੜਕਾ ਦਿੱਤਾ ਸੀ। ਉਨ੍ਹਾਂ ਬਦਲੇ ਦੀ ਅੱਗ ਨੂੰ ਰਾਖਵੇਂ ਤੌਰ ਤੇ ਦਿਲ 'ਚ ਦਬਾ ਲਿਆ। ਸਮਾਧੀਆਂ ਲਾ ਲਾ ਸੋਚਿਆ, ਵਿਚਾਰਿਆ ਤੇ ਵਿਉਂਤਾਂ ਘੜੀਆਂ। ਲੁੱਟੀ ਪੁੱਟੀ ਤੇ ਜ਼ੁਲਮਾ ਮਾਰੀ ਕਿਰਤੀ ਜਨਤਾ ਨੂੰ ਆਪਣੇ ਨਾਲ ਜੋੜਿਆ। ਫਿਰ ਪੰਜ ਮਰਜੀਵੜੇ ਖੰਡੇ ਦੀ ਧਾਰ ਵਿਚੋਂ ਪੈਦਾ ਕੀਤੇ। ਚਿੜੀਆਂ ਦੇ ਹੌਸਲੇ ਬਾਜ਼ਾਂ ਨਾਲ ਟਕਰਾਏ। ਫਿਰ ਮਿੱਤਰ ਪਿਆਰਿਆਂ ਹੱਥੋਂ ਗੋਡੀ ਲਾ ਕੇ ਆਪ ਅੰਮ੍ਰਿਤਪਾਨ ਕੀਤਾ। ਗੁਰੂ ਚੇਲੇ ਵਿਚ ਸਮਾਨਤਾ ਲਿਆਂਦੀ। ਫਿਰ ਕਿਤੇ ਜਾ ਕੇ ਦੁਸ਼ਮਣ ਨਾਲ ਟੱਕਰ ਲੈਣ ਵਾਲੀ ਤਾਕਤ ਪੈਦਾ ਹੋਈ ਸੀ। ਜੇ ਗੁਰੂ ਸਾਹਿਬ ਦਿੱਲੀ ਦੇ ਸਾਕੇ ਤੋਂ ਝਟਪਟ ਬਾਅਦ ਹੀ ਲੜਾਈ ਵਿਚ ਲੈਂਦੇ, ਆਪੂੰ ਖਤਮ ਹੁੰਦੇ, ਹੋਰ ਤਬਾਹੀ ਮਚਦੀ ਅਤੇ ਮੁਗਲ ਸਾਮਰਾਜ ਹੋਰ ਕਈ ਸਦੀਆਂ ਸਿਰਹਾਣੇ ਬਾਂਹ ਦੇ ਕੇ ਸੁੱਤਾ ਰਹਿੰਦਾ। ਜਨਤਾ ਚੱਕੀ ਦੇ ਦਾਣਿਆਂ ਵਾਂਗ ਪੀਠੀਦੀ ਰਹਿੰਦੀ।

'ਓਏ ਗੁਣੀ ਚਾਚਾ! ਗੱਲਾਂ ਤੇਰੀਆਂ ਦਿਲ ਨੂੰ ਕਾਟ ਕਰਦੀਆਂ ਨੇ, ਜ਼ਰੂਰ ਵਿਚਾਰਾਂਗੇ।'

ਦੇਖੋ, ਇਸ ਬੇਪਰਵਾਹੀ ਨੇ ਇਤਿਹਾਸ ਵਿਚ ਪਹਿਲਾਂ ਹੀ ਸੌ ਵਾਰ ਘਾਣ ਕਰਵਾਏ ਐ। ਡੋਰ ਛੁੱਟ ਜਾਵੇ, ਮੁੜ ਗੁੱਡੀ ਹੱਥ ਨਹੀਂ ਆਉਂਦੀ। ਤਾਰੀਖੀ ਫੈਸਲਿਆਂ ਨੂੰ ਰਾਜਨੀਤੀ ਫੇਰ ਤੇ ਕਦੇ ਨਹੀਂ ਪਾਉਂਦੀ। ਤੁਹਾਡੀ ਘਰਾਂ ਨੂੰ ਲੋੜ,

ਪੰਥ ਨੂੰ ਲੋੜ ਤੇ ਸਭ ਤੋਂ ਵੱਧ ਪੰਜਾਬ ਦੀ ਟੁਟੀ ਕਿਸਾਨੀ ਨੂੰ। 'ਫੇਰ' ਤੁਹਾਨੂੰ ਯਕੀਨਨ ਵੀਹ ਕੋਹ ਤੇ ਲੈ ਜਾ ਸੁੱਟੇਗੀ। ਅੱਜ ਦੇ ਖੁੰਝੇ ਰਾਮ ਜਾਣੇ ਫਿਰ ਕਦੋਂ ਮਿਲੋ। ਜਦੋਜਹਿਦ ਕਰਨ ਵਾਲਿਆਂ, ਅੱਜ ਨੂੰ ਕਲ੍ਹ ਤੇ ਕਦੇ ਨਹੀਂ ਪਾਇਆ। ਅਨਾੜੀਆਂ ਦੀ ਯਾਰੀ ਵਿਚੋਂ ਸਦਾ ਖੁਆਰੀ ਮਿਲੀ ਹੈ। ਪੱਕੀ ਆੜ੍ਹੀ ਗੁਰੂ ਗੋਬਿੰਦ ਸਿੰਘ ਦੀ, ਬਾਕੀ ਸਭ ਕੂੜ ਦੇ ਵਪਾਰੀ। ਕੱਚੇ ਰਾਹ ਤਿਆਗ ਕੇ ਪੱਕੇ ਦੇ ਧਾਰਨੀ ਬਣੋ—ਸੱਚੇ ਸੁੱਚੇ ਸੰਤ ਸਿਪਾਹੀ।

'ਯਾਰ ਬੰਦਾ ਤੂੰ ਦਿਲਚਸਪ ਏਂ। ਤੈਨੂੰ ਮਿਲ ਕੇ ਖੁਸ਼ੀ ਹੋਈ। ਫੇਰ ਵੀ ਮਿਲੀਂ।'

ਓਏ ਭਲਿਓ! ਮੇਰੇ ਪੱਲੇ ਕੀ ਪਾਇਆ—ਮੇਰੀ ਹਾਲ ਦੁਹਾਈ ਦਾ ਕੀ ਬਣਿਆ?

"ਤੈਨੂੰ ਆਖਿਆ ਨਾ, ਵਿਚਾਰ ਕਰਾਂਗੇ। ਵਾਅਦਾ ਉਹ ਜਿਹੜਾ ਨਿਭ ਜਾਵੇ। ਚਾਚਾ ਘਬਰਾਈਂ ਨਾ, ਗੁਰੂ ਭਲੀ ਕਰੂ। ਅਸੀਂ ਸਰਬੱਤ ਦੇ ਭਲੇ ਦੇ ਰਾਹ ਸ਼ਹੀਦ ਹੋਵਾਂਗੇ। ਸਾਡੇ ਸਿਰਾਂ ਦੇ ਮੁੱਲ ਪੈ ਚੁੱਕੇ ਐ। ਇਹ ਵੱਢੇ ਤਾਂ ਜਾ ਸਕਦੇ ਐ ਪਰ ਝੁਕ ਨਹੀਂ ਸਕਦੇ। ਤੇਰੀ ਸਰਕਾਰ ਹਾਲੇ ਸਾਡੇ ਲਹੂ ਦੀ ਤਿਹਾਈ ਐ। ਜਦ ਉਹਦੇ ਵਿਚੋਂ ਕੋਈ ਈਮਾਨਦਾਰ ਬਾਂਹ ਉਠੀ, ਅਸੀਂ ਫੜਾਂਗੇ। ਹੱਛਾ ਸਾਨੂੰ ਕਾਹਲੀ ਐ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।"

ਹਾਇ ਪੰਥ ਦੇ ਹੀਰਿਓ, ਤੁਸੀਂ ਤੇ ਸਰਕਾਰ ਦੋਵੇਂ ਹੀ ਗਲਤ ਓ। ਇਨ੍ਹਾਂ ਗਲਤੀਆਂ ਦੀ ਸਜ਼ਾ ਕੀਹਨੂੰ ਮਿਲ ਰਹੀ ਹੈ, ਕਦੇ ਜਾਣਦੇ, ਕਦੇ ਅਹਿਸਾਸ ਕਰਦੇ। ਜਾਣ ਵਾਲਿਓ, ਹੁਣ ਮੈਂ ਰੱਬ ਰਾਖਾ ਹੀ ਕਹਿ ਸਕਦਾ ਆਂ।

ਜਸਵੰਤ ਸਿੰਘ ਕੰਵਲ

ਢੁੱਡੀਕੇ
27-7-86

ਪਿਆਰੇ ਪਾਠਕੋ, ਕਰਜ਼ਿਆਂ ਮਾਰੇ ਕਿਸਾਨ ਭਰਾਵੋ ਅਤੇ ਵਖਤਾਂ ਨੂੰ ਫੜੇ ਪੰਜਾਬੀ ਵੀਰੋ !

ਤੁਸਾਂ ਰਾਜ ਸਭਾ ਦੇ ਪੰਜਾਬ ਵਲੋਂ ਦੋ ਪ੍ਰਤੀਨਿਧਾਂ ਦੇ ਨਤੀਜੇ ਸੁਣ ਲਏ ਹੋਣਗੇ ਅਤੇ ਸੁਣਕੇ ਸਿਰ ਵੀ ਫੜ ਲਿਆ ਹੋਵੇਗਾ ਕਿਉਂਕਿ ਉਸ ਵਿਚ ਅਕਾਲੀ ਸਰਕਾਰ ਵਲੋਂ ਸ: ਸਿਮਰਨਜੀਤ ਸਿੰਘ ਮਾਨ ਨੂੰ ਜਾਣ ਬੁਝਕੇ ਹਰਾਇਆ ਗਿਆ ਹੈ।

ਮਾਨ ਸਾਹਿਬ ਆਈ ਪੀ ਐਸ ਕੈਡਰ ਵਿਚ ਐਸ ਐਸ ਪੀ ਸਨ। ਜਦ 6 ਜੂਨ 1983 ਨੂੰ ਦਰਬਾਰ ਸਾਹਿਬ ਤੇ ਉਸ ਹਮਲਾ ਸੁਣਿਆ ਅਤੇ ਅਕਾਲ ਤਖਤ ਨੂੰ ਢਾਹਿਆ ਗਿਆ ਜਾਣਿਆ, ਆਪਣੇ ਸਿੱਖੀ ਜਜ਼ਬਾਤ ਤੇ ਕਾਬੂ ਨਾ ਰੱਖ ਸਕੇ। ਉਹਨਾਂ ਰੋਸ ਵਜੋਂ ਅਸਤੀਫਾ ਦੇ ਦਿੱਤਾ ਤੇ ਗਿਆਨੀ ਜ਼ੈਲ ਸਿੰਘ ਨੂੰ ਚਿੱਠੀ ਲਿਖ ਮਾਰੀ। ਚਿੱਠੀ ਸਿੰਘਉ ਸ਼ਾਨ ਵਾਲੀ ਸੀ। ਸਾਈਕਲੋ ਸਟਾਈਲ ਹੋ ਕੇ ਹਥੋਂ ਹੱਥੀ, ਹਰ ਪੜ੍ਹੇ ਲਿਖੇ ਪੰਜਾਬੀ ਕੋਲ ਘੁੰਮਦੀ ਰਹੀ। ਕੀ ਮਾਨ ਦਾ ਰੋਸ ਕਰਨਾ ਗਲਤ ਸੀ ? ਕੀ ਦਰਬਾਰ ਸਾਹਿਬ ਤੇ ਬਲਿਊ ਸਟਾਰ ਸਹੀ ਸੀ ? ਗਦਾਰਾਂ ਤੋਂ ਛੁੱਟ ਬਾਕੀ ਸਭ ਨੇ ਹਾਅ ਦਾ ਨਾਅਰਾ ਮਾਰਿਆ ਕਈ ਸੂਰਮੇ ਸੁਖਾ ਸਿੰਘ ਬਣੇ। ਇਹ ਹਮਲਾ ਧਰਮ ਦਾ ਸਿਰ ਕੱਟ ਦੇਣ ਵਰਗੀ ਹਮਾਕਤ ਸੀ। ਸਾਰੀ ਕੌਮ ਨੇ ਕਚੀਚੀਆਂ ਵੱਟੀਆਂ। ਪਰ ਮਾਨ ਨੇ ਤਾਂ ਗਿਲਾ ਪ੍ਰਗਟ ਕੀਤਾ ਸੀ, ਕੋਈ ਕਾਨੂੰਨ ਨਹੀਂ ਤੋੜਿਆ ਸੀ, ਰੱਬ ਜਾਣੇ ਸਰਕਾਰ ਨੇ ਉਸ ਉੱਤੇ ਹੋਰ ਕੀ ਕੀ ਦੋਸ਼ ਥੱਪ ਲਏ ਹਨ ਅਤੇ ਉਸ ਨੂੰ ਬਾਗਲਪੁਰ ਜੇਲ੍ਹ ਵਿਚ ਤੁੰਨ ਰਖਿਆ ਹੈ। ਉਹ ਜੇਲ੍ਹ ਜਿਹੜੀ ਤਸੀਹਿਆਂ ਲਈ ਮਸ਼ਹੂਰ ਹੈ, ਜਿਥੇ ਕੈਦੀਆਂ ਨੂੰ ਅੰਨ੍ਹਿਆਂ ਕਰ ਕਰ ਮਾਰਨ ਦੀਆਂ ਖਬਰਾਂ ਛਪੀਆਂ ਸਨ। ਕੁਝ ਨਹੀਂ ਆਖਿਆ ਜਾ ਸਕਦਾ, ਕਲ੍ਹ ਨੂੰ ਕੀ ਵਾਪਰ ਜਾਵੇ। ਪਰ ਅੱਜ ਉਹ ਪੰਜਾਬ ਦਾ ਹੀਰੋ ਹੈ ਅਤੇ ਸਿਖਾਂ ਦਾ ਨੈਲਸਨ ਮੰਡੇਲਾ।

ਪੰਜਾਬੀ ਪਿਆਰਿਓ ! ਤੁਹਾਡੇ ਨੈਲਸਨ ਮੰਡੇਲਾ ਨੂੰ ਰਾਜ ਸਭਾ ਲਈ ਅਠਾਈ ਵੋਟਾਂ ਮਿਲੀਆਂ। ਕਾਂਗਰਸੀ ਉਮੀਦਵਾਰਾਂ ਨੂੰ ਚੌਂਤੀ ਅਤੇ ਅਕਾਲੀ ਕੈਂਡੀਡੇਟ ਜਨਰਲ ਅਰੋੜਾ ਨੂੰ ਪੰਜਾਹ ਵੋਟਾਂ ਪਈਆਂ । ਸੱਤ ਹੋਰ ਵੋਟਾਂ ਨਾਲ ਕੈਦੀ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਹੁੰਦੀ ਸੀ। ਜਿੱਤ ਦੀ ਸੂਰਤ ਵਿਚ ਪਾਰਲੀ-ਮੈਂਟ ਦਾ ਮੈਂਬਰ ਹੋਣ ਤੇ ਸਰਕਾਰ ਨੂੰ ਉਹ ਛੱਡਣਾ ਹੀ ਪੈਣਾ ਸੀ। ਇਉਂ ਜੋਧਪੁਰ ਜੇਲ੍ਹ ਦੇ ਫਾਟਕ ਟੁਟਣ ਦਾ ਰਾਹ ਖੁਲ੍ਹਦਾ ਸੀ। ਪਰ ਬਰਨਾਲਾ ਸਰਕਾਰ ਨੇ ਸੱਤ ਵੋਟਾਂ ਨਾ ਦੇ ਕੇ ਸਾਬਤ ਕਰ ਦਿੱਤਾ ਕਿ ਉਹ ਜੋਧਪੁਰ, ਅਜਮੇਰ ਅਤੇ ਭਾਗਲਪੁਰ ਦੇ ਸਿਦਕੀ ਸਿੰਘ ਕੈਦੀਆਂ ਨੂੰ ਛੁਡਾਉਣਾ ਨਹੀਂ ਚਾਹੁੰਦੀ। ਮਾਨ ਸਾਹਿਬ ਲੱਖ ਯੂਨਾਈਟਿਡ ਅਕਾਲੀ ਦਲ ਦੇ ਅਹੁਦੇਦਾਰ ਸਨ, ਕੀ ਹੋਇਆ ਜੇ ਉਸ ਨੂੰ ਬਾਦਲ ਗਰੁਪ ਨੇ ਖੜਾ ਕੀਤਾ ਸੀ । ਉਹਦੇ ਸਿਰੜ ਅਤੇ ਕੁਰਬਾਨੀ ਨੂੰ ਮੁਖ ਰਖ ਕੇ ਹੀ ਉਸ ਨੇ ਜਿਤਾਉਣਾ ਚਾਹੀਦਾ ਸੀ। ਮਾਨ ਸਾਹਿਬ ਦੇ ਪਿਤਾ ਨਾਲ ਗੱਲ ਕੀਤੀ ਜਾ ਸਕਦੀ ਸੀ। ਉਸ ਦੇ ਛੁਟ ਜਾਣ ਨਾਲ ਭੜਕੇ ਨੌਜਵਾਨਾਂ ਤੇ ਚੰਗਾ ਪ੍ਰਭਾਵ ਪੈਣਾ ਸੀ। ਯਕੀਨਨ ਉਸ ਰੁਸੇ ਅਤੇ ਖਿਖਰੇ ਗਰੁਪਾਂ ਨੂੰ ਇਕ ਲੜੀ ਵਿਚ ਪਰੋਣ ਦਾ ਪਹਿਲਾ ਕੰਮ ਕਰਨਾ ਸੀ ਕਿਉਂਕਿ ਜਿਹੜੀ ਕੌਮ ਸਤਾਰੀਂ ਥਾਈਂ ਛਿੱਤਰੀਂ ਦਾਲ ਵੰਡ ਰਹੀ ਹੋਵੇ, ਉਸ ਨੂੰ ਮਾਰਨਾ ਅਤੇ ਗੁਲਾਮ ਬਣਾਉਣਾ ਕੀ ਔਖਾ ਹੈ ? ਸਿਆਣਾ ਨੇਤਾ ਫੁਟ ਦੀਆਂ ਦਰਾੜਾਂ ਵਿਚ ਸਭ ਤੋਂ ਪਹਿਲਾ ਸੀਮਿੰਟ ਪਾ ਕੇ ਜਥੇਬੰਦੀ ਨੂੰ ਚਟਾਨ ਬਣਾਉਂਦਾ ਹੈ। ਪੰਜਾਬ ਦੇ ਸਾਰੇ ਲੀਡਰਾਂ ਦਾ ਕਿਰਦਾਰ ਪੱਜਲ ਅਤੇ ਗਦਾਰੀ ਵਾਲਾ ਵਾਰੀ ਵਾਰੀ ਸਾਬਤ ਹੋ ਚੁਕਾ ਹੈ। ਹੁਣ ਤਾਂ ਜੋ ਆਸ ਹੈ, ਸ: ਸਿਮਰਨਜੀਤ ਸਿੰਘ ਮਾਨ ਤੇ ਹੀ ਰਹਿ ਗਈ ਹੈ।

ਪੋਰਸ ਸਕੰਦਰ ਤੋਂ ਨਹੀਂ ਹਾਰਦਾ ਸੀ, ਉਸ ਦੀ ਪਿੱਠ ਲਵਾਈ ਸ਼ਰੀਕ ਰਾਜੇ ਅੰਬੀ ਨੇ। ਪ੍ਰਿਥਵੀ ਰਾਜ ਨੂੰ ਮੁਹੰਮਦ ਗੌਰੀ ਨੇ ਕੀ ਮਾਰਨਾ ਸੀ, ਮਾਰ ਗਿਆ ਸ਼ਰੀਕ ਜੈ ਚੰਦ । ਬਾਬਰ ਨੂੰ ਜਿਤਾਉਣ ਵਾਲਾ ਪੰਜਾਬ ਦਾ ਗਦਾਰ ਸੂਬੇਦਾਰ ਸੀ। ਅਕਬਰ ਰਾਣਾ ਪ੍ਰਤਾਪ ਨੂੰ ਜੰਗਲ ਜੰਗਲ ਭੁਖਾ ਤਿਹਾਇਆ ਕਦੇ ਨਾ ਮਾਰ ਸਕਦਾ, ਜ ਜੈਪੁਰ ਦਾ ਰਾਜਾ ਮਾਨ ਸਿੰਘ ਆਪਣੀ ਭੈਣ ਅਕਬਰ ਨੂੰ ਨਾ ਦਿੰਦਾ। ਇਤਿਹਾਸ ਵਿਚ ਗਦਾਰੀਆਂ ਦਾ ਸਿਲਸਿਲਾ ਲੰਮਾ ਐ। ਫੇਰੂ ਸ਼ਹਿਰ ਦੀ ਸਿਖਾਂ-ਅੰਗਰੇਜ਼ਾਂ ਦੀ ਲੜਾਈ ਵਿਚੋਂ ਪਹਾੜਾ ਸਿੰਘ ਫਰੀਦਕੋਟ ਰਿਆਸਤ ਜੂਪ ਗਿਆ। ਪਰ ਬਰਨਾਲਾ ਨੂੰ ਤਾਂ ਚੀਫ ਮਨਿਸਟਰੀ ਪੰਥ ਨੇ ਦਿੱਤੀ ਸੀ। ਉਸ ਮਾਨ

ਸਾਹਿਬ ਨੂੰ ਹਰਾ ਕੇ ਪੰਥ ਦੀ ਪਿੱਠ ਕਿਉਂ ਲਵਾਈ ? ਮਾਨ ਨਹੀਂ ਹਾਰਿਆ, ਉਹ ਤਾਂ ਜੇਲ੍ਹ ਵਿਚ ਚੜ੍ਹਦੀ ਕਲਾ ਦੇ ਢੋਲੇ ਗਾ ਰਿਹਾ ਹੈ। ਯਕੀਨਨ ਪੰਥ ਨੂੰ ਹਰਾਉਣ ਵਾਲਾ ਕੱਖੋਂ ਹੌਲਾ ਪਵੇਗਾ। ਕੋਈ ਪੰਥ ਦਰਦੀ ਉਸ ਨੂੰ ਮੂੰਹ ਕਿਵੇਂ ਲਾਵੇਗਾ ? ਮਾਨ ਦੇ ਜਿੱਤਣ ਤੇ ਬਾਦਲ, ਬਰਨਾਲਾ ਤੇ ਟੌਹੜਾ ਡਰਦੇ ਸਨ। ਉਹਦੀ ਕੁਰਬਾਨੀ ਅੱਗੇ ਸਭ ਦੀ ਲੀਡਰੀ ਸਿਫਰ ਹੁੰਦੀ ਸੀ।

ਬਾਦਲ ਗਰੁਪ ਦਾ ਉਸ ਨੂੰ ਖੜਾ ਕਰਨਾ ਵੀ ਕੇਵਲ ਰਾਜਨੀਤਕ ਚਾਲ ਹੀ ਸੀ।

ਮੇਰਾ ਅਨੁਮਾਨ ਆਖਦਾ ਹੈ, ਜਿਹੜੇ ਸੈਂਟਰ ਸਰਕਾਰ ਦੇ ਤਿੰਨ ਖੜਪੈਂਚ ਕਾਂਗਰਸੀ ਉਮੀਦਵਾਰ ਨੂੰ ਜਤਾਉਣ ਚੰਡੀਗੜ੍ਹ ਆਏ ਸਨ, ਉਹਨਾਂ ਬਰਨਾਲਾ ਸਾਹਿਬ ਨੂੰ ਜ਼ਰੂਰ ਭਊ ਵਿਖਾਇਆ ਏ। ਜਿਸ ਦਾ ਸਾਫ਼ ਮਤਲਬ ਨਿਕਲਦਾ ਏ, ਸਰਕਾਰ ਮਾਨ ਸਾਹਿਬ ਨੂੰ ਪਾਰਲੀਮੈਂਟ ਵਿਚ ਕਿਵੇਂ ਵੀ ਬਰਦਾਸ਼ਤ ਨਹੀਂ ਕਰ ਸਕਦੀ ਸੀ। ਸਰਕਾਰ ਦੇ ਪਾਪ ਕੰਬਦੇ ਸਨ ਅਤੇ ਮਾਨ ਸਾਹਿਬ ਨੇ ਪਾਰਲੀਮੈਂਟ ਵਿਚ ਹਿੰਦ ਸਰਕਾਰ ਦੀ ਸੜੀ ਲੱਸੀ ਵਾਲੀ ਹਾਂਡੀ ਭੰਨ ਸੁਟਣੀ ਸੀ। ਉਸ ਤਲਵੰਡੀ ਅਤੇ ਟੌਹੜਾ ਵਾਂਗ ਉਥੋਂ ਤਨਖਾਹਾਂ ਲੈਣ ਨਹੀਂ ਜਾਣਾ ਸੀ, ਜਿਹੜੇ ਆਪਣੀ ਸਾਰੀ ਵਾਹੀ ਵਿਚ ਇਕ ਵਾਰ ਵੀ ਪੰਜਾਬ ਦੇ ਹੱਕ ਵਿਚ ਮੂੰਹੋਂ ਨਹੀਂ ਫੁਟੇ। ਅਜਿਹੇ ਧਨੇਸੂਆਂ ਨੂੰ ਕੇਵਲ ਬੁਧੂ ਹੀ ਚੁਣ ਕੇ ਅਸੰਬਲੀਆਂ ਅਤੇ ਪਾਰਲੀਮੈਂਟ ਵਿਚ ਭੇਜਦੇ ਐ। ਬਰਨਾਲਾ ਸ਼ਰਾਫਤ ਅਤੇ ਨਰਮ-ਦਿਲੀ ਵਿਚ ਮਸ਼ਹੂਰ ਹੈ ਅਤੇ ਉਹ ਭਊ ਤੋਂ ਜ਼ਰੂਰ ਡਰ ਗਿਆ ਹੋਵੇਗਾ ਕਿਉਂਕਿ ਬਾਦਲ ਧੜਾ ਉਹਦੀਆਂ ਲੰਮੀਆਂ ਲੱਤਾਂ ਖਿੱਚਣ ਦਾ ਕੋਈ ਮੌਕਾ ਹਥੋਂ ਨਹੀਂ ਜਾਣ ਦਿੰਦਾ। ਉਸ ਸਮਝਿਆ, ਮੇਰੀ ਕੁਰਸੀ ਨੂੰ ਸੈਂਟਰ ਹੀ ਬਚਾ ਸਕਦਾ ਹੈ ਅਤੇ ਉਸ ਕੁਰਸੀ ਤੋਂ ਪੰਥ ਵਾਰ ਦਿੱਤਾ, ਜਿਸ ਉਸ ਨੂੰ ਆਪਣਾ ਆਗੂ ਬਣਾਇਆ ਅਤੇ ਕੁਰਸੀ ਉੱਤੇ ਸਜਾਇਆ ਸੀ। ਅਰੋੜਾ ਸਾਹਿਬ ਨੂੰ ਪੰਜਾਹ ਵੋਟਾਂ ਪਵਾਉਣ ਦਾ ਮਤਲਬ ਸੀ, ਦੂਜੇ ਪਾਸੇ ਕਾਂਗਰਸ ਨੂੰ ਜਿਤਾਉਣਾ, ਜਿਹੜੀ ਕਿਵੇਂ ਵੀ ਨਹੀਂ ਜਿਤਦੀ ਸੀ। ਪੰਜਾਬ ਅਸੈਂਬਲੀ ਦੀ ਚੋਣ ਵੇਲੇ ਮੈਂ ਲਿਖਿਆ ਸੀ : ਬਾਈਕਾਟ ਸਿੱਧੀ ਕਾਂਗਰਸ ਦੀ ਮਦਦ ਹੈ ਅਤੇ ਉਹੀ ਕਰਤੂਤ ਰਾਜ ਸਭਾ ਦੀ ਚੋਣ ਵਿਚ ਦੋਹਰਾਈ ਗਈ। ਬਾਬਾ ਅਕਾਲੀ ਦਲ ਉਦੋਂ ਚੋਣਾਂ ਦਾ ਬਾਈਕਾਟ ਨਾ ਕਰਦਾ, ਪੰਥ ਦੀ ਸ਼ਾਨ ਦੋਬਾਲਾ ਹੋਣੀ ਸੀ ਅਤੇ ਏਕਤਾ ਦੀ ਸੰਭਾਵਨਾ ਵੀ ਨੇੜੇ ਆਉਣੀ ਸੀ। ਹੁਣ ਸਰਦਾਰ ਸਿਮਰਨਜੀਤ ਸਿੰਘ ਮਾਨ

ਨੂੰ ਜਤਾਇਆ ਜਾਂਦਾ, ਚੜ੍ਹਦੀ ਕਲਾ ਨੇ ਆਪਣੇ ਕਰਤੱਵ ਦਾ ਪਾਲਣ ਕਰਨਾ ਸੀ। ਇਹਨਾਂ ਨੀਅਤ ਦੇ ਖੋਟੇ ਲੀਡਰਾਂ ਦਾ ਕਿਥੇ ਸਿਆਪਾ ਕੀਤਾ ਜਾਵੇ, ਜਿਨ੍ਹਾਂ ਪੈਰ ਪੈਰ ਤੇ ਪੰਥ ਦੀ ਪੱਗ ਰੋਲੀ ਅਤੇ ਆਨ-ਸ਼ਾਨ ਨੂੰ ਮਿੱਟੀ ਕੀਤਾ। ਇਹਨਾਂ ਦੀ ਕਰਤੂਤ ਰਹੀ ਹੈ ਲੋਕਾਂ ਨੂੰ ਜੇਲ੍ਹੀਂ ਭੇਜੋ, ਮਰਵਾਓ ਅਤੇ ਆਪੂੰ ਲੀਡਰੀਆਂ ਦੇ ਗੁਲਸ਼ਰੇ ਉਡਾਓ।

ਸਿੱਖੀ ਨਿਰੀ ਚਿੰਨ੍ਹਾਂ ਨਾਲ ਨਹੀ, ਸਿਦਕ ਨਾਲ ਕਾਇਮ ਰਹਿੰਦੀ ਐ, ਬਰਨਾਲਾ ਸਾਹਿਬ ਲੱਖ ਨਿੱਤ ਪਾਠ ਕਰਦੇ ਹੋਣ, ਪਰ ਬੁਨਿਆਦੀ ਗਲਤੀਆਂ ਨੂੰ ਤਾਰੀਖ ਤੋਂ ਕਿਵੇਂ ਛੁਪਵਾਉਣਗੇ। ਪਹਿਲੀ ਗਲਤੀ ਅਸੰਬਲੀ ਵਿਚ ਇੰਦਰਾ ਗਾਂਧੀ ਬਾਰੇ ਅਫਸੋਸ ਦਾ ਮਤਾ ਪਾਸ ਕਰਨਾ ਸੀ ਜਦੋਂ ਦਿੱਲੀ ਦੰਗਿਆਂ ਸਬੰਧੀ ਪਾਰਲੀਮੈਂਟ ਨੇ ਅਜੇ ਤੱਕ ਮਤਾ ਪਾਸ ਨਹੀਂ ਕੀਤਾ। ਦੂਜੀ ਗਲਤੀ ਦਰਬਾਰ ਸਾਹਿਬ ਵਿਚ ਸੈਂਟਰ ਦੇ ਇਸ਼ਾਰੇ ਪੁਲਸ ਭੇਜਣਾ ਸੀ। ਇਕ ਸਿੱਖ ਹੁਕਮਰਾਨ ਦਰਬਾਰ ਸਾਹਿਬ ਪੁਲਿਸ ਦਾਖਲ ਕਰਦਾ ਹੈ, ਫਿਰ ਇਕ ਹਿੰਦੂ ਹੁਕਮਰਾਨ ਦਾ ਫੌਜੀ ਹਮਲਾ ਆਪਣੇ ਆਪ ਸਹੀ ਸਿੱਧ ਹੋ ਜਾਂਦਾ ਹੈ। ਹੁਣ ਸਿਮਰਨਜੀਤ ਸਿੰਘ ਮਾਨ ਨੂੰ ਨਾ ਜਿਤਾਉਣਾ ਇਕ ਹੋਰ ਵੱਡੀ ਗਲਤੀ। ਬਰਨਾਲਾ ਚੰਗੀ ਤਰ੍ਹਾਂ ਸੈਂਟਰ ਦੇ ਥੱਲੇ ਲੱਗ ਚੁੱਕਾ ਹੈ। ਇਹ ਪੰਜਾਬ ਅਤੇ ਪੰਥ ਦੇ ਹਿਤ ਕੁਰਬਾਨ ਕਰ ਸਕਦਾ ਹੈ ਪਰ ਕਾਂਗਰਸ ਲੀਡਰਾਂ ਨਾਲ ਨਵੀਂ ਯਾਰੀ ਨਹੀਂ ਤਿਆਗ ਸਕਦਾ। ਉਸ ਯਾਰੀ ਦੀ ਵਫਾ ਦਾ ਸਬੂਤ ਇਕ ਕਾਂਗਰਸੀ ਨੂੰ ਜਿਤਾਕੇ ਦੇ ਦਿੱਤਾ ਹੈ।

ਸਰਮਾਏਦਾਰਾਂ ਦੀ ਪਿੱਠੂ ਕਮਿਊਨਿਸਟ ਪਾਰਟੀ ਦਾ ਰੋਲ ਫਿਰ ਨੰਗਾ ਹੋਇਆ ਹੈ। ਉਹਨਾਂ ਆਪਣੀ ਇਕੋ ਇਕ ਵੋਟ ਕਾਂਗਰਸੀ ਉਮੀਦਵਾਰ ਨੂੰ ਪਾਈ ਹੈ। ਕਾਂਗਰਸ, ਜਿਹੜੀ ਟਾਟਿਆਂ-ਬਿਰਲਿਆਂ ਨੂੰ ਪਾਲਦੀ ਹੀ ਨਹੀਂ, ਉਸ ਦੀ ਰਖਵਾਲ ਵੀ ਹੈ। ਪਾਰਟੀ ਦੇ ਵਰਕਰਾਂ ਅਤੇ ਆਮ ਕਿਸਾਨ-ਮਜ਼ਦੂਰਾਂ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਹਨ। ਇਹ ਪਾਰਟੀ ਅਤੇ ਇਸਦੀ ਲੀਡਰਸ਼ਿਪ, ਸਰਮਾਏਦਾਰਾਂ ਦੀ ਝੋਲੀ ਵਿਚ ਪੈ ਚੁੱਕੀ ਐ। ਇਨਕਲਾਬ ਚਾਹੁੰਣ ਵਾਲੇ ਹੋਰ ਰਾਹ ਲੱਭਣ, ਖਾੜਕੂ ਲੀਡਰ ਭਾਲਣ। ਸਭ ਈਮਾਨ ਵਿਕ ਚੁੱਕੇ ਹਨ। ਸਿੱਧਾ ਮੁੱਲ ਪੁਆ ਲੈਣ, ਭਾਵੇਂ ਫੰਡ ਦੇ ਅੜਤਲੇ ਰਾਸ ਖਰੀ ਕਰ ਲੈਣ, ਫਰਕ ਕੋਈ ਨਹੀਂ। ਮਿਹਨਤ ਕਰਨ ਵਾਲੇ ਹਮੇਸ਼ਾਂ ਭੋਲੇ ਹੁੰਦੇ ਹਨ। ਉਹ ਆਪਣੇ ਹਿਤ ਦੀਆਂ ਚਾਰ ਗੱਲਾਂ

ਕਰਨ ਵਾਲੇ ਉੱਤੇ ਝੱਟ ਈਮਾਨ ਲੈ ਆਉਂਦੇ ਹਨ। ਏਸੇ ਲਈ ਲੁਟਾਈ ਤੇ ਠੱਗਾਈ ਖਾਂਦੇ ਹਨ। ਜੇ ਕਮਿਊਨਿਸਟ ਲੀਡਰਾਂ ਦਾ ਕਿਰਦਾਰ ਹਿੱਲ ਸਕਦਾ ਹੈ, ਤਦ ਮਿਡਲ ਅਤੇ ਸਰਮਾਏਦਾਰ ਜਮਾਤ ਦੇ ਆਗੂਆਂ ਦਾ ਤਾਂ ਰੱਬ ਹੀ ਰਾਖਾ ਹੈ।

ਪਿਆਰੇ ਕਿਸਾਨ ਭਰਾਓ, ਸਪੱਸ਼ਟ ਸ਼ਬਦਾਂ ਵਿਚ ਆਖਦਾ ਹਾਂ, ਬਰਨਾਲੇ ਦਾ ਬੋਤਾ ਬਹਿ ਗਿਆ ਹੈ। ਪਾਣੀ ਅਤੇ ਬਿਜਲੀ ਦੇ ਕੇਸ ਇਹਦੀ ਸਰਕਾਰ ਤੁਹਾਨੂੰ ਜਿੱਤਕੇ ਨਹੀਂ ਦੇ ਸਕਦੀ। ਜਿਹੜਾ ਆਦਮੀ ਕੁਰਸੀ ਦੀ ਖਾਤਰ ਸੈਂਟਰ ਦਾ ਸਿੱਖ ਬਣ ਸਕਦਾ ਹੈ ਅਤੇ ਪੰਥ ਨੂੰ ਪਿੱਛੇ ਛੱਡ ਸਕਦਾ ਹੈ, ਉਸ ਤੋਂ ਹੋਰ ਕੀ ਆਸ ਰੱਖ ਸਕਦੇ ਹੋ। ਸ: ਬਰਨਾਲਾ ਨੂੰ ਹਾਲੇ ਵੀ ਆਸ ਹੈ, ਰਾਜੀਵ ਨਿਆਂ ਕਰੇਗਾ। ਇਹਨਾਂ ਭਲੇ ਲੀਡਰਾਂ ਦੀਆਂ ਦਿੱਤੀਆਂ ਗੰਢਾਂ ਕਿਸਾਨ ਭਰਾਓ ਤੁਹਾਨੂੰ ਦੰਦੀਆਂ ਨਾਲ ਖੋਲ੍ਹਣੀਆਂ ਪੈਣਗੀਆਂ। ਤੁਹਾਨੂੰ ਇਹਨਾਂ ਦੀ ਕੀ ਝੇਪ ਐ। ਜੇਲ੍ਹਾਂ ਦੀਆਂ ਵੱਜੀਆਂ ਸੱਟਾਂ, ਗੋਲੀਆਂ ਅਤੇ ਕਤਲਾਮਾਂ ਦਾ ਹਿਸਾਬ ਤੁਸੀਂ ਇਹਨਾਂ ਤੋਂ ਪਰ੍ਹਿਆਂ ਵਿਚ ਨਹੀਂ ਪੁੱਛ ਸਕਦੇ? ਤੁਹਾਡੀ ਆਰਥਿਕ ਪੱਖੋਂ ਹੀਣੀ ਹਾਲਤ ਦੇ ਇਹ ਜਿੰਮੇਂਵਾਰ ਐ। ਕੀ ਇਹ ਸਮਝਿਆ ਜਾਵੇ, ਇਕ ਕੁਰਸੀ ਉੱਤੋਂ ਪੰਥ ਦਾ ਲਹੂ ਵੇਚ ਦਿੱਤਾ? ਕਮਿਸ਼ਨ ਠੱਗੀਆਂ ਮਾਰਨ ਵਾਸਤੇ ਬਣਾਏ ਜਾਂਦੇ ਐ, ਇਹ ਮੁੜ ਮੁੜ ਉਹਨਾਂ ਉੱਤੇ ਇਤਬਾਰ ਕਰਦੇ ਹਨ। ਦੁਸ਼ਮਣ ਉੱਤੇ ਵਿਸ਼ਵਾਸ ਦਾ ਮਤਲਬ ਮੌਤ। ਭਰਾਓ, ਜੀਹਦਾ ਵਕੀਲ ਵਿਰੋਧੀ ਨਾਲ ਰਲ ਜਾਵੇ, ਉਸ ਨੂੰ ਨਿਆਂ ਕਿਥੇ? ਅਜਿਹੀ ਸਿਆਸੀ ਧੁੰਦ ਦੇ ਘਲੂਘਾਰੇ ਵਿਚ ਤੁਸੀਂ ਆਪਣਾ ਮਸੀਹਾ ਕਿਥੋਂ ਲੱਭੋਗੇ? ਸਿਮਰਨਜੀਤ ਸਿੰਘ ਦੀ ਹਾਰ ਨੇ ਪੰਜਾਬ ਦਾ ਲੱਕ ਤੋੜਕੇ ਰੱਖ ਦਿੱਤਾ ਹੈ। ਆਸ ਦੀ ਇਕ ਕਿਰਨ ਲਿਸ਼ਕੀ ਸੀ, ਖੁਦਗਰਜ਼ਾਂ ਉਹਦੇ ਉੱਤੇ ਲੁੱਕ ਫੇਰ ਦਿੱਤੀ।

ਮੇਰਾ ਵਿਸ਼ਵਾਸ ਹੈ, ਗ਼ਦਾਰੀਆਂ ਦੇ ਇਕ ਦਿਨ ਲੋਕਾਂ ਦੇ ਦਰਬਾਰ ਵਿਚ ਹਿਸਾਬ ਹੋਣਗੇ। ਜਿੰਨੇ ਧੱਕੇ, ਵਿਤਕਰੇ, ਬੇਇਨਸਾਫੀਆਂ ਅਤੇ ਬੇਗੁਨਾਹਾਂ ਨੂੰ ਮਾਰਿਆ ਜਾਵੇਗਾ, ਦੁਸ਼ਮਣ ਨਾਲ ਦੀ ਨਾਲ ਆਪਣੀ ਕਬਰ ਵੀ ਪੁੱਟੀ ਜਾਵੇਗਾ। ਜ਼ਾਲਮ ਅਤੇ ਕਾਤਲ ਦਾ ਹਸ਼ਰ ਕਦੇ ਚੰਗਾ ਨਹੀਂ ਹੋਇਆ।

ਕਿਰਤ ਦਾ ਈਮਾਨ ਹਮੇਸ਼ਾ ਸਲਾਮਤ ਰਿਹਾ ਹੈ। ਕਿਰਤੀ ਕੌਮ ਨੂੰ ਖਤਮ ਕਰਨ ਵਾਲੇ ਆਪੂੰ ਕਬਰੀ ਜਾ ਪਏ। ਜਿਹੜੀ ਕੌਮ ਆਪਣਾ ਸਿਰ ਤਲੀ ਤੇ ਰੱਖ

ਸਕਦੀ ਹੈ, ਹਰ ਹੋਣੀ ਉਹਦੇ ਅੱਗੇ ਹਥਿਆਰ ਸੁੱਟੇਗੀ। ਤਿਆਗ ਅਤੇ ਕੁਰਬਾਨੀ ਵਾਲੇ ਲੀਡਰ ਬਿਨਾਂ ਤੁਸੀਂ ਕਿਸੇ ਹੱਦ ਤੱਕ ਜਬ੍ਹਾਕੇ ਖਾਂਦੇ ਰਹੇ ਹੋ। ਤੁਹਾਡੀ ਨਜ਼ਾਤ ਬੰਦੇ ਬਹਾਦਰ ਵਰਗੇ ਨਾਇਕ ਵਿਚ ਹੈ, ਜਿਹੜਾ ਹਰ ਪੱਖੋਂ ਬਹਾਦਰ ਹੀ ਨਹੀਂ ਚੁਸਤ ਵੀ ਹੋਵੇ। ਜਿੰਨੀ ਛੇਤੀ ਲੂੰਬੜ ਚਾਲਾਂ ਵਾਲੇ ਗ਼ਦਾਰਾਂ ਤੋਂ ਖਹਿੜਾ ਛੁਡਾ ਲਵੋਗੇ ਓਨੀ ਛੇਤੀ ਹੀ ਸੁਰਖਰੂ ਹੋਵੋਗੇ। ਹੱਕ ਸੱਚ ਲਈ ਜਦੋਜਹਿਦ ਜਾਰੀ ਰੱਖੋ। ਨਾਇਕ ਆਪਣੇ ਆਪ ਮੱਖਣ ਵਾਂਗ ਨਿੱਖਰ ਆਵੇਗਾ ਬਾਕੀ ਰੱਬ ਰਾਖਾ।

ਜਸਵੰਤ ਸਿੰਘ ਕੰਵਲ

ਢੁੱਡੀਕੇ
20-8-86

ਪੰਥ ਤੇ ਕੌਮ ਦੇ ਵਾਰਸੋ !

ਸਿੱਖ ਕੌਮ ਦੀ ਹਾਲਤ ਕੁਝ ਇਸ ਤਰ੍ਹਾਂ ਵਿਗੜੀ ਹੈ ਕਿ ਇਸ ਉੱਤੇ ਰੋਣਾ ਵੀ ਕੋਈ ਹੱਲ ਨਹੀਂ ਬਣਦਾ। ਅਨਾੜੀ ਆਗੂਆਂ ਅਤੇ ਦੁਸ਼ਮਣਾਂ, ਇਸ ਨੂੰ ਕੁਝ ਇਸ ਤਰ੍ਹਾਂ ਮਿਥ ਕੇ ਤੋੜਿਆ ਵਛੋੜਿਆ ਅਤੇ ਮਰੋੜਿਆ ਹੈ ਕਿ ਮੁੜ ਉਠਣ ਜੋਗੀ ਨਾ ਰਹੇ। ਇਹਦੇ ਮੁੜ ਉਠਣ ਦੇ ਉਪਾ ਲੱਭਣੇ ਵੀ ਮੁਸ਼ਕਲ ਹੋ ਗਏ ਹਨ। ਪਰ ਇਸ ਕੌਮ ਦੇ ਸਿਰੜ, ਜਦੋਜਿਹਦ ਤੇ ਕੁਰਬਾਨੀ ਦੀ ਜਿੰਨੀ ਤਾਰੀਫ ਕੀਤੀ ਜਾਵੇ, ਇਤਿਹਾਸ ਤੋਂ ਚੁੱਕੀ ਨਹੀਂ ਜਾਂਦੀ। ਇਹ ਲੋਕ ਸੱਚ ਆਖਾਂ, ਆਪਣੇ ਜ਼ੋਰ ਨਾਲ ਢਹਿਣ ਵਾਲੇ ਪਹਿਲਵਾਨ ਹਨ। ਇਹ ਝੂਠਿਆਂ ਦੀ ਪਰ੍ਹੇ ਵਿਚ ਸੱਚ ਬੋਲ ਕੇ ਆਪਣਾ ਆਪ ਗਵਾ ਲੈਂਦੇ ਹਨ। ਆਪਣੇ ਨਾਲ ਧੱਕੇ ਤੇ ਬੇਇਨਸਾਫੀ ਵਿਰੁਧ ਲੜੀ ਹਰ ਤਹਿਰੀਕ, ਜਦੋਂ ਵੀ ਐਵਰੈਸਟ ਦੀ ਚੋਟੀ ਸਰ ਕਰਨ ਵਾਲੀ ਹੁੰਦੀ ਐ, ਆਪਣੇ ਨੇਤਾ ਦੇ ਇਕ ਹੀ ਗਲਤ ਕਦਮ ਨਾਲ ਅਜਿਹਾ ਤਿਲਕਦੀ ਹੈ ਕਿ ਚੋਟੀ ਤੋਂ ਇਕ ਦਮ ਪੈਰਾਂ ਵਿਚ ਸਿਰ ਪਰਨੇ ਆ ਡਿਗਦੀ ਹੈ। ਪਰ ਕਮਾਲ ਦਾ ਚਮਤ-ਕਾਰ ਦੇਖੋ ਕਿ ਹੱਡ ਗੋਡੇ ਤੁੜਾ ਅਤੇ ਕਈ ਵਾਰ ਧੌਣ ਭੰਨਾ ਕੇ ਵੀ ਮੁੜ ਉਠ ਪੈਂਦੀ ਹੈ ਤੇ ਨਵੇਂ ਮੋਰਚੇ ਲਈ ਲੱਕ ਬੰਨ੍ਹ ਖਲੋਂਦੀ ਐ। ਅਜਿਹੀ ਬਹਾਦਰ ਤੇ ਕਮਬਖਤ ਕੌਮ ਦਾ ਕੀ ਕੀਤਾ ਜਾਵੇ, ਜਿਹੜੀ ਸਾੜਿਆਂ ਸੜਦੀ ਨਹੀਂ, ਮਾਰਿਆਂ ਮਰਦੀ ਨਹੀਂ ਅਤੇ ਦੇਹ ਪਲਟ ਕੇ ਮੁੜ ਜਦੋਜਹਿਦ ਲਈ ਤਿਆਰ ਪੁਰ ਤਿਆਰ ਹੋ ਜਾਂਦੀ ਹੈ। ਦੁਨੀਆਂ ਵਿਚ ਸਿੱਖ ਹੀ ਇਕ ਅਜਿਹੀ ਕੌਮ ਐ, ਜਿਹੜੀ ਲੜਦੀ ਮਰਦੀ ਹੀ ਵਧੀ ਤੇ ਉਸਰੀ ਹੈ। ਕਿਉਂ ਨਾ ਅਜਿਹੀ ਮਜ਼ਬੂਤ ਹੱਡੀ ਅਤੇ ਸਖਤ ਜ਼ਿੰਦ ਬਾਰੇ ਲੰਮੀ ਵਿਗਿਆਨਕ ਖੋਜ ਕੀਤੀ ਜਾਵੇ—ਇਹਦੇ ਬੁਨਿਆਦੀ ਤੱਤਾਂ ਨੂੰ ਫੜਿਆ ਜਾਵੇ। ਬਗਲੋਲ ਲੀਡਰਾਂ, ਜਿਹੜੇ ਬਾਅਦ ਵਿਚ ਗ਼ਦਾਰ ਸਾਬਤ ਹੁੰਦੇ ਰਹੇ ਹਨ, ਤੋਂ ਇਸ ਨੂੰ ਫੌਰੀ ਤੌਰ ਤੇ ਵਖ ਕਰ ਲਿਆ ਜਾਵੇ। ਅਜ ਲੀਡਰਾਂ ਤੇ

ਮਸੰਦਾਂ ਵਿਚ ਰੱਤੀ ਫ਼ਰਕ ਨਹੀਂ, ਇਕੋ ਖੱਲਣੇ ਦੇ। ਉਹ ਵੀ ਮਾਇਆ ਇਕੱਤਰ ਕਰਦੇ ਸਨ ਤੇ ਇਹ ਵੀ ਨੋਟਾਂ ਦੇ ਬੋਰੇ ਭਰਦੇ ਹਨ। ਇਹਨਾਂ ਦਾ ਇਲਾਜ ਗੁਰੂ ਗੋਬਿੰਦ ਸਿੰਘ ਨੇ ਤੇਲ ਦੇ ਉਬਲਦੇ ਕੜਾਹੇ ਦਸਿਆ ਸੀ।

ਜਿਸ ਢੰਗ ਨਾਲ ਕੌਮ ਫਿੱਤੀ ਫਿੱਤੀ ਹੋਈ ਹੈ, ਇਹਦਾ ਲੇਖਾ ਜੋਖਾ ਇਤਿਹਾਸ ਦੀ ਗਿਣਤੀ ਮਿਣਤੀ ਤੋਂ ਬਾਹਰਾ ਹੈ। ਖ਼ੁਦਗਰਜ਼ਾਂ ਰਾਤ ਦੇ ਭੁੱਖਿਆਂ ਇਹਨੂੰ ਜਿਸ ਕੁੜੱਕੀ ਵਿਚ ਲਿਆ ਫਸਾਇਆ ਹੈ; ਮੌਤ, ਗੁਲਾਮੀ ਤੇ ਇਤਿਹਾਸਕ ਲਾਹਨਤ ਵੱਟ ਤੇ ਪਈਆਂ ਹਨ। ਛੁਟਕਾਰੇ ਦਾ ਰਾਹ ਭਾਲਦਿਆਂ ਭਾਲਦਿਆਂ ਚੌਥੀ ਜਮਾਤ ਦੀ ਉਹ ਕਹਾਣੀ ਯਾਦ ਆ ਗਈ, ਜਿਸ ਵਿਚ ਭੋਲੇ ਕਬੂਤਰ ਇਕੋ ਹੰਭਲੇ ਵਿਚ ਸ਼ਿਕਾਰੀ ਦਾ ਜਾਲ ਲੈ ਕੇ ਉਡ ਗਏ ਸਨ। ਭੁੱਖ ਦੇ ਦੁਖੋਂ ਦਾਣਾ ਚੁਗਣ ਦਾ ਲਾਲਚ ਦੇਣ ਵਾਲਾ ਵੀ ਅਨਾੜੀ ਕਬੂਤਰ ਹੀ ਸੀ ਤੇ ਇਕਸਾਰ ਜ਼ੋਰ ਲਾਕੇ ਜਾਲ ਦੀਆਂ ਕਿੱਲੀਆਂ ਤੋੜ ਦੇਣ ਵਾਲਾ ਸਲਾਹਕਾਰ ਵੀ ਕਬੂਤਰ ਹੀ ਸੀ। ਜੇ ਕ੍ਰਿਸ਼ਮਾ ਸੀ ਤਾਂ ਇਕ ਸਾਰ ਤੇ ਇਕੱਠਿਆਂ ਜ਼ੋਰ ਲਾਉਣ ਵਿਚ ਸੀ। ਏਕਤਾ ਤੇ ਇਕਸਾਰਤਾ ਵਿਚ ਮੁਕਤੀ ਦਾ ਰਾਹ ਹੈ। ਆਓ ਜੁੜਕੇ ਸੋਚੀਏ ਤੇ ਸਚਿਆਰਾ ਅਮਲ ਅਰੰਭੀਏ। ਸ਼ਕਤੀ ਇਸ ਕੌਮ ਕੋਲ ਬੇਪਰਵਾਹ ਹੈ। ਪਰ ਉਸ ਸ਼ਕਤੀ ਨੂੰ ਤਰਤੀਬ ਦੇਣ ਵਾਲਾ ਦਾਨਾ ਕਬੂਤਰ ਚਾਹੀਦਾ ਹੈ।

ਭ੍ਰਿਸ਼ਟ ਹੋ ਗਏ ਸਮਾਜ ਵਿਚੋਂ ਬੰਦਖਲਾਸ ਕਰਵਾਉਣ ਵਾਲਾ ਈਮਾਨਦਾਰ ਆਗੂ ਲੱਭਣਾ ਔਖਾ ਹੋ ਗਿਆ ਏ। ਪਰਖ ਵਿਚ ਆ ਚੁੱਕੀ, ਪੁਰਾਣੀ ਤੇ ਪੱਜਲ ਹੋ ਚੁੱਕੀ ਪੀਹੜੀ ਨੂੰ ਰੋਹ ਬਣਨ ਦੇਵੋ। ਨੌਜਵਾਨ, ਜਿਹੜੇ ਅਣਖ ਤੇ ਗੈਰਤ ਦੀ ਬਲਕਾਰ ਹਨ—ਕੁਰਬਾਨੀ ਦੀ ਤੇਜ਼ ਧਾਰ, ਅੱਗਾ ਪਿੱਛਾ ਪੜਤਾਲਿਆ, ਉਹਨਾਂ ਉੱਤੇ ਹੀ ਟੇਕ ਰੱਖਣੀ ਪਵੇਗੀ। ਪਰ ਇਹਨਾਂ ਅੱਥਰਿਆਂ ਨੂੰ ਨੱਥਣਾ ਬੜਾ ਔਖਾ ਏ, ਬਿਲਕੁਲ ਹੜ੍ਹ ਨੂੰ ਬੰਨ੍ਹ ਮਾਰਨ ਵਾਲੀ ਗੱਲ। ਇਸ ਉਬਲਦੇ ਜੋਸ਼ ਨੂੰ ਸਾਇੰਸੀ ਸੂਝ ਨਾਲ ਕਲਮ ਕਰਨ ਦੀ ਬੁਨਿਆਦੀ ਲੋੜ ਐ। ਬੰਨ੍ਹਿਆ ਹੜ੍ਹ, ਤਰਤੀਬ ਵਿਚ ਆਇਆ ਜੋਸ਼ ਹਰ ਤਰ੍ਹਾਂ ਦੀ ਖੁਸ਼ਹਾਲੀ ਦਾ ਜ਼ਾਮਨ ਬਣੇਗਾ। ਇਹ ਵੀ ਸੱਚ ਐ ਸਾਰਥਕ ਖੂਬੀਆਂ ਵਾਲਾ ਸਾਧਿਆ ਨੌਜਵਾਨ ਇਕ ਦਿਨ ਵਿਚ ਲੀਡਰ ਨਹੀਂ ਬਣ ਸਕਦਾ। ਕੁਝ ਸ਼ਕਤੀਆਂ ਹੁੰਦੀਆਂ ਹਨ, ਜਿਹੜੀਆਂ ਆਪੂੰ ਆਗੂ ਨਹੀਂ ਬਣ ਸਕਦੀਆਂ, ਪਰ ਬਗ਼ਾਉਤ ਦਾ ਚਮਤਕਾਰ ਕਰ ਸਕਦੀਆਂ ਹਨ, ਬਾਰ

ਬਾਰ ਦੀਆਂ ਹਾਰਾਂ ਪਿਛੋਂ, ਥੋੜ੍ਹਾ ਹਟ ਕੇ ਸੋਚਣ ਦੀ ਲੋੜ ਐ । ਅਸੀਂ ਕਿਉਂ ਹਾਰਦੇ ਆਏ ਆਂ ? ਕਿਥੇ ਤੇ ਕਦੋਂ ਗਲਤੀ ਹੁੰਦੀ ਰਹੀ ਹੈ ? ਲੰਮੀ ਸੋਚ ਮੁਸ਼ਕਲ ਸਮਸਿਆ ਦਾ ਸਹੀ ਉਤਰ ਦੇਵੇਗੀ, ਬਸ਼ਰਤੇ ਕਿ ਉਹ ਸਾਂਝੀ ਸੰਗਤ ਦੀ ਪ੍ਰਵਾਨਗੀ ਵਾਲੀ ਹੋਵੇ । ਭਾਲਣ ਵਾਲੇ ਹੀ ਪਾਉਂਦੇ ਹਨ । ਇਹ ਵੀ ਦਰੁਸਤ ਐ, ਦਿਮਾਗ ਹਰ ਸੰਸਥਾ ਵਿਚ ਇਕ ਵਿਅਕਤੀ ਦਾ ਹੀ ਚਾਨਣ ਦੇਂਦਾ ਹੈ, ਪਰ ਉਸ ਨੂੰ ਨਿਸ਼ਚਿੱਤ ਜਿੱਤ ਦਾ ਰੂਪ ਜਮਾਤ ਕਰਾਮਾਤ ਹੀ ਦੇਂਦੀ ਹੈ । ਅਜਿਹੀ ਜਿੱਤ ਲਈ ਗੁਰੂ ਗੋਬਿੰਦ ਸਿੰਘ ਨੂੰ ਪਹਿਲੋਂ ਪੰਜ ਸਾਥੀ ਸਿੰਘ ਸਾਜਣੇ ਪਏ ਸਨ । ਉਹ ਆਪਣੇ ਸਿਰ ਦੀ ਗਿਆਨ ਕਣੀ ਨਾਲ ਜ਼ੁਲਮ ਦਾ ਅੰਨ੍ਹੇਰਾ ਪਾੜਿਆ ਚਾਹੁੰਦਾ ਸੀ । ਉਸ ਗਿਆਨ ਤੇ ਸ਼ਕਤੀ, ਸੰਗਤ ਨਾਲ ਸਾਂਝੇ ਕੀਤੇ । ਕਿਉਂਕਿ ਹੁਣ ਤੱਕ ਵੱਡੀ ਨਮੋਸ਼ੀ ਵਾਲੀਆਂ ਹਾਰਾਂ ਅਨਾੜੀ ਆਗੂਆਂ ਕਾਰਨ ਹੋਈਆਂ ਹਨ । ਸੋ ਇਹਨਾਂ ਪੱਜਲਾਂ ਨੂੰ ਪਾਸੇ ਕਰਕੇ, ਸੱਚ ਤੇ ਈਮਾਨਦਾਰੀ ਦੀ ਚਟਾਨ ਉੱਤੇ ਮੋਰਚਾ ਮੱਲਣ ਵਾਲਾ ਰਹਿਬਰ ਪੈਦਾ ਕੀਤਾ ਜਾਵੇ । ਤੇ ਉਹ ਸਾਇੰਸੀ ਜੁਗ ਦੀ ਨਵੀਂ ਪੀਹੜੀ ਵਿਚੋਂ ਹੀ ਆ ਸਕਦਾ ਹੈ ।

ਮਰ ਮਰ ਕੇ ਸੁਰਜੀਤ ਹੋਣ ਵਾਲੀ ਕੌਮ ਦੇ ਇਤਿਹਾਸ ਦੀ ਵੱਡੀ ਤੋਂ ਵੱਡੀ ਤੇ ਛੋਟੀ ਤੋਂ ਛੋਟੀ ਘਟਨਾ ਨੂੰ ਸੰਜੀਦਗੀ ਨਾਲ ਘੋਖਿਆ ਜਾਵੇ । ਕਿਉਂ ਤੇ ਕਿਵੇਂ ਦੇ ਕਾਰਨਾਂ ਨੂੰ ਠੋਸ ਨਤੀਜਿਆਂ ਤੱਕ ਪੜਤਾਲਿਆ ਜਾਵੇ । ਜਿਸ ਦਾ ਭੂਤ ਸੂਰਜਮੁਖੀ ਹੋਵੇ, ਉਹਦਾ ਵਰਤਮਾਨ ਜਖਮੀ ਕਿਉਂ ? ਅਤੇ ਭਵਿੱਖ ਅਨਿਸ਼ਚਿਤ ਕਿਉਂ ? ਵਿਗਿਆਨਕ ਖੋਜ, ਹੋਸ਼ ਤੇ ਇਤਿਹਾਸ ਇਸ ਦਾ ਸਹੀ ਉੱਤਰ ਸਾਡੇ ਅਗੇ ਰਖਣਗੇ । ਅੱਜ ਸਾਡੇ ਦਿਲ ਦਾ ਸ਼ੇਰ ਬੁਰੀ ਤਰ੍ਹਾਂ ਜ਼ਖਮੀ ਐ । ਜੋਸ਼ ਵਾਲਾ ਝਟਪਟ ਦਾ ਹਲਾ ਫਿਰ ਮੂੰਹ ਦੀ ਖਾਵੇਗਾ । ਚੌਫੇਰਾ ਤਾੜਨ ਦੀ ਲੋੜ ਐ ਕਿ ਦੁਸ਼ਮਣ ਮੱਚਾਨ ਤੇ ਸੰਨ੍ਹੀ ਬੈਠਾ ਹੈ ਜਾਂ ਕਿਲ੍ਹੇ ਦੇ ਗੰਬਦ ਵਿਚ ਸੁਰੱਖਤ । ਆਪਣੀ ਤੇ ਵੈਰੀ ਦੀ ਸ਼ਕਤੀ ਨੂੰ ਜੋਹਣਾ ਹੀ ਹਾਰ ਜਿੱਤ ਦਾ ਨਿਰਣਾ ਕਰਦਾ ਹੈ । ਗਲ ਪਈ ਰੱਸੀ ਨੂੰ ਕਿਸੇ ਪਾਸਿਉਂ ਖਿੱਚੋ, ਹਰ ਹਾਲਤ ਵਿਚ ਗਲ ਸਾਡਾ ਹੀ ਘੁਟਿਆ ਜਾਵੇਗਾ । ਰੱਸੀ ਗਲ ਵਿਚ ਹੋਵੇ ਜਾਂ ਪੈਰ ਵਿਚ, ਗੁਲਾਮੀ ਦੀ ਨਿਸ਼ਾਨੀ ਹੁੰਦੀ ਐ ਤੇ ਸਦਾ ਦੀ ਤਾਰੀਖੀ ਲਾਹਨਤ ।

ਜਿਹੜਾ ਆਪਣੀਆਂ ਹਾਰਾਂ ਦੇ ਕਾਰਨਾਂ ਨੂੰ ਨਹੀਂ ਜਾਣ ਸਕਦਾ, ਆਪਣੇ ਪੈਰ

ਦਾ ਪੈਖੜ ਨਹੀਂ ਤੋੜ ਸਕਦਾ ਤੇ ਕਾਮਯਾਬੀ ਦੀ ਆਸ ਲਾਹ ਛੱਡੇ। ਪੈਖੜ ਕਿਸੇ ਨੂੰ ਦਿਸਦਾ ਹੋਵੇ ਜਾਂ ਨਾਂ, ਪਰ ਆਪਣੀ ਜ਼ਮੀਰ ਵਿਚ ਘੁਮਦੇ ਵਰਮੇ ਵਰਗਾ ਅਹਿਸਾਸ ਜ਼ਰੂਰ ਚੁਭੋਂਦਾ ਰਹਿੰਦਾ ਹੈ। ਜਿਸ ਕੌਮ ਦਾ ਅਹਿਸਾਸ ਮਰ ਚੁੱਕਾ ਹੈ, ਉਹਦੀ ਗੱਲ ਕਰਨ ਦੀ ਲੋੜ ਨਹੀਂ। ਇਤਿਹਾਸ ਤਾਂ ਕੇਵਲ ਸੂਰਮਿਆਂ ਦੀਆਂ ਹੀ ਵਾਰਾਂ ਗਾਉਂਦਾ ਹੈ। ਕਿਉਂਕਿ ਸਾਡਾ ਸਿੰਘਊ ਜਿਉਂਦਾ ਜਾਗਦਾ ਹੈ, ਅਸੀਂ ਨਵਾਂ ਇਤਿਹਾਸ ਪੈਦਾ ਕਰਨ ਦੀ ਸਮਰਥਾ ਰਖਦੇ ਆਂ। ਹਰ ਘਲੂਘਾਰੇ ਨੇ ਸਾਨੂੰ ਨਵੀਂ ਸੁਰਜੀਤੀ ਬਖਸ਼ੀ ਹੈ। ਪਰ ਅਸੀਂ ਹਜ਼ਾਰਾਂ ਲੱਖਾਂ ਕੁਰਬਾਨੀਆਂ ਦੇ ਬਾਵਜੂਦ ਫਾਡੀ ਰਹੇ ਆਂ, ਮੰਜ਼ਲ ਨਹੀਂ ਪਾ ਸਕੇ। ਇਹ ਸਾਡੀ ਬਵਸਥਾ ਦਾ ਨੰਗਾ ਚਿੱਟਾ ਸੰਤਾਪ ਹੈ। ਅਸਾਂ ਇਸ ਅਧੋਗਤੀ ਤੋਂ ਪਾਰ ਹੋਣਾ ਹੈ। ਪਰ ਠਿੱਲਣ ਤੋਂ ਪਹਿਲਾਂ ਬੇੜੇ ਦਾ ਮਲਾਹ ਹੁਣ ਅਨਾੜੀ ਨਹੀਂ ਬਣਾ ਸਕਦੇ। ਜਿਹਨਾਂ ਪਹਿਲੇ ਕੱਚੇ ਗਰਭ ਪਾਤਾਂ ਰਾਹੀਂ ਕੌਮ ਦੀ ਸਿਹਤ ਦਾ ਨਾਸ ਮਾਰ ਕੇ ਰੱਖ ਦਿੱਤਾ ਹੈ। ਸਾਡੀ ਮੰਜ਼ਲ ਅੰਦਰੂਨੀ ਖ਼ੁਦਮੁਖਤਾਰੀ ਹੈ। ਉਸ ਤੋਂ ਉਰੇ ਕੁਝ ਨਹੀਂ। ਕੌਮ ਦੇ ਸਾਹਮਣੇ ਇਹ ਨਿਸਚਿਤ ਚੈਲੰਜ ਹੈ। ਦੇਸ਼ ਇਕ ਰਹੇ; ਪਰ ਕੋਈ ਰਾਜ ਆਪਣੇ ਆਰਥਿਕ ਵਸੀਲਿਆਂ ਤੇ ਮਿਹਨਤ ਨਾਲ ਜਿੰਨੀ ਮਰਜ਼ੀ ਤਰੱਕੀ ਕਰੇ; ਕੋਈ ਹਟਕ ਹੋੜ ਨਾ ਹੋਵੇ। ਇਸ ਚੈਲੰਜ ਨੂੰ ਵਰੋਸਾਉਣ ਲਈ ਪਾੜਾਂ ਦਾ ਬੀੜਾ ਉਹ ਚੁੱਕੇ, ਜਿਸ ਪਹਿਲਾਂ ਤਲੀ ਤੇ ਧਰੀ ਹੈ। ਬੁੱਲੇ ਸ਼ਾਹ ਦੁਬਧਾ ਵਿਚ ਸੀ, ਫਕੀਰ ਹੋਵਾਂ ਜਾਂ ਨਾ ? ਰਾਹ ਦੇ ਵਿਚਾਲੇ ਖਲੋਤਾ ਸੀ। ਟੋਕਰਾ ਚੁੱਕੀ ਖਲੋਤੀ ਮਾਈ ਨੇ ਝਟ ਕੁ ਉਡੀਕਿਆ ਤੇ ਮੁੜ ਮੂਖੋਂ ਬੋਲੀ : ਵੇ ਭਾਈ ਤੂੰ ਇਕ ਪਾਸੇ ਹੋ ? ਚੋਟ ਬੁੱਲੇਸ਼ਾਹ ਦੇ ਸਿਰ ਵੱਜੀ ਤੇ ਉਸ ਫਕੀਰੀ ਵਾਲਾ ਰਾਹ ਫੜ ਲਿਆ। ਦੁਬਧਾ ਛੱਡੇ ਬਿਨਾਂ ਗੁਜ਼ਾਰਾ ਨਹੀਂ, ਪਾਰ ਜਾਣ ਲਈ ਝਨਾਂ ਵਿਚ ਕੁੱਦਣਾ ਪੈਂਦਾ ਹੈ। ਤਖਤ ਜਾਂ ਤਖਤਾ, ਖੁਆਰੀ ਜਾਂ ਸਰਦਾਰੀ। ਦਰਿੜ ਇਰਾਦੇ ਵਾਲੇ ਸੂਰਮੇ ਪ੍ਰਾਪਤੀ ਬਿਨਾ ਮੋਰਚਾ ਨਹੀਂ ਛੱਡਦੇ—ਜਦੋਜਹਿਦ ਜਾਰੀ ਰੱਖਦੇ ਹਨ।

ਇਹ ਲੜਾਈ ਲੰਮੀ ਹੈ। ਇਕ ਦਿਨ ਵਿਚ ਮੁਕ ਜਾਣ ਵਾਲੀ ਨਹੀਂ। ਮੇਰੇ ਖ਼ਿਆਲ ਵਿਚ ਸਾਰਥਕ ਸੇਧ ਨਾਲ ਹਾਲੇ ਸ਼ੁਰੂ ਵੀ ਨਹੀਂ ਹੋਈ। ਪਰ ਉਸ ਦੀ ਸੰਭਾਵਨਾ ਉਘੜ ਪਈ ਹੈ। ਹੋਰ ਜ਼ਰੂਰੀ ਕੰਮਾਂ ਨਾਲੋਂ ਪਹਿਲਾ ਫਰਜ਼ ਖਿਲਰੀਆਂ ਸ਼ਕਤੀਆਂ ਨੂੰ ਜੋੜਨਾ ਹੈ। ਫੁੱਟ ਵਰਗੀ ਕੋਈ ਬੀਮਾਰੀ ਨਹੀਂ ਜਿਸ ਕੌਮ ਨੂੰ ਭੁੰਜੇ ਲਾਹ ਕੇ ਰੱਖ ਦਿੱਤਾ ਹੈ। ਜੇ ਫੁਟ ਹੈ, ਕਾਮਯਾਬੀ ਨਹੀਂ। ਜੁੱਟ ਹੈ ਤਾਂ ਜਿੱਤ ਹੈ।

ਪਿੱਛਲੇ ਤਜਰਬੇ ਗਵਾਹ ਹਨ । ਗੁਰਦਵਾਰਿਆਂ ਦੀ ਆਜ਼ਾਦੀ ਵਰਗੀ ਏਕਤਾ ਮੁੜ ਕੌਮ ਨੂੰ ਨਸੀਬ ਨਹੀਂ ਹੋਈ । ਇਹਨਾਂ ਫੂਟ ਦੇ ਜਿਰਮਾਂ ਨੂੰ ਮੁਕਾਏ ਬਿਨਾ ਜਦੋ-ਜਹਿਦ ਛੋੜਨਾ ਗਲਤ ਹੋਵੇਗਾ । ਅਗਲਾ ਕੰਮ ਹੈ ਇਕਹਿਰੀਆਂ ਦੋਕਹਿਰੀਆਂ ਟੱਕਰਾਂ ਨੂੰ ਰੋਕਣਾ ਜਿਹੜੀਆਂ ਤਾਕਤ ਨੂੰ ਖੋਰਦੀਆਂ ਹੀ ਖੋਰਦੀਆਂ ਹਨ । ਮਾਯੂਸੀ ਤੇ ਨਿਰਾਸਤਾ ਵੱਧ ਫੈਲਾਉਂਦੀਆਂ ਹਨ । ਬਲਕਾਰਦਾ ਜੋਸ਼ ਉਬਲਦੇ ਦੁਧ ਵਰਗਾ ਹੁੰਦਾ ਹੈ, ਜਿਹੜਾ ਆਪਣੇ ਨਾਸ ਨਾਲ ਅਗ ਵੀ ਬੁਝਾ ਕੇ ਰਖ ਦਿੰਦਾ ਹੈ । ਅਲਕ ਵਹਿੜਿਆਂ ਨੂੰ ਬੁਸ਼ਕਾਰਨਾ ਤੇ ਫਿਰ ਨੱਥਣਾ ਸੁਖਾਲੀ ਗਲ ਨਹੀਂ । ਪਰ ਜੇ ਜ਼ਬਤ ਵਿਚ ਲੈ ਆਂਦਾ ਜਾਵੇ, ਕਰਾਮਾਤ ਵਰਗੀ ਗਲ ਹੋਵੇਗੀ । ਚੜ੍ਹਦੇ ਜੋਸ਼ ਦੀ ਅਵਸਥਾ ਤੋਂ ਉਤਰ ਕੇ ਹੋਸ਼ ਦੀ ਸ਼ਾਂਤ ਪਧਰਾਈ ਤੇ ਆਉਣਾ, ਇਉਂ ਮਹਿਸੂਸ ਹੋਵੇਗਾ, ਜਿਵੇਂ ਹਥਿਆਰ ਹੀ ਸੁੱਟ ਦਿੱਤੇ । ਪਰ ਨਹੀਂ, ਲੰਮੀ ਦਰਿਸ਼ਟੀ ਤੋਂ ਇਸ ਦੇ ਨਤੀਜੇ ਦੂਰ ਰਸ ਤੇ ਸਹੀ ਨਿਕਲਣਗੇ । ਸ਼ਾਂਤ ਸੋਚ ਹਮੇਸ਼ਾ ਸ਼ਕਤੀ ਹੈ । ਗੰਭੀਰਤਾ ਤੇ ਸੰਜੀਦਗੀ ਸਮੁੰਦਰ ਵਰਗੀਆਂ ਗਹਿਰੀਆਂ ਹੁੰਦੀਆਂ ਹਨ । ਅਵੇਸਲੇ ਹੋਣ ਦੀ ਲੋੜ ਨਹੀਂ, ਜ਼ੁਲਮ ਦੀ ਸ਼ਮਾਹ ਆਪਣੇ ਆਪ ਨਹੀਂ ਬੁਝ ਜਾਵੇਗੀ । ਇਸ ਨੂੰ ਬੁਝਾਉਣਾ ਭੰਭਟਾਂ ਨੂੰ ਹੀ ਪੈਣਾ ਹੈ । ਵਾਰੀ ਵਾਰੀ ਪਰ ਸਾੜਨ ਦਾ ਲਾਭ ਹਮੇਸ਼ਾ ਮੁਸਕਾਂਦੀ ਸ਼ਮਾਹ ਨੂੰ ਜਾਂਦਾ ਹੈ । ਇਹਨਾਂ ਆਪਹੁਦਰੇ ਪਤੰਗਿਆਂ ਨੂੰ ਬੁਨਿਆਦੀ ਸਮੱਸਿਆਵਾਂ ਬਾਰੇ ਸਕੂਲ ਦੇਣ ਦੀ ਲੋੜ ਹੈ । ਯਾਦ ਰਹੇ ਕੌਮ ਦੀ ਸੋਨਾ ਸ਼ਕਤੀ ਇਹ ਪਤੰਗੇ ਹੀ ਹਨ । ਅਲਫ ਤੋਂ ਯੇ ਤਕ ਇਤਿਹਾਸ ਪੜ੍ਹਾਓ । ਦੁਸ਼ਮਣ ਤੇ ਸਾਥੀ ਮਿੱਤਰ ਦਾ ਫਰਕ ਜਾਣਿਆ ਜਾਵੇ । ਅੰਦਰੂਨੀ ਖੁਦ-ਮੁਖਤਿਆਰੀ ਦੇ ਹੋਰ ਇੱਛਕ-ਅਸ਼ਕ ਭਾਲੇ ਜਾਣ । ਉਹਨਾਂ ਨਾਲ ਕੌਮਾਂ ਦੀਆਂ ਕਿਸਮਤਾਂ ਦੇ ਪੱਕੇ ਫੈਸਲੇ ਕਰਨ ਵਾਲੀਆਂ ਯਾਰੀਆਂ ਗੰਢੀਆਂ ਜਾਣ । ਘਟ-ਗਿਣਤੀਆਂ ਦਾ ਵਿਸ਼ਾਲ ਏਕਾ ਉਸਾਰਿਆ ਜਾਵੇ । ਜ਼ਾਤਪਾਤ ਤੋੜੂ ਮੁਹਾਜ਼ ਖੋਲ੍ਹਿਆ ਜਾਵੇ । ਫਿਰਕੂ ਰਾਜ ਤੇ ਬ੍ਰਾਹਮਣਵਾਦ ਦੀ ਲਾਹਨਤ ਸਮੁੱਚੇ ਦੇਸ ਵਿਚੋਂ ਭੱਜ ਖਲੋਵੇਗੀ । ਆਪ ਵੀ ਸੁਤੰਤਰ ਹੋਵੋ ਤੇ ਆਰਥਿਕ ਪੱਖੋਂ ਕਮਜ਼ੋਰ ਸ੍ਰੇਣੀਆਂ ਦੀ ਵੀ ਕਲਿਆਣ ਕਰੋ । ਇਹ ਹੈ ਸਮੁੱਚੀ ਆਜ਼ਾਦੀ ਦਾ ਰਾਹ । ਜੇ ਸਾਮਰਾਜ ਨਸਾਇਆ ਜਾ ਸਕਦਾ ਹੈ, ਅੰਦਰੋਂ ਖੋਖਲੀ ਸਰਮਾਏਦਾਰੀ ਤੋਂ ਨਜ਼ਾਤ ਪਾਉਣੀ ਕੋਈ ਔਖੀ ਨਹੀਂ । ਜਿਹੜੀ ਤੁਹਾਨੂੰ ਭਰਾਵਾਂ ਨੂੰ ਹੀ ਲੜਾ ਲੜਾ ਲੁੱਟਦੀ ਤੇ ਰਾਜ ਕਰ ਰਹੀ ਹੈ ।

ਜੰਜ ਚੜਨ, ਤੋਂ ਪਹਿਲਾਂ ਸਾਇੰਸ ਦੀ ਸੂਝ ਦਾ ਵਟਨਾ ਮਲਣਾ ਜ਼ਰੂਰੀ ਹੈ, ਇਹ ਜਦੋ ਜਿਹਦ ਬਦਲੇ ਦੀ ਭਾਵਨਾ ਨਾਲ ਨਹੀਂ, (ਬਦਲੇ ਦੀ ਭਾਵਨਾ ਵਿਚ ਜਜ਼ਬਾਤੀ ਰਲਾ ਹੁੰਦਾ ਹੈ) ਨਸ਼ਾਨੇ ਦੀ ਪ੍ਰਾਪਤੀ ਲਈ ਸ਼ੁਰੂ ਕਰਨੀ ਚਾਹੀਦੀ ਹੈ। ਕੌਮ ਦੇ ਇਕ ਇਕ ਬੰਦੇ ਕੋਲ ਪਹੁੰਚ ਕੀਤੀ ਜਾਵੇ। ਨਸ਼ਾਨਾ ਸਮਝਾਉਣ ਦੇ ਨਾਲ ਉਸਤੋਂ ਪ੍ਰਾਪਤੀ ਲਈ ਰਾਇ ਪੁੱਛੀ ਜਾਵੇ। ਉਹ ਜਿਸ ਤਰ੍ਹਾਂ ਦਾ ਵੀ ਮੁਹਿੰਮ ਵਿਚ ਹਿੱਸਾ ਪਾਵੇ, ਪਰਵਾਨ ਕਰੋ। ਕੋਈ ਮਜ਼ਬੂਰੀ ਨਾ ਡਾਹੋ। ਬਾਰ ਬਾਰ ਪਹੁੰਚ ਕਰੋ। ਹਰ ਸਖਸ਼ ਤੁਹਾਈ ਸਾਰਥਿਕ ਜਦੋਜਿਹਦ ਨਾਲ ਜੁੜਨਾ ਚਾਹੀਦਾ ਹੈ, ਭਾਵੇਂ ਉਹ ਜ਼ਬਾਨੀ ਹੁੰਗਾਰਾ ਹੀ ਦੇਵੇ। ਉਸਦੀ ਸ਼ਰਧਾ ਜਿੱਤਣਾ ਕੌਮੀ ਤਹਿਰੀਕ ਨੂੰ ਮਜ਼ਬੂਤੀ ਪਰਦਾਨ ਕਰੇਗਾ। ਇਸਤਰ੍ਹਾਂ ਉਹ ਕੌਮੀ ਲਹਿਰ ਨਾਲ ਵਚਨ ਵਧ ਹੋਵੇਗਾ। ਜੁੜਨ ਦਾ ਪਰਨ ਪਹਿਲੀ ਕਾਮਯਾਬੀ ਹੁੰਦੀ ਹੈ, ਫਿਰ ਲਹਿਰ ਵਿਚ ਜੁੜੇ ਵਰਗਾਂ ਦੀਆਂ ਜਮਾਤਾਂ ਬਣਾਓ। ਹਰ ਕੰਮ ਹਰ ਵਰਕਰ ਨਹੀਂ ਕਰ ਸਕਦਾ, ਕੰਮ ਉਸ ਨੂੰ ਉਸਦੀ ਲਿਆਕਤ ਤੇ ਸ਼ੌਕ ਨੂੰ ਮੁਖ ਰਖਕੇ ਦੇਵੋ। ਹਰ ਕੰਮ, ਤੇ ਨਿੱਤ ਦੇ ਵਰਤੋਂ ਵਿਹਾਰ ਵਿਚ ਤਰਤੀਬ ਤੇ ਨੇਮਬਧਤਾ, ਇਕ ਤਰ੍ਹਾਂ ਰਹਿਤ ਬਣਨੀ ਚਾਹੀਦੀ ਹੈ। ਨੇਕਨੀਅਤੀ ਨਾਲ ਧਰਤੀ ਦੀ ਸੜਦੀ ਹਿੱਕ ਤੇ ਡਿੱਗਿਆ ਇਕ ਕਤਰਾ ਹੜ੍ਹ ਵਗਾ ਸਕਦਾ ਹੈ। ਤਰਤੀਬ, ਵਗਿਆਨਕ ਸੂਝ ਤੇ ਏਕਤਾ ਦੇ ਅੰਮ੍ਰਿਤ ਬਿਨਾ ਮਰਜੀਵੜਿਆਂ ਦਾ ਦਲ ਤਿਆਰ ਨਹੀਂ ਹੋਣਾ ਤੇ ਮਰਜੀਵੜਿਆਂ ਦੀ ਫੌਜ ਬਿਨਾ, ਮੁਕਤੀ ਨਹੀਂ ਮਿਲਣੀ। ਸਹਿਜ ਆਪੇ ਵਿਚ ਸੂਝ ਦਾ ਸਾਗਰ ਹੁੰਦਾ ਹੈ ਤੇ ਸਬਰ ਦੀਆ ਬਾਹਾਂ ਨਿਰੀਆ ਲੰਮੀਆਂ ਹੀ ਨਹੀਂ, ਮਜ਼ਬੂਤ ਵੀ ਹੁੰਦੀਆਂ ਹਨ। ਨਿਰੇ ਬਾਹਾਂ ਦੇ ਬਲਾਂ ਦੀ ਹੀ ਨਹੀਂ, ਤੁਹਾਨੂੰ ਤਾਂ ਕਈ ਪਰਕਾਰ ਦੇ ਬਲਾਂ ਦੀ ਲੋੜ ਹੈ, ਤੇ ਰਹੇਗੀ। ਖੱਡਾਂ ਬਹੁਤੀਆਂ ਬੰਦ ਕਰਨ ਲਈ ਮਸਾਲਾ ਥੋੜਾ। ਇਸ ਲਈ ਕਾਹਲੀ ਨਾ ਕਰੋ। ਕਦਮ ਓਨੇ ਹੀ ਅਗੇ ਵਧਾਓ, ਮੁੜ ਪਰਤਾਉਣੇ ਨਾ ਪੈਣ। ਕੱਚੇ ਫੋੜੇ ਫਿਹਣ ਵਾਲਿਆਂ ਦੇ ਤਜਰਬੇ ਤੋਂ ਹੀ ਸਿਖੋ। ਸਿਖਣ ਵਾਲੇ ਹੀ ਹਾਰਾਂ ਨੂੰ ਜਿੱਤਾਂ ਵਿਚ ਬਦਲਦੇ ਹਨ। ਤੁਹਾਡੇ ਸਾਹਮਣੇ ਪਹਾੜ ਕੰਮ ਹਨ। ਸਿਖਣ ਵਾਲਾ ਹੀ ਸਚਿਆਰਾ ਸਿਖ ਬਣਦਾ ਹੈ।

ਕੌਮ ਦੀ ਬੁਨਿਆਦ ਹੀ ਸਿਖਣ ਤੋਂ ਪਈ ਹੈ। ਸੋ ਸਿਖਣਾ, ਪੜ੍ਹਨਾ, ਤਿਆਰ ਹੋਣਾ ਤੇ ਦੁਸ਼ਮਣ ਦੀ ਖਸਲਤ ਨੂੰ ਪਛਾਨਣਾ ਤੁਹਾਡੇ ਲਈ ਪਾਸ ਕਰਨ ਵਾਲੀਆਂ ਜਮਾਤਾਂ ਹਨ। ਸਮੇਂ ਦੀ ਵੱਤ, ਕਿਸ ਦੌਰ ਵਿਚੋਂ ਲੰਘ ਰਹੀ ਹੈ, ਵਰੋਧੀ ਕਿਸ ਸਮੱਸਿਆ ਵਿਚ ਉਲਝਿਆ ਹੈ। ਇਹਨਾਂ ਸਾਰੇ ਪੱਖਾਂ ਤੇ ਹਾਵੀ ਹੋਣਾ ਪਵੇਗਾ।

ਸਾਡੀ ਮੰਜ਼ਲ, ਅੰਦਰੂਨੀ ਖੁਦ ਮੁਖਤਿਆਰੀ, ਜਿਹੜੀ ਸਾਂਝੀਵਾਲਤਾ ਦੀ ਜ਼ਾਮਨ ਹੋਵੇ। ਸਾਂਝੀਵਾਲਤਾ ਗੁਰਬਾਣੀ ਦਾ ਸੰਕੇਤ ਹੈ। ਜਿਸ ਤੋਂ ਕੋਈ ਸਿਖ ਭੱਜਣਾ ਚਾਹੇ ਤਾਂ ਵੀ ਭੱਜ ਨਹੀਂ ਸਕਦਾ। ਭੱਜੇ ਤਾਂ ਗੁਰੂ ਦਾ ਸਿਖ ਨਹੀਂ। ਪੰਥ ਦੇ ਰਾਜ ਦਾ ਮਤਲਬ, ਸਰਬਤ ਦੇ ਭਲੇ ਦਾ ਸਾਂਝਾ ਰਾਜ। ਜਿਸ ਵਿਚ ਸਭ ਦੇ ਹੱਕ ਬਰਾਬਰ ਕੋਈ ਸ਼ਰੀਕਾ ਨਹੀਂ, ਨਫਰਤ ਨਹੀਂ, ਇਨਾ ਜ਼ਾਤ, ਉਚ ਨੀਚ, ਸਭ ਲਈ ਸਮਾਨ। ਤਰੱਕੀ ਦੇ ਮੌਕੇ ਸਭ ਲਈ ਇਕੋ ਜਿਹੇ। ਪਿੱਛੇ ਰਹਿ ਖਲੋਤਿਆਂ ਨੂੰ ਪਹਿਲਾਂ ਸਾਵੇ ਕਰਨਾ। ਸਭ ਦੇ ਭੁਲੇਖੇ ਨਵਿਰਤ। ਲੁਟੇ ਜਾਣ ਵਾਲਿਆਂ ਨੂੰ ਮੋਢਾ ਤੇ ਲੁੱਟਣ ਵਾਲਿਆਂ ਨੂੰ ਸਟੀਲ ਦੀ ਨੱਥ, ਵਰੋਧੀ ਪ੍ਰਾਪੇਗੰਡੇ ਦਾ ਮੂੰਹ ਬੰਦ ਕਰਨ ਲਈ ਆਪਣੇ ਉਦੇਸ਼ ਲੋਕਾਂ ਵਿਚ ਪਰਚਾਰੋ; ਤਾਂ ਜੋ ਗਲਤ ਫਹਿਮੀ ਜੰਮੇ ਹੀ ਨਾ।

ਕੌਮੀ ਤੇ ਕੌਮਾਂਤਰੀ ਪੱਧਰ ਤੇ ਦੋ ਕਨਵੈਨਸ਼ਨਾਂ ਕੀਤੀਆਂ ਜਾਣ, ਪਹਿਲੀ ਲੰਡਨ ਤੇ ਦੂਜੀ ਦਿਲੀ ਵਿਚ। ਪਰਦੇਸ਼ ਕੀਤੀ ਜਾਣ ਵਾਲੀ ਕਨਵੈਨਸਨ ਵਿਚ ਸ੍ਰ. ਗੰਗਾ ਸਿੰਘ ਢਿੱਲੋਂ ਵਰਗੀਆਂ ਪ੍ਰਸਿੱਧ ਸ਼ਖਸੀਅਤਾਂ ਨੂੰ ਬੁਲਾਇਆ ਜਾਵੇ, ਜਿਸ ਕਦੇ ਖਾਲਸਤਾਨ ਨਹੀਂ ਮੰਗਿਆ, ਦੇਸ਼ ਦੀ ਏਕਤਾ ਨਾਲ ਅਨੰਦਪੁਰ ਮਤੇ ਦਾ ਜ਼ਬਰਸਤ ਹਮਾਇਤੀ ਰਿਹਾ ਹੈ। ਹੋਰ ਵੀ ਜਾਣੇ ਪਛਾਣੇ ਗੁਰਮੁਖਾਂ ਨੂੰ ਸੱਦਿਆ ਜਾਵੇ। ਕਨਵੈਨਸ਼ਨ ਵਿਚ ਸਿਖਾਂ ਦੀ ਪੋਜ਼ੀਸ਼ਨ ਤੇ ਮੰਗ ਨੂੰ ਕੌਮਾਂਤਰੀ ਪੱਧਰ ਤੇ ਸਾਫ ਕੀਤਾ ਜਾਵੇ ਤੇ ਹਿੰਦੋਸਤਾਨ ਦੇ ਫਿਰਕੂ ਪ੍ਰੈਸ ਦੇ ਵੱਡੇ ਪੈਮਾਨੇ ਤੇ ਪਾਏ ਭੁਲੇਖੇ ਦੂਰ ਕੀਤੇ ਜਾਣ, ਇਉਂ ਕਨਵੈਨਸ਼ਨ ਬਾਹਰ ਬੈਠੇ ਸਾਰੇ ਸਿਖਾਂ ਤੇ ਪੰਜਾਬੀਆਂ ਨੂੰ ਜੋੜੇਗੀ ਤੇ ਕੌਮ ਮਜ਼ਬੂਤ ਸਟੈਂਡ ਨਾਲ ਅਗੇ ਵਧੇਗੀ। ਦਿੱਲੀ ਵਾਲੀ ਕਨਵੈਨਸ਼ਨ ਵਿਚ ਦੱਖਣੀ ਰਾਜਾਂ ਨਾਲ ਕਸ਼ਮੀਰ, ਬੰਗਾਲ ਤੇ ਪੂਰਬੀ ਰਾਜਾਂ ਦੇ ਭੁਲੇਖੇ ਮਿਟਾਏ ਜਾਣ। ਸਪਸ਼ਟ ਕੀਤਾ ਜਾਵੇ, ਅਸੀਂ ਦੇਸ਼ ਦੀ ਏਕਤਾ ਦੇ

ਪੂਰੇ ਪੂਰੇ ਹਮਾਇਤੀ ਆਂ; ਪਰ ਸਭ ਰਾਜਾਂ ਲਈ ਵਧ ਅਧਿਕਾਰਾਂ ਵਾਲੀ ਖ਼ੁਦ-ਮੁਖਤਾਰੀ ਚਾਹੁੰਦੇ ਆਂ। ਕਿਸੇ ਰਾਜ ਨੂੰ ਵਧ ਅਧਿਕਾਰ ਨਹੀਂ ਚਾਹੀਦੇ, ਉਹਦੀ ਮਰਜ਼ੀ, ਪਰ ਵਧ ਅਧਿਕਾਰਾਂ ਬਿਨਾ ਸਾਡੀ ਹਸਤੀ ਖਤਰੇ ਵਿਚ ਪਈ ਹੋਈ ਹੈ। ਜਿਨ੍ਹਾਂ ਰਾਜਾਂ ਦੀ ਸੈਂਟਰ ਵਿਚ ਬਹੁ-ਗਿਣਤੀ ਹੈ, ਉਹ ਸਾਰੇ ਭਾਰਤ ਦੇ ਅਧਿਕਾਰ ਮਨ ਮਰਜ਼ੀ ਨਾਲ ਵਰਤ ਰਹੇ ਹਨ। ਇਹ ਕਿਸ ਤਰ੍ਹਾਂ ਦੀ ਡੈਮੋਕਰੇਸੀ ਹੈ ਕਿ ਪਿਛਲੇ ਚਾਲੀ ਸਾਲਾਂ ਤੋਂ ਇਕ ਹੀ ਸੂਬੇ ਦਾ ਪ੍ਰਾਈਮਨਿਸਟਰ ਬਣਦਾ ਆ ਰਿਹਾ ਹੈ, ਉਹ ਵੀ ਇੱਕ ਹੀ ਖਾਨਦਾਨ ਦਾ। ਡੈਮੋਕਰੇਸੀ ਤੇ ਜੱਦੀ ਵਰਾਸਤ ਵਿਚ ਫਰਕ ਹੁੰਦਾ ਹੈ। ਕਨਵੈਨਸ਼ਨ ਵਿਚ ਵਧ ਅਧਿਕਾਰ ਚਾਹੁਣ ਵਾਲੇ ਰਾਜਾਂ ਦੇ ਵਿਸ਼ਾਲ ਏਕੇ ਦਾ ਸੱਦਾ ਦਿੱਤਾ ਜਾਵੇ। ਮੇਰਾ ਵਿਸ਼ਵਾਸ ਹੈ, ਦੋਵੇਂ ਕਨਵੈਨਸ਼ਨਾਂ ਕੌਮੀ ਤੇ ਕੌਮਾਂਤਰੀ ਪੱਧਰ ਤੇ ਫਿਰਕੂ ਰਾਜ ਦੇ ਪੈਰ ਹਲਾ ਦੇਣਗੀਆਂ। ਇਉਂ ਫਿਜ਼ਾ ਸਾਫ ਕਰਨ ਨਾਲ ਕੌਮੀ ਤੇ ਕੌਮਾਂਤਰੀ ਪੱਧਰ ਤੇ ਭੁਲੇਖੇ ਪਾਉਣ ਵਾਲਾ ਸਰਕਾਰੀ ਝਰਲੂ ਠੁੱਸ ਹੋ ਜਾਵੇਗਾ। ਭਾਵੇਂ ਇਹ ਵੱਡਾ ਉਦਮ ਐ, ਪਰ ਫਿਰਕੂ ਰਾਜ ਦੀਆਂ ਨੀਹਾਂ ਹਲਾਉਣ ਲਈ ਤਾਂ ਇਹ ਕਰਨਾ ਹੀ ਪੈਣਾ ਹੈ। ਸਿਖ ਭਾਵੇਂ ਕਿੰਨੇ ਹੀ ਬਹਾਦਰ ਹਨ, ਇਹਨਾਂ ਨੂੰ ਸਾਥੀ ਹਿਤਾਂ ਵਾਲੇ ਰਾਜਾਂ ਦੀ ਸਹਾਇਤਾ ਲੈਣੀ ਹੀ ਚਾਹੀਦੀ ਹੈ। ਭਰਮ ਭੁਲੇਖੇ ਦੂਰ ਹੋਣ ਪਿਛੋਂ, ਕੌਮਾਂਤਰੀ ਪੱਖੋਂ ਇਖਲਾਕੀ ਮਦਦ ਵੀ ਮਿਲੇਗੀ।

ਹਾਲੇ, ਮੰਜ਼ਲ ਦੇ ਨਿਰਣੇ ਪਿਛੋਂ; ਲੰਮੀ ਤਿਆਰੀ ਵਿਡਣੀ ਚਾਹੀਦੀ ਹੈ। ਦਮਗਜੇਵਾਲੇ ਬਿਆਨਾਂ ਦੀ ਬੌਖਲਾਹਟ, ਥੋਥਾ ਚਨਾ ਬਾਜੇ ਘਣਾ। ਯਾਦ ਰਹੇ, ਗੱਜਣਾ ਨਿਰੀ ਬਕਵਾਸ ਹੀ ਨਹੀਂ, ਵਰੋਧੀ ਨੂੰ ਖਬਰਦਾਰ ਤੇ ਲੈਸ ਵੀ ਕਰਦਾ ਹੈ। ਖਾਮੋਸ਼ੀ, ਸ਼ਕਤੀ ਨੂੰ ਜੋੜਦੀ ਤੇ ਜਮਾਂਹ ਵੀ ਕਰਦੀ ਹੈ। ਭਰੜ ਭਾਂਡੇ ਸਵਾਰਦੇ ਘਟ ਤੇ ਵਿਗਾੜਦੇ ਬਹੁਤਾ ਐ। ਹੌਲੀ ਹੌਲੀ ਤਜਰਬੇ ਨਾਲ ਨਾਲ ਅਗਵਾਈ ਵਾਲੀ ਸੂਝ, ਮੌਲਿਕਤਾ ਦਾ ਰੰਗ ਫੜ ਲਵੇਗੀ। ਕਲਿਆਣਕਾਰੀ ਅਗਵਾਈ ਹਮੇਸ਼ਾ ਸਾਂਝੀ ਸੋਚ ਤੇ ਸਾਰਥਕ ਅਮਲ ਵਿਚੋਂ ਉਭਰਦੀ ਰਹੀ ਹੈ। ਸਿਦਕ ਦੀ ਕਸਵੱਟੀ ਹਰ ਵਿਅਕਤੀ ਤੇ ਚਲਣ ਨੂੰ ਹਮੇਸ਼ਾ ਕੌਮੀ ਲੀਹਾਂ ਦੇ ਅਮਲ ਤੇ ਪਰਖ ਦੀ ਹੈ। ਨਸ਼ਾਨੇ ਲਈ ਜਦੋਜਿਹਦ ਲਗਾਤਾਰ ਚਾਲੂ ਰਖੋ। ਦੇਰ ਅਦੇਰ ਸਿੱਟੇ ਤੁਹਾਡੇ ਸਾਹਮਣੇ ਆ ਜਾਣਗੇ। ਸੰਕਟਾਂ ਤੋਂ ਤੁਹਾਡੇ ਪੁਰਖੇ ਘਬਰਾਏ ਨਹੀਂ। ਉਹਨਾਂ ਸਮੱਸਿਆਵਾਂ ਦਾ ਸਾਹਮਣਾ ਖੜੇ ਮੱਥੇ ਕੀਤਾ

ਪੰਜਾਬ ਜਲ ਰਿਹਾ ਹੈ !

ਇਹ ਹੁਣ ਅਸੀਂ ਵੇਖਣਾ ਹੈ ਕਿ ਅਸੀਂ ਕਦ ਤਕ ਮਰਨਾ ਹੈ, ਹੋਰ ਕਿੰਨੀ ਸ਼ਹਾਦਤ ਦੇਣੀ ਹੈ। ਕਦੋਂ ਤਕ ਅਸੀਂ ਆਪਣੇ ਨੌਜਵਾਨਾਂ ਤੋਂ ਆਪਣੇ ਭਾਈ ਮਰਵਾਣੇ ਹਨ ਅਤੇ ਕਦੋਂ ਤਕ ਅਸੀਂ ਫੌਜ ਜਾਂ ਪੁਲਿਸ ਤੋਂ ਆਪਣੇ ਨੌਜਵਾਨ ਮਰਵਾਣੇ ਹਨ ਅਤੇ ਕਦੋਂ ਤਕ ਪੁਲਿਸ ਵਿਚ ਜਾਂ ਫੌਜ ਵਿੱਚ ਭਰਤੀ ਆਪਣੇ ਨੌਜਵਾਨਾਂ ਨੂੰ ਆਪਣੇ ਨੌਜਵਾਨਾਂ ਤੋਂ ਮਰਵਾਣਾ ਹੈ। ਕਦੋਂ ਤੀਕ ਅਸੀਂ ਇਕ ਦੂਜੇ ਦਾ ਗਲਾ ਕੱਟਣਾ ਹੈ ! ਇਹ ਸਭ ਅਸੀਂ ਸੋਚਣਾ ਹੈ। ਕਿਉਂਕਿ ਮਰ ਅਸੀਂ ਰਹੇ ਹਾਂ। ਇਸ ਲਈ ਸਾਨੂੰ ਹੀ ਸੋਚਣਾ ਪਵੇਗਾ। ਸਾਡੇ ਦੁਆਲੇ ਉਸਰਿਆ ਵਿਕਰਿਤ ਢਾਂਚਾ ਸਾਨੂੰ ਹੀ ਬਦਲਣਾ ਪਵੇਗਾ। ਜਜ਼ਬਾਤਾਂ ਨੂੰ ਸਹੀ ਸੇਧ ਦੇਣੀ ਹੋਵੇਗੀ। ਨਹੀਂ ਤਾਂ ਸਦੀਆਂ ਬੱਧੀ ਸ਼ਹਾਦਤ ਦਿੰਦੇ ਰਹਾਂਗੇ.........ਕੋਈ ਅੰਤ ਨਹੀਂ ਹੋਵੇਗਾ।

ਪੰਜਾਬ ਵਿੱਚ ਬਲਦੀ ਅੱਗ ਦੇ ਸਹੀ ਵਿਸ਼ਲੇਸ਼ਣ ਲਈ ਪੜ੍ਹੋ

ਸ਼ਹਾਦਤ

ਲੇਖਕ : ਹਰੀਸ਼ ਜੈਨ

ਮੁੱਲ ਸਜਿਲਦ : 20 ਰੁਪਏ
ਮੁੱਲ ਪੇਪਰ ਬੈਕ : 12 ਰੁਪਏ

ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਸਰਹਿੰਦ



ਰਾਜੀਵ ਜੀ, ਆਪਣੇ ਹੱਕ-ਸੱਚ ਲਈ ਜਦੋਜਹਿਦ ਕਰਕੇ ਅਸੀਂ ਦੇਸ਼ ਨੂੰ ਵਿਖਰਨ ਨਹੀਂ ਦੇਵਾਂਗੇ। ਦੇਸ਼ ਨੂੰ ਅਸਲ ਖ਼ਤਰਾ ਪੰਜਾਬ ਤੋਂ ਨਹੀਂ, ਤੁਹਾਡੇ ਫ਼ਿਰਕੂ ਸਲਾਹਕਾਰਾਂ ਤੋਂ ਹੈ; ਜਿਹੜੇ ਪੰਜਾਬ ਦਾ ਰਾਜਨੀਤਕ ਮਸਲਾ ਜਾਣ ਬੁਝ ਕੇ ਸੁਲਝਣ ਨਹੀਂ ਦੇਂਦੇ। ਸਡੇ ਆਰਥਿਕ ਵਸੀਲਿਆਂ ਦੀ ਸੀਧੀ ਪੁੱਟੀ ਜਾ ਰਹੀ ਹੈ। ਪੰਜਾਬ ਅਤੇ ਸਿੱਖ ਹਮੇਸ਼ਾ ਭਾਰਤ ਦੀ ਹਭੀ ਨਭੀ ਸਹਿੰਦੇ, ਆਜ਼ਾਦੀ ਲਈ ਲਹੂ ਦਿੰਦੇ ਆਏ ਐ। ਪਰ ਸਿੱਖਾਂ ਦੀ ਹੋਂਦ ਖ਼ਤਮ ਕਰਨ ਦੀਆਂ ਵਿਉਂਤਾਂ, ਪਟੇਲ ਤੋਂ ਲੈ ਕੇ ਅੱਜ ਤੱਕ ਜਾਰੀ ਹਨ।

ਤੁਹਾਡੇ ਲੌਂਗੋਵਾਲ ਨਾਲ ਕੀਤੇ ਸਮਝੌਤੇ ਵਿਚ ਮਹਾਤਮਾ ਗਾਂਧੀ ਤੇ ਨਹਿਰੂ ਦੇ ਭਰੋਸਿਆਂ ਵਾਂਗ ਜਾਨ ਨਹੀਂ ਰਹੀ। ਹੁਣ ਤੁਸੀਂ ਹੀ ਦੱਸੋ, ਆਪਣਾ ਬਣਦਾ ਹੱਕ ਲੈਣ ਲਈ ਅਸੀਂ ਕੀ ਰਾਹ ਅਖਤਿਆਰ ਕਰੀਏ।



ਲੋਕਗੀਤ ਪ੍ਰਕਾਸ਼ਨ